# ਪੰਜਾਬੀ ਪਰਵਾਜ਼

Punjabi Parwaz

ਅੰਕ 57ਵਾਂ (ਸ਼ਿਕਾਗੋ): 19 ਜੁਲਾਈ ਤੋਂ 1 ਅਗਸਤ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


### ਪੰਜਾਬ ਅਸੈਂਬਲੀ ਵਿੱਚ

## ਧਾਰਮਿਕ ਗ੍ਰੰਥਾਂ ਦੀ ਬੇਅਦਬੀ ਸੰਬੰਧੀ ਬਿਲ 'ਤੇ ਬਹਿਸ

*ਬਿੱਲ ਪਾਸ ਕਰਨ ਤੋਂ ਪਹਿਲਾਂ ਸਰਕਾਰ ਜਨਤਕ ਚਰਚਾ ਕਰਵਾਉਣ ਲਈ ਤਿਆਰ

*ਆਮ ਆਦਮੀ ਪਾਰਟੀ ਆਗੂ ਤੇ ਕਾਂਗਰਸੀ ਹੋਏ ਮਿਹਣੋ-ਮੇਹਣੀ

**ਪੰਜਾਬੀ ਪਰਵਾਜ਼ ਬਿਊਰੋ**

ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਦੇ ਮਾਮਲੇ ਨੂੰ ਲੈ ਕੇ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਇੱਕ ਬਿੱਲ ਦਾ ਖਰੜਾ ਮੰਗਲਵਾਰ ਨੂੰ ਪੇਸ਼ ਕੀਤਾ ਗਿਆ। ਕੁਝ ਕੁ ਦਿਨ ਪਹਿਲਾਂ ਪੰਜਾਬ ਸਰਕਾਰ ਇਸ ਬਿੱਲ ਨੂੰ ਪੇਸ਼ ਕਰਕੇ ਕਾਹਲੀ ਨਾਲ ਕਾਨੂੰਨ ਬਣਾਉਣ ਦੀ ਇੱਛੁਕ ਸੀ, ਪਰ ਹੁਣ ਸਰਕਾਰ ਇਸ ਬਿੱਲ 'ਤੇ ਵਿਸ਼ਾਲ ਜਨਤਕ ਬਹਿਸ ਕਰਵਾ ਲੈਣਾ ਚਾਹੁੰਦੀ ਹੈ। ਪੰਜਾਬ ਅਸੈਂਬਲੀ ਵਿੱਚ ਇਸ ਸੰਬੰਧ ਵਿੱਚ ਬੋਲਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਬਿਲ 'ਤੇ ਪਹਿਲਾਂ ਪੰਜਾਬ ਦੇ ਸਾਰੇ ਧਰਮਾਂ ਨਾਲ ਸੰਬੰਧਤ ਲੋਕਾਂ ਨੂੰ ਆਪੋ ਆਪਣੇ ਸੁਝਾਅ ਭੇਜਣ ਲਈ ਖਰੜੇ ਨੂੰ ਜਨਤਕ ਕੀਤਾ ਜਾਵੇਗਾ ਅਤੇ ਇਸ ਤੋਂ ਬਾਅਦ ਇਸ ਨੂੰ ਪੰਜਾਬ ਅਸੈਂਬਲੀ ਦੀ ਸਿਲੈਕਟ ਕਮੇਟੀ ਕੋਲ ਵਿਚਾਰ ਕਰਨ ਲਈ ਭੇਜਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਖਰੜੇ 'ਤੇ ਬਹਿਸ ਨੂੰ ਤਿੰਨ ਮਹੀਨੇ ਦੇ ਸਮੇਂ ਵਿੱਚ ਸਮੇਟ ਲਿਆ ਜਾਵੇਗਾ, ਪਰ ਪੰਜਾਬ ਅਸੈਂਬਲੀ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਇਸ ਅਮਲ ਨੂੰ ਸਿਰੇ ਚਾੜ੍ਹਨ ਲਈ ਛੇ ਮਹੀਨੇ ਦਾ ਸਮਾਂ ਰੱਖਣ ਦਾ ਸੁਝਾਅ ਦਿੱਤਾ। ਲਗਦਾ ਹੈ ਕਿ ਮੁੱਖ ਮੰਤਰੀ ਵੱਲੋਂ ਇਸ ਸੁਝਾਅ ਨੂੰ ਪ੍ਰਵਾਨ ਕਰ ਲਿਆ ਜਾਵੇਗਾ।

ਇਸ ਮਸਲੇ 'ਤੇ ਗੱਲ ਕਰਦਿਆਂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਜਾਗਤ ਜੋਤਿ ਗੁਰੂ ਹਨ। ਇਸ ਲਈ ਵਿਸ਼ੇਸ਼ ਕਾਨੂੰਨ ਦੀ ਲੋੜ ਪਏਗੀ। ਉਨ੍ਹਾਂ ਹੋਰ ਕਿਹਾ ਕਿ ਨਵੀਂ ਭਾਰਤੀ ਕਾਨੂੰਨ ਸਹਿੰਤਾ ਅਨੁਸਾਰ ਉਨ੍ਹਾਂ ਦੋਸ਼ੀਆਂ ਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ, ਜਿਹੜੇ ਇਸ ਵਿੱਚ ਚੋਰ ਮੋਰੀਆਂ ਰਾਹੀਂ ਪਹਿਲਾਂ ਹੀ ਨਿਕਲ ਚੁੱਕੇ ਹਨ। ਪੰਜਾਬ ਸਰਕਾਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿੱਚ ਬੀਤੇ ਮੰਗਲਵਾਰ ਪੰਜਾਬ ਅਸੈਂਬਲੀ ਵਿੱਚ ਜਿਹੜੀ ਬਹਿਸ ਹੋਈ, ਉਸ ਵਿੱਚ ਕਾਂਗਰਸੀਆਂ ਅਤੇ 'ਆਪ' ਆਗੂਆਂ ਨੇ ਬਹੁਤਾ ਸਮਾਂ ਇੱਕ ਦੂਜੇ 'ਤੇ ਦੋਸ਼ ਅਤੇ ਪ੍ਰਤੀਦੋਸ਼ ਲਾਏ। ਬੇਦਬੀਆਂ ਅਤੇ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਨਾ ਦੇ ਸਕਣ ਲਈ ਇੱਕ-ਦੂਜੇ ਨੂੰ ਤੋਹਮਤਾਂ ਦਿੱਤੀਆਂ। ਜਲੰਧਰ ਦੱਖਣੀ ਤੋਂ ਪੰਜਾਬ ਅਸੈਂਬਲੀ ਦੇ ਮੈਂਬਰ ਪਰਗਟ ਸਿੰਘ ਨੇ ਕਿਹਾ ਕਿ ਬੀਤੇ 'ਤੇ ਮਿੱਟੀ ਪਾ ਕੇ ਅੱਗੇ ਵਧਣ ਦੀ ਲੋੜ ਹੈ। ਪਹਿਲੀਆਂ ਸਰਕਾਰਾਂ ਤਾਂ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਅਸਫਲ ਰਹੀਆਂ ਹੀ, ਹੁਣ ਵਾਲੇ ਵੀ ਸਾਡੇ ਤਿੰਨ ਸਾਲ ਵਿੱਚ ਕੁਝ ਨਹੀਂ ਕਰ ਸਕੇ।

ਜਾਣਕਾਰਾਂ ਅਨੁਸਾਰ ਇੱਕ ਦਿਨ ਪਹਿਲਾਂ ਪੰਜਾਬ ਦੇ

⇒ ਬਾਕੀ ਸਫਾ 4 ਉਤੇ ਪੜ੍ਹੋ

## ਰਾਹ ਵਿੱਚ ਬੈਠੀ 'ਹੋਣੀ' ਤੰਬੂ ਤਾਣ ਕੇ

### ਮਸ਼ਹੂਰ ਮੈਰਾਥਨ ਦੌੜਾਕ ਫੌਜਾ ਸਿੰਘ ਦੀ ਸੜਕ ਹਾਦਸੇ 'ਚ ਮੌਤ

**ਪੰਜਾਬੀ ਪਰਵਾਜ਼ ਬਿਊਰੋ**



ਮਸ਼ਹੂਰ ਸੀਨੀਅਰ ਸਿੱਖ ਮੈਰਾਥਨ ਦੌੜਾਕ ਫੌਜਾ ਸਿੰਘ ਨਹੀਂ ਰਹੇ। ਉਨ੍ਹਾਂ ਨੂੰ ਬੀਤੇ ਸੋਮਵਾਰ ਆਪਣੇ ਪਿੰਡ ਦੇ ਨੇੜੇ ਹੀ ਜੀ.ਟੀ. ਰੋਡ ਤੋਂ ਪਿੰਡ ਵੱਲ ਸੜਕ ਮੁੜਦਿਆਂ ਕਿਸੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ। ਰਾਹਗੀਰਾਂ ਵੱਲੋਂ ਉਨ੍ਹਾਂ ਨੂੰ ਨੇੜੇ ਦੇ ਇੱਕ ਨਿੱਜੀ ਹਸਪਤਾਲ ਵਿੱਚ ਪਹੁੰਚਾਇਆ ਗਿਆ, ਪਰ ਡਾਕਟਰ ਉਨ੍ਹਾਂ ਨੂੰ ਬਚਾਅ ਨਾ ਸਕੇ। ਫੌਜਾ ਸਿੰਘ ਦੇ ਬੇਟੇ ਹਰਬਿੰਦਰ ਸਿੰਘ ਅਨੁਸਾਰ ਦੁਖਦਾਈ ਸੜਕ ਹਾਦਸਾ ਸੋਮਵਾਰ ਬਾਅਦ ਦੁਪਹਿਰ 3.30 ਵਜੇ ਵਾਪਰਿਆ। ਸ਼ਾਮ 8 ਵਜੇ ਉਨ੍ਹਾਂ ਆਖਰੀ ਸਾਹ ਲਿਆ। ਇਸ ਹਾਦਸੇ ਵਿੱਚ ਉਨ੍ਹਾਂ ਨੂੰ ਗੰਭੀਰ ਸੱਟਾਂ ਲੱਗੀਆਂ। ਉਨ੍ਹਾਂ ਦੀ ਉਮਰ 114 ਸਾਲ ਦੀ ਸੀ ਅਤੇ ਆਪਣੀ ਉਮਰ ਦੇ 101ਵੇਂ ਵਰ੍ਹੇ ਤੱਕ ਉਹ ਮੈਰਾਥਨ ਦੌੜਦੇ ਰਹੇ। ਬਜ਼ੁਰਗ ਦੌੜਾਕ ਦਾ ਜਨਮ ਜਲੰਧਰ ਲਾਗੇ ਪਿੰਡ ਬਿਆਸ ਵਿੱਚ 1 ਅਪ੍ਰੈਲ 1911 ਨੂੰ ਇੱਕ ਕਿਸਾਨ ਪਰਿਵਾਰ ਵਿੱਚ ਹੋਇਆ ਸੀ। ਉਹ ਆਪਣੇ ਭੈਣ-ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ ਅਤੇ ਲੱਤਾਂ ਦੀ ਕਮਜ਼ੋਰੀ ਕਾਰਨ ਛੇ ਸਾਲ ਦੀ ਉਮਰ ਤੱਕ ਤੁਰਨ ਵਿੱਚ ਤਕਲੀਫ ਮਹਿਸੂਸ ਕਰਦੇ ਰਹੇ ਸਨ।

ਫੌਜਾ ਸਿੰਘ ਆਪਣੀ ਪਤਨੀ ਗਿਆਨ ਕੌਰ ਦੀ ਮੌਤ ਤੋਂ ਬਾਅਦ ਆਪਣੇ ਇੱਕ ਬੇਟੇ ਕੋਲ ਪੂਰਬੀ ਲੰਡਨ ਦੇ ਇਲਫੋਰਡ ਵਿੱਚ ਜਾ ਵੱਸੇ ਸਨ। ਉਨ੍ਹਾਂ ਦੇ ਦੋ ਬੇਟੇ ਪਿੰਡ ਬਿਆਸ ਵਿੱਚ ਹੀ ਰਹਿੰਦੇ ਹਨ। ਬੀਤੇ ਕਈ ਵਰ੍ਹਿਆਂ ਤੋਂ ਉਹ ਆਪਣੇ ਜੱਦੀ ਪਿੰਡ ਬਿਆਸ ਰਹਿਣ ਲੱਗ ਪਏ ਸਨ।

ਫੌਜਾ ਸਿੰਘ ਨੇ 83 ਸਾਲ ਦੀ ਉਮਰ ਵਿੱਚ ਦੌੜਨਾ ਸ਼ੁਰੂ ਕੀਤਾ। ਆਪਣੇ ਸੰਪੂਰਨ ਸਿੱਖੀ ਸਰੂਪ ਕਾਰਨ ਤੇਜ਼ੀ ਨਾਲ ਮਸ਼ਹੂਰ ਹੋ ਗਏ। ਫੌਜਾ ਸਿੰਘ ਨੇ ਆਪਣੀ ਪਹਿਲੀ ਮੈਰਾਥਨ ਸਾਲ 2000 ਵਿੱਚ ਜਿੱਤੀ। ਇਹ ਦੌੜ ਉਨ੍ਹਾਂ 6 ਘੰਟੇ 54 ਮਿੰਟ ਵਿੱਚ ਪੂਰੀ ਕੀਤੀ। 90 ਸਾਲ ਤੋਂ ਉਪਰ ਦੇ ਮੈਰਾਥਨ ਦੌੜਾਕਾਂ ਦੀ ਦੌੜ ਦੇ ਪਹਿਲੇ ਰਿਕਾਰਡ ਨਾਲੋਂ

⇒ ਬਾਕੀ ਸਫਾ 4 ਉਤੇ ਪੜ੍ਹੋ










# ਇੰਡੀਅਨਐਪੋਲਿਸ ਦਾ ਤੀਆਂ ਦਾ ਮੇਲਾ ਵਿਲੱਖਣ ਹੋ ਨਿਬੜਿਆ

## *ਪ੍ਰੋ. ਬਲਵਿੰਦਰ ਕੌਰ ਬਰਾੜ ਨਾਲ ਮਿਲਣੀ ਬੀਬੀਆਂ ਨੂੰ ਚਿਰ ਤੱਕ ਯਾਦ ਰਹੂ

**ਇੰਡੀਅਨਐਪੋਲਿਸ, ਇੰਡੀਆਨਾ:** ਇੱਥੋਂ ਦੀਆਂ ਕੁੜੀਆਂ/ਬੀਬੀਆਂ- ਅਮਰਜੀਤ ਮਾਂਗਟ, ਸਿਮਰਨ ਚੀਮਾ, ਅਮਨਦੀਪ ਸਿੱਧੂ ਅਤੇ ਸੁਖਦਿਲਪ੍ਰੀਤ ਕੌਰ ਬਰਾੜ ਵੱਲੋਂ ਕਰਵਾਇਆ ਗਿਆ ਤੀਆਂ ਦਾ ਮੇਲਾ ਬਹੁਤ ਵਿਲੱਖਣ ਹੋ ਨਿਬੜਿਆ। ਮੈਡਮ ਬਲਵਿੰਦਰ ਕੌਰ ਬਰਾੜ ਦੀ ਮੌਜੂਦਗੀ ਨੇ ਤੀਆਂ ਦੇ ਇਸ ਮੌਕੇ ਨੂੰ ਕੁੜੀਆਂ ਲਈ ਪੇਕੇ ਘਰ ਤੀਆਂ ਮਨਾਉਣ ਦਾ ਅਹਿਸਾਸ ਕਰਵਾ ਦਿੱਤਾ। ਕੁੜੀਆਂ ਕਹਿ ਰਹੀਆਂ ਸਨ ਕਿ ਇਉਂ ਲੱਗਦਾ ਹੈ, ਜਿਵੇਂ ਅਸੀਂ ਆਪਣੇ ਪੇਕੇ ਘਰ ਤੀਆਂ ਮਨਾਉਣ ਆਈਆਂ ਹੋਈਏ।





ਜਿੱਥੇ ਇਸ ਮੇਲੇ ਦੇ ਵਿੱਚ ਛੋਟੀਆਂ ਛੋਟੀਆਂ ਕੁੜੀਆਂ ਨੇ ਵਿਅਕਤੀਗਤ ਪੇਸ਼ਕਾਰੀ ਰਾਹੀਂ ਬਹੁਤ ਸ਼ਾਬਾਸ਼ ਖੱਟੀ, ਉੱਥੇ ਵੱਡੀ ਉਮਰ ਦੀਆਂ ਬੀਬੀਆਂ ਦਾ ਗਿੱਧਾ, ਸਾਰੀਆਂ ਆਈਆਂ ਹੋਈਆਂ ਦਰਸ਼ਕ ਬੀਬੀਆਂ ਵੱਲੋਂ ਬਹੁਤ ਪਸੰਦ ਕੀਤਾ ਗਿਆ। ਛੋਟੀ ਉਮਰ ਦੀ ਬੱਚੀ 'ਸਾਵੀ' ਨੇ ਕੈਂਸਰ ਵਰਗੀ ਨਾ ਮੁਰਾਦ ਬਿਮਾਰੀ ਦੇ ਉੱਪਰ ਜਿੱਤ ਹਾਸਲ ਕੀਤੀ ਹੈ। ਉਸ ਨੇ ਵਿਅਕਤੀਗਤ ਡਾਂਸ ਦੀ ਸ਼ਾਨਦਾਰ ਪੇਸ਼ਕਾਰੀ ਕਰਕੇ ਦਰਸ਼ਕਾਂ ਦਾ ਬਹੁਤ ਪਿਆਰ ਖੱਟਿਆ। ਵਿਅਕਤੀਗਤ ਪੇਸ਼ਕਾਰੀਆਂ ਦੇ ਵਿੱਚ ਛੋਟੀ ਉਮਰ ਦੀਆਂ ਕੁੜੀਆਂ ਦੀ ਗਿਣਤੀ ਜ਼ਿਆਦਾ ਸੀ। ਪ੍ਰੋਗਰਾਮ ਦੇ ਵਿੱਚ ਮਨੋਰੰਜਨ ਦੀ ਹਰ ਵੰਨਗੀ ਮੌਜੂਦ ਸੀ। ਲੜਕੀਆਂ ਨੇ ਗੀਤ ਗਾਏ, ਡਾਂਸ ਕੀਤਾ, ਸਕਿੱਟ ਪੇਸ਼ ਕੀਤੀ ਅਤੇ ਫਿਊਜ਼ਨ ਭੰਗੜਾ ਵੀ ਪਾਇਆ।

ਅੱਲ੍ਹੜ ਮੁਟਿਆਰਾਂ ਦਾ ਗਿੱਧਾ ਜਿੱਥੇ ਆਪਣੇ ਬਹੁਤ ਖ਼ੂਬਸੂਰਤ ਪਹਿਰਾਵੇ ਕਰਕੇ ਬਹੁਤ ਦਿਲ ਖਿੱਚਵਾਂ ਸੀ, ਉੱਥੇ ਉਨ੍ਹਾਂ ਕੁੜੀਆਂ ਦੇ ਚੁਸਤ ਤੇ ਫਰਤੀਲੀਆਂ ਆਦਾਵਾਂ ਨੇ ਉਸ ਗਿੱਧੇ ਨੂੰ ਬਹੁਤ ਸ਼ਾਨਦਾਰ ਪੇਸ਼ਕਸ਼ ਦੇ ਰੂਪ ਵਿੱਚ ਬਦਲ ਦਿੱਤਾ। ਮਾਵਾਂ-ਧੀਆਂ ਦੇ ਗਿੱਧੇ ਵਿੱਚ ਮਾਵਾਂ-ਧੀਆਂ ਨੇ ਰਲ-ਮਿਲ ਕੇ ਐਸੀ ਪੇਸ਼ਕਾਰੀ ਕੀਤੀ ਕਿ ਦਰਸ਼ਕ ਵਾਰ ਵਾਰ ਤਾੜੀਆਂ ਮਾਰ ਰਹੇ ਸਨ। ਇਸ ਪੇਸ਼ਕਾਰੀ ਦੇ ਵਿੱਚ ਮਾਵਾਂ ਨੇ ਧੀਆਂ ਨੂੰ ਖ਼ੂਬ ਟੱਕਰ ਦਿੱਤੀ।



ਪ੍ਰੋਫੈਸਰ ਬਲਵਿੰਦਰ ਕੌਰ ਬਰਾੜ ਨੇ ਅੱਧਾ ਘੰਟਾ ਸਟੇਜ 'ਤੇ ਬਹਿ ਕੇ ਦਰਸ਼ਕ ਕੁੜੀਆਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਬਹੁਤ ਸੁਲਝੇ ਹੋਏ ਤਰੀਕੇ ਨਾਲ ਜਵਾਬ ਦਿੱਤੇ। ਸਾਰੀਆਂ ਕੁੜੀਆਂ ਨੂੰ ਬੀਬੀ ਬਰਾੜ ਦੇ ਨਾਲ ਗੱਲਬਾਤ ਕਰਕੇ ਬਹੁਤ ਤਸੱਲੀ ਦਾ ਅਨੁਭਵ ਹੋਇਆ। ਬਹੁਤ ਸਾਰੀ ਕੁੜੀਆਂ ਨੇ ਉਨ੍ਹਾਂ ਨਾਲ ਫੋਟੋਆਂ ਖਿਚਵਾਈਆਂ ਅਤੇ ਆਪਣੇ ਫੋਨ ਨੰਬਰ ਵੀ ਅਦਾਨ-ਪ੍ਰਦਾਨ ਕੀਤੇ। ਉਹ ਉਨ੍ਹਾਂ ਦੇ ਨਾਲ ਬਹੁਤ ਸਹਿਜ ਦੇ ਵਿੱਚ ਗੱਲਬਾਤ ਕਰ ਰਹੀਆਂ ਸਨ। ਇਸ ਮੌਕੇ ਪ੍ਰੋਫੈਸਰ ਬਲਵਿੰਦਰ ਕੌਰ ਬਰਾੜ ਨੇ ਕਿਹਾ ਕਿ ਉਨ੍ਹਾਂ ਨੂੰ ਇੱਥੋਂ ਸਾਰੀਆਂ ਬੀਬੀਆਂ ਦੇ ਵੱਲੋਂ ਬਹੁਤ ਪਿਆਰ, ਸਤਿਕਾਰ ਅਤੇ ਆਪਣਾਪਣ ਮਿਲਿਆ ਹੈ।

ਕੁੱਲ ਮਿਲਾ ਕੇ ਗਰੀਨਵੁਡ ਦੀਆਂ ਬੀਬੀਆਂ ਦਾ ਤੀਆਂ ਕਰਵਾਉਣ ਦਾ ਇਹ ਉਪਰਾਲਾ ਬਹੁਤ ਵਧੀਆ ਰਿਹਾ। ਦਰਸ਼ਕਾਂ ਨੇ ਗੋਲਗੱਪੇ ਅਤੇ ਆਲੂ ਟਿੱਕੀਆਂ ਦਾ ਸੁਆਦ ਵੀ ਮਾਣਿਆ। ਰੇਡੀਮੇਡ ਕੱਪੜੇ, ਜੁੱਤੀਆਂ ਅਤੇ ਜਿਊਲਰੀ ਦੇ ਸਟਾਲਾਂ ਦੁਆਲੇ ਵੀ ਬੀਬੀਆਂ ਦਾ ਭਰਵਾਂ ਇਕੱਠ ਰਿਹਾ। ਇਸ ਪ੍ਰੋਗਰਾਮ ਦਾ ਸੰਚਾਲਨ 'ਸਵੇਰਾ' ਸੰਸਥਾ ਦੀ ਬਾਨੀ ਬੀਬੀ ਜਸਬੀਰ ਕੌਰ ਮਾਨ ਨੇ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ। ਸਵੇਰਾ ਟੀਮ ਦੀਆਂ ਮੈਂਬਰ ਕੁੜੀਆਂ ਵੀ ਉਥੇ ਪਹੁੰਚੀਆਂ ਹੋਈਆਂ ਸਨ। ਪ੍ਰੋਫੈਸਰ ਬਲਵਿੰਦਰ ਕੌਰ ਬਰਾੜ ਦੇ ਨਾਲ ਮਿਲਣੀ ਬੀਬੀਆਂ ਨੂੰ ਲੰਬੇ ਸਮੇਂ ਤੱਕ ਯਾਦ ਰਹੇਗੀ।






17115 W. Bluemound Rd, Suite D1, Brookfield, WI 53005

We Do Catering
ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

BOLLYWOOD Grill
Restaurant - Bar - Banquet
1038 N. Jackson St,
Milwaukee, WI 53202

We Also Provide
Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913
ਜਾਂ 414-588-3325

# ਪੰਜਾਬ ਸਿਆਸਤ: ਰੋਹੀਆਂ ਵਿੱਚ ਉਡਦੇ ਖਾਲੀ ਲਿਫਾਫੇ

**ਜਸਵੀਰ ਸਿੰਘ ਸ਼ੀਰੀ**

ਪੰਜਾਬ ਦੀ ਸਿਆਸਤ ਬਾਰੇ ਖ਼ਬਰਾਂ ਪੜ੍ਹਨ ਜਾਂ ਇਹਦੇ ਬਾਰੇ ਕੁਮੈਂਟਰੀ ਵਗੈਰਾ ਸੁਣਨ ਨੂੰ ਪੰਜਾਬ ਦੇ ਮੁੰਡਿਆਂ ਦਾ ਦਿਲ ਨਹੀਂ ਕਰਦਾ। ਪੰਜਾਬ ਦੀ ਜਵਾਨੀ ਇਨ੍ਹਾਂ ਖ਼ਬਰਾਂ ਤੋਂ ਕੰਨੀ ਕਤਰਾਉਂਦੀ ਹੈ। ਕੁਝ ਦਿਨ ਪਹਿਲਾਂ ਏਥੇ ਬਰੈਂਪਟਨ (ਕੈਨੇਡਾ) ਵਿੱਚ ਪੜ੍ਹਾਈ ਕਰਨ ਆਏ ਮੁੰਡਿਆਂ ਨਾਲ ਮਿਲਣ ਦਾ ਮੌਕਾ ਮਿਲਿਆ। ਪੰਜਾਬ ਦੀ ਸਿਆਸਤ ਦੀ ਗੱਲ ਤੋਰਨ ਦਾ ਯਤਨ ਕੀਤਾ ਤਾਂ ਅੱਗੋਂ ਜੁਆਬ ਮਿਲਿਆ, 'ਛੱਡੋ ਅੰਕਲ, ਕਈ ਹੋਰ ਗੱਲ ਕਰੋ।' ਇਸ ਬੇਰੁਖੀ ਦੇ ਕਾਰਨ ਵੀ ਬਹੁਤੇ ਨਹੀਂ, ਸਿਰਫ ਇੱਕੋ ਹੈ; ਉਹ ਇਹ ਕਿ ਸਾਡੀ ਸਿਆਸਤ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਦ੍ਰਿਸ਼ਟੀ ਤੋਂ ਗੈਰ-ਪ੍ਰਸੰਗਿਕ ਹੋ ਚੁਕੀ ਹੈ। ਚੈਨਲਾਂ ਦੀ ਜੁਗਾਲੀ ਵਿੱਚੋਂ ਵੀ ਕੁਝ ਨਹੀਂ ਲੱਭਦਾ।

ਪੰਜਾਬ ਸਿਆਸਤ ਨਿਰੀ ਗੈਰ-ਪ੍ਰਸੰਗਿਕ ਹੀ ਨਹੀਂ ਹੋਈ, ਸਗੋਂ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੇ ਖਿਲਾਫ ਕੰਮ ਕਰ ਰਹੀ ਹੈ। ਉਂਝ ਤੇ 1947 ਤੋਂ ਬਾਅਦ ਹੀ ਇਹ ਵਰਤਾਰਾ ਵਾਪਰਨਾ ਸ਼ੁਰੂ ਹੋ ਗਿਆ ਸੀ, ਪਰ ਚੁਰਾਸੀਵਿਆਂ ਤੋਂ ਬਾਅਦ ਇਸ ਵਿਤਕਰੇਬਾਜ਼ੀ 'ਤੇ ਓੜ੍ਹਿਆ ਗਿਆ ਜਮੂਹਰੀਅਤ ਦਾ ਓਹਲਾ ਵੀ ਪੂਰੀ ਤਰ੍ਹਾਂ ਡਿੱਗ ਪਿਆ ਸੀ; ਪਰ 1990 ਤੋਂ ਬਾਅਦ ਵਾਪਰੇ ਵਰਤਾਰਿਆਂ ਨੇ ਇਸ ਨੂੰ ਇੰਨਾ ਪ੍ਰਤੱਖ ਕਰ ਦਿੱਤਾ ਹੈ ਕਿ ਇਸ ਵਿਤਕਰੇਬਾਜ਼ੀ ਦਾ ਖ਼ਾਸਾ ਦੁਸ਼ਮਣਾਨਾ ਲੱਗਣ ਲੱਗ ਪਿਆ ਹੈ। ਇਹ ਸਵਾਲ ਵਿਚਾਰਨ ਵਾਲੇ ਹਨ ਕਿ ਕੀ ਪੰਜਾਬ ਹਿੰਦੁਸਤਾਨ ਦੀ ਬਸਤੀ ਹੈ ਜਾਂ ਸਾਰਾ ਹਿੰਦੁਸਤਾਨ ਹੀ ਵਿਕਸਿਤ ਮੁਲਕਾਂ ਦੀ ਨਵ-ਬਸਤੀ ਹੈ। ਵਿਸ਼ੇਸ਼ ਕਰਕੇ ਸਮੁੱਚੀ ਪੇਂਡੂ/ਮੱਧਵਰਗੀ ਤੇ ਜ਼ਮੀਨ ਵਿਹੂਣੀ ਦਿਹਾਤੀ ਆਬਾਦੀ ਅਤੇ ਆਰਥਕਤਾ ਬਸਤੀਆਨਾ ਵਿਹਾਰ ਦੀ ਸ਼ਿਕਾਰ ਹੈ।

1984 ਤੋਂ ਬਾਅਦ ਪੰਜਾਬ ਵਿੱਚ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਰਹੀ ਹੋਵੇ, ਉਹਨੇ ਨਾਹਰੇ ਪੰਥ ਬਚਾਓ, ਪੰਜਾਬ ਬਚਾਓ, ਰਾਜ ਨਹੀਂ ਸੇਵਾ, ਸਰਕਾਰੀ ਤਸ਼ੱਦਦ ਖਿਲਾਫ ਇਨਸਾਫ, ਜ਼ੁਲਮ ਕਰਨ ਵਾਲਿਆਂ ਨੂੰ ਸਜ਼ਾਵਾਂ, ਪੀੜਤਾਂ ਨੂੰ ਰਾਹਤ ਦੇਣ ਦੇ ਕੀਤੇ, ਪਰ ਸੱਤਾ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦਾ ਰਾਜਨੀਤਿਕ ਵਿਹਾਰ ਇਸ ਤੋਂ ਬਿਲਕੁਲ ਉਲਟ ਰਿਹਾ। ਸੁਰਜੀਤ ਸਿੰਘ ਬਰਨਾਲਾ, ਬੇਅੰਤ ਸਿੰਘ, ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਭਗਵੰਤ ਸਿੰਘ ਮਾਨ ਆਦਿ ਪੰਜਾਬ ਦੇ ਸੂਬੇਦਾਰ ਰਹੇ/ਹਨ। ਪੰਜਾਬ ਨੂੰ ਇਨ੍ਹਾਂ ਦੀਆਂ ਸਰਕਾਰਾਂ ਨੇ ਬੇਰੁਜ਼ਗਾਰੀ, ਤਸ਼ੱਦਦ, ਪੁਲਿਸ ਮੁਕਾਬਲੇ, ਆਪਣੇ ਲਈ ਰੁਜ਼ਗਾਰ ਜਾਂ ਹੋਰ ਹੱਕ ਤਲਾਸ਼ਦੇ ਲੋਕਾਂ ਦੀ ਮਾਰ-ਕੁੱਟ, ਸਾਂਝੀਆਂ ਜਨਤਕ ਜ਼ਮੀਨਾਂ ਦੀ ਵਿਕਰੀ, ਕਿਸਾਨੀ ਦੀਆਂ ਜ਼ਮੀਨਾਂ ਦੀ ਖੋਹ-ਖੁਹਾਈ, ਪੰਜਾਬ ਦੇ ਦਰਿਆਈ ਪਾਣੀਆਂ ਦੀ ਮੁਫਤੋ-ਮੁਫਤੀ ਲੁੱਟ। ਸਨਅਤਾਂ ਨੂੰ ਪੰਜਾਬ ਦੇ ਦਰਿਆਈ ਅਤੇ ਜ਼ਮੀਨ ਦੋਜ਼ ਪਾਣੀਆਂ ਨੂੰ ਪ੍ਰਦੂਸ਼ਤ ਕਰਨ ਦੀ ਨੰਗੀ ਚਿੱਟੀ ਖੁੱਲ੍ਹ ਦਿੱਤੀ। ਇਸ ਖ਼ਿਲਾਫ ਪ੍ਰਦਰਸ਼ਨ ਕਰਦੇ ਲੋਕਾਂ ਖਿਲਾਫ ਸਰਕਾਰ ਦੀ ਅਗਵਾਈ ਵਿੱਚ ਸਨਅਤੀ ਗੁੰਡਾਗਰਦੀ ਨੂੰ ਜਥੇਬੰਦ ਕੀਤਾ। ਪ੍ਰਦੂਸ਼ਨ ਫੈਲਾਉਣ ਵਾਲੀਆਂ ਸਨਅਤਾਂ ਦੀ ਪੁਸ਼ਤ ਪਨਾਹੀ, ਮੰਡੀਆਂ ਵਿੱਚ ਕਿਸਾਨਾਂ ਦੀ ਲੁੱਟ-ਮਾਰ, ਪ੍ਰਦਰਸ਼ਨਕਾਰੀ ਕਿਸਾਨਾਂ 'ਤੇ ਤਸ਼ੱਦਦ/ਆਗੂਆਂ ਦੇ ਕਤਲ, ਨਰੇਗਾ ਦੇ ਪੈਸੇ ਦੀ ਦੁਰਵਰਤੋਂ, ਕਾਤਲ ਅਫਸਰਾਂ ਦੀ ਰਾਖ਼ੀ, ਉਨ੍ਹਾਂ ਨੂੰ ਤਰੱਕੀਆਂ, ਸਿਆਸੀ ਪਰਿਵਾਰਾਂ/ਵੱਡੀ ਅਫਸਰਸ਼ਾਹੀ ਦੀਆਂ ਨਿੱਜੀ ਜਾਇਦਾਦਾਂ ਵਿੱਚ ਵਾਧਾ; ਸਾਂਝੀਆਂ, ਜੰਗਲਾਤ, ਪੰਚਾਇਤਾਂ ਆਦਿ ਦੀਆਂ ਜ਼ਮੀਨਾਂ ਆਪਣੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਦੇ ਨਾਂ ਕਰਨੀਆਂ, ਪੰਜਾਬ ਨੂੰ ਕਰਜ਼ੇ ਹੇਠ ਡੋਬਣਾ, ਕਰਜ਼ਾ ਚੁੱਕ-ਚੁੱਕ ਕੇ ਸਰਕਾਰੀ ਖ਼ਰਚੇ ਤੋਰਨੇ, ਕੌਮੀ ਪਾਰਟੀਆਂ ਦਾ ਖ਼ਰਚਾ-ਪਾਣੀ ਪੰਜਾਬ ਦੇ ਲੋਕਾਂ ਦੇ ਸਮੂਹਿਕ ਤੌਰ 'ਤੇ ਸਿਰ ਪਾਉਣਾ। ਹਰ ਕਿਸਮ ਦੀਆਂ ਚੋਣਾਂ ਵਿੱਚ ਸ਼ਰਾਬ ਤੋਂ ਇਲਾਵਾ ਮਾਰੂ ਨਸ਼ਿਆਂ ਦੀ ਵੰਡ, ਟੈਕਸ ਵਧਾਉਂਦੇ ਜਾਣਾ, ਬਿਜਲੀ ਫਰੀ, ਰਾਸ਼ਨ ਮੁਫਤ, ਆਟਾ-ਦਾਲ ਮੁਫਤ, ਆਟਾ-ਦਾਲ ਬੂਹੇ 'ਤੇ। ਅੱਗੋਂ ਆਉਣ ਵਾਲੇ ਟਿਫਨ ਹੀ ਘਰ ਭੇਜ ਦਿਆ ਕਰਨਗੇ, ਲੋਕਾਂ ਨੂੰ ਹੱਥ ਹਿਲਾਉਣ ਦੀ ਲੋੜ ਨਹੀਂ। ਸੜੀ ਜਿਹੀ ਸ਼ਰਾਬ ਦੀ ਬੋਤਲ ਵੀ ਨਾਲ ਮਿਲ ਜਾਇਆ ਕਰੂ। ਪੀਓ ਤੇ ਮਰੋ। ਸਿੱਖ ਬੰਦੀ ਤਾਅ ਉਮਰ ਲਈ ਜੇਲ੍ਹਾਂ ਵਿੱਚ ਬੰਦ। ਬਲਾਤਕਾਰੀ 'ਬਾਬੇ' ਬਾਹਰ। ਪੰਜਾਬ ਦੇ ਬੁਨਿਆਦੀ ਅਤੇ ਉਚ ਵਿਦਿਅਕ ਖ਼ੇਤਰ ਦੀ ਤਬਾਹੀ। ਸਰਕਾਰੀ ਸਿਹਤ ਸੇਵਾਵਾਂ ਦੀ ਬੱਤੀ ਗੁੱਲ, ਜਨਤਕ ਟਰਾਂਸਪੋਰਟ ਦਾ ਬਿਸਤਰਾ ਗੋਲ, ਲੋਕਾਂ ਦਾ ਸਿਹਤ ਬੀਮਾ ਕਰਨ ਦੇ ਢਕਵੰਜ, ਬੀਮੇ ਦਾ ਪੈਸਾ ਸਿੱਧਾ ਪ੍ਰਾਈਵੇਟ ਹਸਪਤਾਲਾਂ ਦੀ ਜੇਬ ਵਿੱਚ ਪਾਉਣਾ। ਬਾਣੀ ਦੀਆਂ ਪੋਥੀਆਂ ਦੇ ਪੱਤਰੇ ਪੜਵਾਉਣੇ, ਦੋਸ਼ੀ ਕਮਲੇ ਸਾਬਤ ਕਰਨੇ। ਜਾਤੀ ਵੰਡ ਨੂੰ ਸਿਆਸੀ ਸਰਗਰਮੀ ਦਾ ਆਧਾਰ ਬਣਾਉਣਾ ਆਦਿ। ਇਹ ਸਾਡੇ ਸਿਆਸਤਦਾਨਾਂ ਦੀਆਂ ਮੋਟੀਆਂ ਮੋਟੀਆਂ 'ਪ੍ਰਾਪਤੀਆਂ' ਹਨ। ਇਹ ਲਿਸਟ ਹੋਰ ਵੀ ਬਹੁਤ ਲੰਬੀ ਹੋ ਸਕਦੀ ਹੈ। ਹੁਣ ਵਾਲੇ ਵੀ ਇਸੇ ਲਾਈਨ ਵਿੱਚ ਲੱਗੇ ਹੋਏ ਹਨ। ਇਹ ਸਾਰੇ ਪੰਜਾਬ ਦੀ ਪੱਗ 'ਤੇ ਪੈਰ ਰੱਖ ਕੇ ਆਪਣੀਆਂ ਪਾਰਟੀਆਂ ਖੜ੍ਹੀਆਂ ਕਰਨ ਦਾ ਯਤਨ ਕਰ ਰਹੇ ਹਨ।

ਹਿੰਦੁਸਤਾਨ ਪੱਧਰ 'ਤੇ ਹਾਲਤ ਵੇਖ ਲਓ, ਗੁਜਰਾਤ ਮਾਡਲ ਦਾ ਪੁਲ ਟੁੱਟਿਆ, ਜਹਾਜ਼ ਪਾੜ੍ਹਿਆਂ ਦੇ ਹੋਸਟਲ ਵਿੱਚ ਵੜਿਆ। ਬਿਨ ਤਨਖਾਹੋਂ ਰੁਜ਼ਗਾਰ ਦੇ ਲੱਖਾਂ ਮੌਕੇ ਪੈਦਾ ਕੀਤੇ। ਬਿਹਾਰ ਦੀ ਚੋਣ ਸੂਚੀ ਵਿੱਚੋਂ ਮੁਸਲਮਾਨਾਂ ਨੂੰ ਗਾਇਬ ਕਰਨ ਦੀ ਮੁਹਿੰਮ। ਈ.ਵੀ.ਐਮ. ਘੁਟਾਲੇ। ਵੋਟਾਂ ਦੀ ਥੋਕ ਹੇਰਾ-ਫੇਰੀ। ਸਭ ਤੋਂ ਵੱਡੀ ਜਮਹੂਰੀਅਤ ਦੀ ਸ਼ੇਖੀ। ਘੱਟਗਿਣਤੀਆਂ 'ਤੇ ਡਾਂਗ ਫੇਰੀ, ਟਰੰਪ ਮੂਹਰੇ ਸਭ ਕੁਝ ਢੇਰੀ।




ਅਮਰੀਕਾ ਨੇ ਪਿਛੇ ਜਿਹੇ ਕਥਿਤ ਗੈਰ-ਕਾਨੂੰਨੀ ਪਰਵਾਸੀਆਂ ਨੂੰ ਹਥਕੜੀਆਂ-ਬੇੜੀਆਂ ਲਗਾ ਕੇ ਫੌਜੀ ਜਹਾਜ਼ਾਂ ਵਿੱਚ ਵਾਪਸ ਭਾਰਤ ਭੇਜਿਆ। ਹਿੰਦੁਸਤਾਨੀ ਹਾਕਮਾਂ ਨੇ ਚੂੰ ਤੱਕ ਨਹੀਂ ਕੀਤੀ। ਅਮਰੀਕਾ ਦੇ ਹੀ ਇੱਕ ਮਰਹੂਮ ਨੀਤੀਵੇਤਾ ਹੈਨਰੀ ਕਸਿੰਜਰ ਨੇ ਆਪਣੇ ਤਤਕਾਲੀ ਰਾਸ਼ਟਰਪਤੀ ਨਾਲ ਗੱਲ ਕਰਦਿਆਂ 'ਹਿੰਦੁਸਤਾਨੀ ਚਾਪਲੂਸਾਂ' ਤੋਂ ਬਚਣ ਦੀ ਸਲਾਹ ਦਿੱਤੀ ਸੀ। ਉਸ ਦਾ ਕਹਿਣਾ ਸੀ ਕਿ ਇਤਿਹਾਸ ਵਿੱਚ ਇਹ ਹਕੂਮਤਾਂ ਦੀ ਚਾਪਲੂਸੀ ਕਰ ਕੇ ਹੀ ਜ਼ਿੰਦਾ ਰਹੇ ਹਨ। ਜਿਸ ਤਰ੍ਹਾਂ ਸਾਡੇ ਮੌਜੂਦਾ ਹਾਕਮ ਆਪਣੇ ਤੋਂ ਥੋੜ੍ਹੇ ਤਕੜੇ ਮੁਲਕਾਂ ਅੱਗੇ ਵਿਹਾਰ ਕਰ ਰਹੇ ਹਨ, ਉਸ ਨੂੰ ਵੇਖ ਕੇ ਹੈਨਰੀ ਕਸਿੰਜਰ ਸੱਚਾ ਨਹੀਂ ਲਗਦਾ? ਇਰਾਨ ਦੇ ਹਾਕਮਾਂ ਦਾ ਵਿਹਾਰ ਵੇਖੋ ਜ਼ਰਾ ਅਮਰੀਕਾ ਨਾਲ। ਫਰਕ ਪਤਾ ਲਗਦਾ ਕਿ ਨਹੀਂ? ਪਤਾ ਲੱਗਿਆ ਤਾਂ ਹੰਕਾਰ ਅਤੇ ਸਵੈਮਾਣ ਵਿਚਾਲੇ ਫਰਕ ਦਾ ਵੀ ਆਪਣੇ ਆਪ ਪਤਾ ਲੱਗ ਜਾਵੇਗਾ। ਹਿੰਦੁਸਤਾਨੀ ਹਾਕਮ ਜਿਸ ਤਰ੍ਹਾਂ ਦਾ ਵਿਹਾਰ ਕਰ ਰਹੇ ਹਨ ਆਪਣੇ ਤੋਂ ਤਕੜੇ ਮੁਲਕਾਂ ਨਾਲ, ਉਸ ਤੋਂ ਇਹ ਦੇਸ਼ ਵਿਕਸਿਤ ਸੰਸਾਰ ਦੀ ਇੱਕ ਨਵ-ਬਸਤੀ ਹੀ ਲਗਦਾ ਹੈ। ਨਵਬਸਤੀਆਂ 'ਤੇ ਸਿੱਧੇ ਕਬਜ਼ੇ ਦੀ ਲੋੜ ਨਹੀਂ ਪੈਂਦੀ, ਵਿੱਤੀ ਸਰਮਾਏ ਅਤੇ ਸੱਭਿਆਚਾਰਕ ਹਮਲੇ ਦਾ ਨਾਗਵਲ਼ ਇਨ੍ਹਾਂ ਦੀ ਸੱਤਿਆ ਚੂਸਦਾ ਰਹਿੰਦਾ ਹੈ।

ਇਸ ਲਿਖ਼ਤ ਦੇ ਸਿਰਲੇਖ਼ ਵਿੱਚ ਮੈਂ 'ਰੋਹੀਆਂ' ਸ਼ਬਦ ਦੀ ਵਰਤੋਂ ਕੀਤੀ ਹੈ। ਸਾਡੀ ਆਧੁਨਿਕ ਪੰਜਾਬੀ ਵਿੱਚੋਂ ਇਹ ਸੁਨੱਖਾ ਸ਼ਬਦ ਲਗਪਗ ਖ਼ਤਮ ਹੋ ਚੁੱਕਾ ਹੈ। ਉਜਾੜ, ਰੇਤਲੀਆਂ, ਬੰਜਰ ਬੀਆਬਾਨ ਜਿਹੀਆਂ ਜ਼ਮੀਨਾਂ ਨੂੰ ਬਜ਼ੁਰਗ 'ਰੋਹੀ' ਕਿਹਾ ਕਰਦੇ ਸਨ। ਪਰ ਉਦੋਂ ਕੁਲਹਿਣੇ ਪੌਲੀਥੀਨ ਦੇ ਲਿਫਾਫੇ ਨਹੀਂ ਸੀ ਹੁੰਦੇ। ਪੰਜਾਬ ਦੇ ਅੱਜ ਕੱਲ੍ਹ ਹੋ ਰਹੇ 'ਵਿਕਾਸ' ਦੀ ਆਤਮਾ ਵਿੱਚ ਵੀ ਇੱਕ ਰੋਹੀ ਬੀਆਬਾਨ ਪਲ਼ ਰਿਹਾ ਹੈ। ਵਿਕਾਸ ਦੀ ਚੜ੍ਹੀ ਗਹਿਰ ਵਿੱਚ ਹਾਲੇ ਇਹ ਵਿਖਾਈ ਨਹੀਂ ਦਿੰਦਾ। ਇਸ ਦੀ ਜਦੋਂ ਧੁੰਦ ਸਾਫ ਹੋਈ, ਵਿੱਚੋਂ ਇਸ ਬੰਜਰ ਬੀਆਬਾਨ ਤੋਂ ਸਿਵਾਏ ਹੋਰ ਕੁਝ ਨਹੀਂ ਨਿਕਲਣਾ। ਪੰਜਾਬ ਦੀ ਜ਼ਰਖੇਜ ਜ਼ਮੀਨ 'ਤੇ ਕੰਕਰੀਟ ਦਾ ਜੰਗਲ ਹੋਵੇਗਾ ਤੇ ਪੀਣ ਲਈ ਮੁੱਲ ਦਾ ਪਾਣੀ। ਪਿੰਡ ਕਾਲੀਆਂ ਸ਼ਾਹ ਸੜਕਾਂ ਹੇਠ ਦੱਬੇ ਜਾਣਗੇ। ਧਰਤੀ 'ਤੇ ਵਿਛੀ ਲੁੱਕ 'ਤੇ ਵਪਾਰੀਆਂ ਦੀਆਂ ਕਾਰਾਂ/ਟਰਾਲੇ ਸ਼ੂਕਦੇ ਫਿਰਨਗੇ। ਇਹ ਵਕਤ ਪੰਜਾਬ ਵੱਲ ਵਰੋਲੇ ਵਾਂਗ ਚੜ੍ਹਿਆ ਆ ਰਿਹਾ ਰਿਹਾ ਹੈ ਤੇ ਸਿਕੰਦਰ-ਅਬਦਾਲੀ ਨਾਲ ਮੱਥਾ ਲਾਉਣ ਵਾਲੀਆਂ ਗਜ਼-ਗਜ਼ ਚੌੜੀਆਂ ਛਾਤੀਆਂ ਗਾਇਬ ਹਨ।



# 92 ਸਾਲ ਦੇ ਰਾਸ਼ਟਰਪਤੀ ਵੱਲੋਂ ਮੁੜ ਚੋਣ ਲੜਨ ਬਾਰੇ ਬਹਿਸ ਛਿੜੀ

ਪੰਜਾਬੀ ਪਰਵਾਜ਼ ਬਿਊਰੋ

ਕੈਮਰੂਨ ਦੇ 92 ਸਾਲਾ ਰਾਸ਼ਟਰਪਤੀ ਪੌਲ ਬੀਆ ਦੀ ਉਮਰ ਨੂੰ ਵੇਖਦੇ ਹੋਏ, ਰਾਸ਼ਟਰਪਤੀ ਦੀ ਸਿਹਤ ਅਤੇ ਸ਼ਾਸਨ ਕਰਨ ਦੀ ਸਮਰੱਥਾ ਦੇਸ਼ ਵਿੱਚ ਬਹਿਸ ਦਾ ਵਿਸ਼ਾ ਬਣ ਗਈ ਹੈ। ਰਾਸ਼ਟਰਪਤੀ ਪੌਲ ਬੀਆ ਇੱਕ ਵਾਰ ਫਿਰ ਚੋਣਾਂ ਵਿੱਚ ਖੜ੍ਹਨ ਜਾ ਰਹੇ ਹਨ। ਸੋਮਵਾਰ, 14 ਜੁਲਾਈ ਨੂੰ ਪੌਲ ਬੀਆ ਨੇ ਅਧਿਕਾਰਤ ਤੌਰ 'ਤੇ ਇਸ ਮੱਧ ਅਫਰੀਕੀ ਦੇਸ਼ ਵਿੱਚ 12 ਅਕਤੂਬਰ ਨੂੰ ਹੋਣ ਵਾਲੀਆਂ ਅਗਾਮੀ ਰਾਸ਼ਟਰਪਤੀ ਚੋਣਾਂ ਵਿੱਚ ਲੜਨ ਦਾ ਐਲਾਨ ਕੀਤਾ ਹੈ। ਸੋਸ਼ਲ ਮੀਡੀਆ ਪਲੈਟਫਾਰਮ ਐਕਸ 'ਤੇ ਇੱਕ ਪੋਸਟ ਵਿੱਚ ਫਰਾਂਸੀਸੀ ਅਤੇ ਅੰਗਰੇਜ਼ੀ- ਦੋਹਾਂ ਭਾਸ਼ਾਵਾਂ ਵਿੱਚ ਦੁਨੀਆ ਦੇ ਸਭ ਤੋਂ ਬਜ਼ੁਰਗ ਰਾਸ਼ਟਰ ਮੁਖੀ ਪੌਲ ਬੀਆ ਨੇ ਇਹ ਐਲਾਨ ਕੀਤਾ। ਉਨ੍ਹਾਂ ਨੇ ਲਿਖਿਆ, "ਮੈਂ 12 ਅਕਤੂਬਰ 2025 ਦੀਆਂ ਰਾਸ਼ਟਰਪਤੀ ਚੋਣਾਂ ਲਈ ਉਮੀਦਵਾਰ ਹਾਂ। ਨਿਸ਼ਚਿੰਤ ਰਹੋ ਕਿ ਤੁਹਾਡੀ ਸੇਵਾ ਕਰਨ ਦਾ ਮੇਰਾ ਪੱਕਾ ਇਰਾਦਾ ਸਾਡੇ ਸਾਹਮਣੇ ਆਉਣ ਵਾਲੀਆਂ ਗੰਭੀਰ ਚੁਣੌਤੀਆਂ ਦੇ ਅਨੁਕੂਲ ਹੈ...। ਇਕੱਠੇ ਮਿਲ ਕੇ, ਅਜਿਹੀ ਕੋਈ ਚੁਣੌਤੀ ਨਹੀਂ ਜਿਸ ਦਾ ਅਸੀਂ ਸਾਹਮਣਾ ਨਾ ਕਰ ਸਕੀਏ। ਮੇਰਾ ਸਭ ਤੋਂ ਵਧੀਆ ਅਜੇ ਆਉਣਾ ਬਾਕੀ ਹੈ।"

ਪੌਲ ਬੀਆ ਕੈਮਰੂਨ ਪੀਪਲਜ਼ ਡੈਮੋਕਰੈਟਿਕ ਮੂਵਮੈਂਟ (ਸੀ.ਪੀ.ਡੀ.ਐਮ.) ਦੇ ਮੁਖੀ ਹਨ, ਪਰ ਉਨ੍ਹਾਂ ਦੀ ਉਮਰ ਨੂੰ ਵੇਖਦੇ ਹੋਏ ਰਾਸ਼ਟਰਪਤੀ ਦੀ ਸਿਹਤ ਅਤੇ ਸ਼ਾਸਨ ਕਰਨ ਦੀ ਸਮਰੱਥਾ ਬਹਿਸ ਦਾ ਵਿਸ਼ਾ ਬਣ ਗਈ ਹੈ। ਸਵਾਲ ਹੈ, ਕੀ ਪੌਲ ਬੀਆ ਦਾ ਰਾਹ ਸੌਖਾ ਹੋਵੇਗਾ? ਕਈ ਪੁਰਾਣੇ ਸਮਰਥਕ ਕੁੱਝ ਮਹੀਨਿਆਂ ਤੋਂ ਰਾਸ਼ਟਰਪਤੀ ਬੀਆ ਤੋਂ ਦੂਰੀ ਬਣਾਉਂਦੇ ਵੀ ਦਿਖਾਈ ਦਿੱਤੇ ਹਨ। ਹਾਲ ਹੀ ਦੇ ਹਫਤਿਆਂ ਵਿੱਚ ਬੀਆ ਦੇ ਖੇਮੇ ਵਿੱਚੋਂ ਦੋ ਹਾਈ-ਪ੍ਰੋਫਾਈਲ ਦਲਬਦਲ ਹੋਏ ਹਨ। ਰੁਜ਼ਗਾਰ ਮੰਤਰੀ ਇਸਾ ਤਚੀਰੋਮਾ ਬੇਕਰੀ ਨੇ ਜੂਨ ਵਿੱਚ ਸਰਕਾਰ ਤੋਂ ਅਸਤੀਫਾ ਦੇ ਦਿੱਤਾ ਅਤੇ ਆਪਣੀ ਫਰੰਟ ਫਾਰ ਦ ਨੈਸ਼ਨਲ ਸੈਲਵੇਸ਼ਨ ਆਫ ਕੈਮਰੂਨ (ਐਫ.ਐਸ.ਐਨ.ਸੀ.) ਨਾਲ ਖੁਦ ਚੋਣਾਂ




ਵਿੱਚ ਖੜ੍ਹਨ ਦਾ ਐਲਾਨ ਕਰ ਦਿੱਤਾ। ਨਾਲ ਹੀ, ਲਗਭਗ 30 ਸਾਲਾਂ ਤੱਕ ਬੀਆ ਦੇ ਸਹਿਯੋਗੀ ਰਹੇ ਸਾਬਕਾ ਪ੍ਰਧਾਨ ਮੰਤਰੀ ਬੇਲੋ ਬਾਊਬਾ ਮੈਗਾਰੀ ਨੇ ਕਿਹਾ ਕਿ ਉਹ ਨੈਸ਼ਨਲ ਯੂਨੀਅਨ ਫਾਰ ਡੈਮੋਕਰੇਸੀ ਐਂਡ ਪ੍ਰੋਗਰੈਸ (ਐਨ.ਯੂ.ਡੀ.ਪੀ.) ਦੀ ਤਰਫੋਂ ਚੋਣਾਂ ਵਿੱਚ ਖੜ੍ਹਨਗੇ।

ਤਚੀਰੋਮਾ ਅਤੇ ਮੈਗਾਰੀ ਦੀਆਂ ਦੋਵੇਂ ਪਾਰਟੀਆਂ ਬੀਆ ਦੀ ਸੀ.ਪੀ.ਡੀ.ਐਮ. ਦੀਆਂ ਲੰਬੇ ਸਮੇਂ ਤੋਂ ਸਹਿਯੋਗੀ ਸਨ, ਜੋ 1960 ਵਿੱਚ ਆਜ਼ਾਦੀ ਤੋਂ ਬਾਅਦ ਤੋਂ ਸੱਤਾ 'ਤੇ ਕਾਬਜ਼ ਹੈ। ਇਸ ਤੋਂ ਇਲਾਵਾ ਮੌਰਿਸ ਕਾਮਤੋ ਵੀ ਚੋਣ ਦੌੜ ਵਿੱਚ ਹਨ, ਜੋ 2018 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਦੂਜੇ ਸਥਾਨ 'ਤੇ ਰਹੇ ਸਨ ਅਤੇ ਬੀਆ ਦੇ ਸਭ ਤੋਂ ਵੱਡੇ ਆਲੋਚਕ ਹਨ। ਨਾਲ ਹੀ, ਕੈਮਰੂਨੀਅਨ ਪਾਰਟੀ ਫਾਰ ਨੈਸ਼ਨਲ ਰੀਕਨਸੀਲੀਏਸ਼ਨ (ਸੀ.ਪੀ.ਐਨ.ਆਰ.) ਦੇ ਪ੍ਰਮੁੱਖ ਵਿਰੋਧੀ ਨੇਤਾ ਕੈਬਰਾਲ ਲਿਬੀ ਵੀ ਦੌੜ ਵਿੱਚ ਹਨ। ਪੌਲ ਬੀਆ ਦੇ ਹੱਕ ਵਿੱਚ ਇਹ ਗੱਲ ਹੈ ਕਿ ਵਿਰੋਧੀ ਧਿਰ ਬੁਰੀ ਤਰ੍ਹਾਂ ਵੰਡੀ ਹੋਈ ਹੈ। ਕੈਮਰੂਨ ਦੀ ਜਨਤਾ, ਖਾਸ ਤੌਰ 'ਤੇ ਨੌਜਵਾਨ, ਬੇਰੁਜ਼ਗਾਰੀ, ਵਧਦੀ ਮਹਿੰਗਾਈ ਅਤੇ ਮਾੜੀਆਂ ਜਨਤਕ ਸੇਵਾਵਾਂ ਨਾਲ ਜੂਝ ਰਹੀ ਹੈ।

ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇੱਕ ਨਵੀਂ ਨੀਤੀ ਅਪਨਾਈ ਜਾ ਰਹੀ ਹੈ, ਜਿਸ ਨਾਲ ਪਰਵਾਸੀਆਂ ਲਈ ਇੱਕ ਹੋਰ ਨਵੀਂ ਮੁਸੀਬਤ ਖੜ੍ਹੀ ਹੋ ਜਾਵੇਗੀ। ਉਨ੍ਹਾਂ ਨੂੰ 6 ਘੰਟਿਆਂ ਦੇ ਨੋਟਿਸ 'ਤੇ ਡਿਪੋਰਟ ਕਰਨ ਦੀ ਤਿਆਰੀ ਹੈ। ਟਰੰਪ ਪ੍ਰਸ਼ਾਸਨ ਨੇ ਪਰਵਾਸੀਆਂ 'ਤੇ ਹੋਰ ਵੀ ਸਖ਼ਤੀ ਕਰਨ ਦੇ ਸੰਕੇਤ ਦਿੱਤੇ ਹਨ। ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਹੁਣ ਪਰਵਾਸੀਆਂ ਨੂੰ ਸਿਰਫ਼ ਛੇ ਘੰਟਿਆਂ ਦੇ ਨੋਟਿਸ 'ਤੇ ਕਿਸੇ ਤੀਜੇ ਦੇਸ਼ ਵਿੱਚ ਡਿਪੋਰਟ ਕਰ ਸਕਦੀ ਹੈ। ਹੁਣ ਤੱਕ ਆਈ.ਸੀ.ਈ. ਪਰਵਾਸੀਆਂ ਨੂੰ ਤੀਜੇ ਦੇਸ਼ ਵਿੱਚ ਰਿਪੋਰਟ ਕਰਨ ਦੀ ਸੂਚਨਾ ਦੇਣ ਤੋਂ ਬਾਅਦ ਘੱਟੋ-ਘੱਟ 24 ਘੰਟੇ ਉਡੀਕ ਕਰਦੀ ਸੀ, ਪਰ ਨਵੇਂ ਹੁਕਮ ਵਿੱਚ ਏਜੰਸੀ ਤੇਜ਼ੀ ਨਾਲ ਡਿਪੋਰਟ ਕਰ ਸਕਦੀ ਹੈ। ਆਈ.ਸੀ.ਈ. ਦੇ ਕਾਰਜਕਾਰੀ ਡਾਇਰੈਕਟਰ ਟੌਡ ਲਿਓਨਸ ਨੇ ਇਹ ਮੈਮੋਰੰਡਮ ਜਾਰੀ ਕੀਤਾ ਹੈ।

ਦੱਸਿਆ ਗਿਆ ਹੈ ਕਿ ਹੁਣ ਤੀਜੇ ਦੇਸ਼ਾਂ ਵਿੱਚ ਪਰਵਾਸੀਆਂ ਨੂੰ ਡਿਪੋਰਟ ਉਦੋਂ ਵੀ ਕੀਤਾ ਜਾ ਸਕਦਾ ਹੈ, ਜਦੋਂ ਉਨ੍ਹਾਂ ਨੂੰ ਉਨ੍ਹਾਂ ਦੇਸ਼ਾਂ ਤੋਂ ਸੁਰੱਖਿਆ ਦੀ ਕੋਈ ਗਾਰੰਟੀ ਨਾ ਮਿਲੀ ਹੋਵੇ। ਟਰੰਪ ਪ੍ਰਸ਼ਾਸਨ ਦਾ ਤਰਕ ਹੈ ਕਿ ਇਹ ਨੀਤੀ ਉਨ੍ਹਾਂ ਲੋਕਾਂ ਨੂੰ ਤੁਰੰਤ ਬਾਹਰ ਕੱਢਣ ਵਿੱਚ ਮਦਦ ਕਰਦੀ ਹੈ, ਜੋ ਲੋਕ ਕਾਨੂੰਨ ਮੁਤਾਬਕ ਅਮਰੀਕਾ ਵਿੱਚ ਨਹੀਂ ਰਹਿ ਸਕਦੇ। ਖਾਸ ਤੌਰ 'ਤੇ ਅਪਰਾਧਿਕ ਰਿਕਾਰਡ ਵਾਲੇ ਲੋਕਾਂ ਨੂੰ ਤੁਰੰਤ ਡਿਪੋਰਟ ਕੀਤਾ ਜਾ ਸਕਦਾ ਹੈ। ਹਾਲਾਂਕਿ ਕਈ ਮਾਹਿਰ ਇਸ ਨੂੰ ਇੱਕ ਬੇਰਹਿਮ ਨੀਤੀ ਕਹਿ ਰਹੇ ਹਨ, ਕਿਉਂਕਿ ਲੋਕਾਂ ਨੂੰ ਅਜਿਹੇ ਦੇਸ਼ਾਂ ਵਿੱਚ ਭੇਜਿਆ ਜਾ ਸਕਦਾ ਹੈ, ਜਿੱਥੇ ਉਨ੍ਹਾਂ ਨੂੰ ਹਿੰਸਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਟਰੰਪ ਪ੍ਰਸ਼ਾਸਨ ਦੀ ਤੀਜੇ ਦੇਸ਼ਾਂ ਵਿੱਚ ਡਿਪੋਰਟ ਦੀ ਇਸ ਨੀਤੀ ਨੂੰ ਅਦਾਲਤ ਵਿੱਚ ਚੁਣੌਤੀ ਦੇਣ ਵਾਲੇ ਇੱਕ ਪਰਵਾਸੀ ਸਮੂਹ ਦੀ ਵਕੀਲ ਟ੍ਰੀਨਾ ਰੀਅਲਮੁਟੋ ਨੇ ਕਿਹਾ ਹੈ ਕਿ ਨਵੀਂ ਨੀਤੀ ਕਾਨੂੰਨ ਦੁਆਰਾ ਲੋੜੀਂਦੀ ਵਿਧਾਨਕ ਅਤੇ ਉਚਿਤ ਪ੍ਰਕਿਰਿਆ ਸੁਰੱਖਿਆ ਪ੍ਰਦਾਨ ਕਰਨ ਵਿੱਚ ਬਹੁਤ ਪਿੱਛੇ ਹੈ। ਲੋਕਾਂ ਨੂੰ ਅਜਿਹੇ ਦੇਸ਼ਾਂ ਵਿੱਚ ਨਹੀਂ ਭੇਜਿਆ ਜਾਣਾ ਚਾਹੀਦਾ, ਜਿੱਥੇ ਦੀ ਭਾਸ਼ਾ ਉਹ ਨਾ ਜਾਣਦੇ ਹੋਣ ਅਤੇ ਉਨ੍ਹਾਂ ਨੂੰ ਉਥੇ ਜਬਰ ਦਾ ਸਾਹਮਣਾ ਕਰਨਾ ਪਵੇ।

ਦੂਜੇ ਪਾਸੇ ਅਮਰੀਕਾ ਦੇ ਸੰਘੀ ਹਵਾਬਾਜ਼ੀ ਪ੍ਰਸ਼ਾਸਨ ਅਤੇ ਬੋਇੰਗ ਕੰਪਨੀ ਨੇ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਕਿਹਾ ਕਿ ਬੋਇੰਗ ਜਹਾਜ਼ਾਂ ਦੇ ਫਿਊਲ ਸਵਿੱਚ ਲੌਕ ਪੂਰੀ ਤਰ੍ਹਾਂ ਸੁਰੱਖਿਅਤ ਹਨ। ਦਰਅਸਲ, ਏਅਰ ਇੰਡੀਆ ਦੀ ਸ਼ੁਰੂਆਤੀ ਰਿਪੋਰਟ 'ਚ ਅਹਿਮਦਾਬਾਦ 'ਚ ਹੋਏ ਜਹਾਜ਼ ਹਾਦਸੇ 'ਚ ਬੋਇੰਗ ਦੇ ਜਹਾਜ਼ 'ਚ ਫਿਊਲ ਸਵਿੱਚ ਨੂੰ ਲੈ ਕੇ ਸਵਾਲ ਉਠਾਏ ਗਏ ਸਨ। ਰਿਪੋਰਟ 'ਚ ਸ਼ੱਕ ਜਤਾਇਆ ਗਿਆ ਸੀ ਕਿ ਹਾਦਸੇ ਦਾ ਕਾਰਨ ਫਿਊਲ ਸਵਿੱਚ ਦਾ ਬੰਦ ਹੋਣਾ ਹੋ ਸਕਦਾ ਹੈ। ਹੁਣ ਅਮਰੀਕੀ ਸਰਕਾਰ ਵੱਲੋਂ ਇਹ ਦਾਅਵਾ ਰੱਦ ਕਰਨ ਪਿੱਛੋਂ ਸਵਾਲ ਉਠ ਰਹੇ ਹਨ ਕਿ ਕੀ ਟਰੰਪ ਸਰਕਾਰ ਪਾਇਲਟਾਂ 'ਤੇ ਪੂਰਾ ਦੋਸ਼ ਮੜ੍ਹ ਕੇ ਬੋਇੰਗ ਕੰਪਨੀ ਨੂੰ ਬਚਾਉਣ ਦੀ ਕੋਸ਼ਿਸ਼ ਤਾਂ ਨਹੀਂ ਕਰ ਰਹੀ?

## ਮੈਰਾਥਨ ਦੌੜਾਕ ਫੌਜਾ ਸਿੰਘ ਦੀ ਸੜਕ ਹਾਦਸੇ 'ਚ ਮੌਤ

ਇਹ ਸਮਾਂ 58 ਮਿੰਟ ਘੱਟ ਸੀ। ਫੌਜਾ ਸਿੰਘ ਨੇ ਕਈ ਮੁਲਕਾਂ ਵਿੱਚ ਬਹੁਤ ਸਾਰੀਆਂ ਮੈਰਾਥਨ ਦੌੜੀਆਂ, ਪਰ 2003 ਵਿੱਚ ਟੋਰਾਂਟੋ ਵਾਟਰਫਰੰਟ ਮੈਰਾਥਨ ਉਨ੍ਹਾਂ 5 ਘੰਟੇ 40 ਮਿੰਟ ਵਿੱਚ ਦੌੜੀ। ਇਸ ਮੈਰਾਥਨ ਦੌੜ ਵਿੱਚ ਉਨ੍ਹਾਂ ਨਿੱਜੀ ਤੌਰ 'ਤੇ ਸਭ ਤੋਂ ਘੱਟ ਸਮਾਂ ਲਿਆ।

ਬਰਮਿੰਘਮ ਤੋਂ ਬਰਤਾਨਵੀ ਸੰਸਦ ਮੈਂਬਰ ਪਰੀਤ ਕੌਰ ਗਿੱਲ ਨੇ ਫੌਜਾ ਸਿੰਘ ਦੀ ਮੌਤ 'ਤੇ ਡੂੰਘਾ ਦੁਖ ਪ੍ਰਗਟ ਕਰਦਿਆਂ ਕਿਹਾ, "ਫੌਜਾ ਸਿੰਘ ਦੀ ਬੇਹੱਦ ਨਿਮਰਤਾ ਵਾਲੀ ਸ਼ਖਸੀਅਤ ਅਤੇ ਹੌਸਲੇ ਨੇ ਮੇਰੇ ਦਿਲ 'ਤੇ ਅਮਿਟ ਪ੍ਰਭਾਵ ਛੱਡਿਆ। ਮੈਂ ਖੁਸ਼ਕਿਸਮਤ ਹਾਂ ਕਿ ਮੈਨੂੰ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ। ਫੌਜਾ ਸਿੰਘ ਦੀ ਮੌਤ ਨੇ ਮੈਨੂੰ ਬਹੁਤ ਉਦਾਸ ਕੀਤਾ ਹੈ।" ਬਰਤਾਨੀਆ ਦੇ ਇੱਕ ਹੋਰ ਪਾਰਲੀਮੈਂਟ ਮੈਂਬਰ ਜੱਸ ਅਟਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਫੌਜਾ ਸਿੰਘ ਦੀ ਮੌਤ ਦੀ ਖ਼ਬਰ ਸੁਣ ਕੇ ਬੇਹੱਦ ਦੁੱਖ ਹੋਇਆ ਹੈ। ਉਨ੍ਹਾਂ ਕਿਹਾ ਕਿ ਫੌਜਾ ਸਿੰਘ ਇੱਕ ਦੰਦਕਥਾ (ਲੀਜੈਂਡ) ਬਣ ਗਏ ਸਨ। ਉਨ੍ਹਾਂ ਕਿਹਾ, "ਫੌਜਾ ਸਿੰਘ ਕੌਮਾਂਤਰੀ ਪੱਧਰ 'ਤੇ ਸਿੱਖੀ ਦੇ ਪ੍ਰਤੀਕ (ਆਈਕਨ) ਬਣ ਗਏ ਸਨ। ਉਨ੍ਹਾਂ ਦੀ ਸ਼ਖਸੀਅਤ ਨੇ ਸੰਸਾਰ ਪੱਧਰ 'ਤੇ ਲੱਖਾਂ ਲੋਕਾਂ ਨੂੰ ਪ੍ਰੇਰਿਤ ਕੀਤਾ। ਉਨ੍ਹਾਂ ਦੀ ਚੜ੍ਹਦੀ ਕਲਾ ਵਾਲੀ ਸੂਰਤ ਅਤੇ ਸੀਰਤ ਲੋਕਾਂ ਲਈ ਸਦਾ ਵਾਸਤੇ ਪ੍ਰੇਰਣਾ ਬਣ ਗਈ ਹੈ। ਸਾਨੂੰ ਉਨ੍ਹਾਂ ਦਾ ਘਾਟਾ ਹਮੇਸ਼ਾ ਰੜਕੇਗਾ।" ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਫੌਜਾ ਸਿੰਘ ਦੀ ਮੌਤ 'ਤੇ ਡੂੰਘਾ ਦੁੱਖ ਜਾਹਰ ਕਰਦਿਆਂ ਕਿਹਾ ਕਿ ਫੌਜਾ ਸਿੰਘ ਦੀ ਮੌਤ ਨੇ ਕਈ ਪੀੜ੍ਹੀਆਂ ਨੂੰ ਪ੍ਰਭਾਵਤ ਕੀਤਾ। ਕਟਾਰੀਆ ਨੇ ਕਿਹਾ, "ਫੌਜਾ ਸਿੰਘ ਦੀ ਵਿਰਾਸਤ ਇੱਕ ਸਿਹਤਮੰਦ ਅਤੇ ਨਸ਼ਾ ਮੁਕਤ ਪੰਜਾਬ ਲਈ ਲੜਨ ਵਾਲਿਆਂ ਦੇ ਦਿਲਾਂ ਵਿੱਚ ਹਮੇਸ਼ਾ ਜ਼ਿੰਦਾ ਰਹੇਗੀ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਫੌਜਾ ਸਿੰਘ ਦੀ ਮੌਤ 'ਤੇ ਦੁੱਖ ਦਾ ਇਜ਼ਹਾਰ ਕੀਤਾ ਹੈ। ਉਲੰਪੀਅਨ, ਐਮ.ਐਲ.ਏ. ਤੇ ਪੰਜਾਬ ਦੇ ਸਾਬਕਾ ਸਿੱਖਿਆ ਮੰਤਰੀ ਪਰਗਟ ਸਿੰਘ, ਅਕਾਲੀ ਦਲ (ਬਾਦਲ) ਦੇ ਆਗੂ ਸੁਖਬੀਰ ਸਿੰਘ ਬਾਦਲ ਅਤੇ ਅਕਾਲ ਤਖਤ ਦੇ ਵਿਵਾਦਗ੍ਰਸਤ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਵੀ ਫੌਜਾ ਸਿੰਘ ਦੀ ਸੜਕ ਹਾਦਸੇ ਵਿੱਚ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ।

ਦੌੜਾਕ ਸਿੱਖ ਬਾਬੇ ਨੂੰ ਅਮਰੀਕਾ ਵਿੱਚ ਨੈਸ਼ਨਲ ਐਥਨਿਕ ਕੁਲੀਸ਼ਨ ਵੱਲੋਂ 2003 ਵਿੱਚ ਐਲਿਸ ਆਈਸਲੈਂਡ ਮੈਡਲ ਨਾਲ ਸਨਮਾਨਤ ਕੀਤਾ ਗਿਆ। ਇਸ ਇਨਾਮ ਨੂੰ ਨਸਲੀ ਸਹਿਣਸ਼ੀਲਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਉਸ ਸਮੇਂ ਇਹ ਇਨਾਮ ਪ੍ਰਾਪਤ ਕਰਨ ਵੱਲੋ ਉਹ ਪਹਿਲੇ ਗੈਰ-ਅਮਰੀਕਨ ਸਨ। 2011 ਵਿੱਚ ਫੌਜਾ ਸਿੰਘ ਨੂੰ ਪਰਾਈਡ ਆਫ ਇੰਡੀਆ ਐਵਾਰਡ ਨਾਲ ਵੀ ਸਨਮਾਨਤ ਕੀਤਾ ਗਿਆ। ਯਾਦ ਰਹੇ, ਉਮਰ ਦੀ ਸੈਂਚਰੀ ਮਾਰਨ ਵਾਲੇ ਉਹ ਪਹਿਲੇ ਮੈਰਾਥਨ ਦੌੜਾਕ ਸਨ। ਉਹ ਕਾਫੀ ਸਮਾਂ ਇੰਗਲੈਂਡ ਦੇ ਸ਼ਹਿਰ ਲੰਡਨ ਦੇ ਇਲਫੋਰਡ ਖੇਤਰ ਵਿੱਚ ਆਪਣੇ ਇੱਕ ਬੇਟੇ ਕੋਲ ਰਹਿੰਦੇ ਰਹੇ। ਪਿਛਲੇ ਕਈ ਸਾਲਾਂ ਤੋਂ ਉਹ ਆਪਣੇ ਜੱਦੀ ਪਿੰਡ ਬਿਆਸ ਆ ਕੇ ਰਹਿਣ ਲੱਗ ਪਏ ਸਨ। ਉਨ੍ਹਾਂ ਦੀ ਲੰਡਨ ਆਧਾਰਤ ਰਨਿੰਗ ਕਲੱਬ ਅਤੇ ਸਮਾਜ ਭਲਾਈ ਸੰਸਥਾ 'ਸਿੱਖਸ ਇਨ ਸਿਟੀ' ਨੇ ਕਿਹਾ ਕਿ ਇਲਫੋਰਡ ਵਿੱਚ ਸੰਸਥਾ ਦਾ ਅਗਲਾ ਪ੍ਰੋਗਰਾਮ ਫੌਜਾ ਸਿੰਘ ਦੀ ਜ਼ਿੰਦਗੀ ਅਤੇ ਪ੍ਰਾਪਤੀਆਂ 'ਤੇ ਕੇਂਦਰਿਤ ਹੋਵੇਗਾ। ਉਨ੍ਹਾਂ ਦੇ ਕੋਚ ਰਹੇ ਹਰਮੰਦਰ ਸਿੰਘ ਨੇ ਫੌਜਾ ਸਿੰਘ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਆਪਣੇ ਇੱਕ ਬਿਆਨ ਵਿੱਚ ਦੱਸਿਆ ਕਿ ਦੁਨੀਆਂ ਦੇ ਸਭ ਤੋਂ ਲੰਬੀ ਉਮਰ ਭੋਗਣ ਵਾਲੇ ਮੈਰਾਥਨ ਦੌੜਾਕ ਨੇ ਵੱਖੋ-ਵੱਖ ਉਮਰ ਬਰੈਕਟ ਵਿੱਚ ਕਈ ਰਿਕਾਰਡ ਤੋੜੇ।

ਫੌਜਾ ਸਿੰਘ ਦੀ ਸੜਕ ਹਾਦਸੇ ਵਿੱਚ ਮੌਤ ਪੰਜਾਬ ਦੇ ਸੜਕ ਪ੍ਰਬੰਧਨ 'ਤੇ ਵੀ ਇੱਕ ਕਾਲੇ ਦਾਗ ਵਾਂਗ ਚਿਪਕ ਗਈ ਹੈ। ਜਿਸ ਬਜ਼ੁਰਗ ਨੂੰ ਬੁਢਾਪਾ ਨਹੀਂ ਮਾਰ ਸਕਿਆ, ਉਹਨੂੰ ਇੱਕ ਸੜਕ ਹਾਦਸਾ ਮਾਰ ਗਿਆ। ਸਾਲ 2021 ਵਿੱਚ ਪੰਜਾਬ ਵਿੱਚ ਕੁੱਲ 5871 ਸੜਕ ਹਾਦਸੇ ਵਾਪਰੇ ਸਨ। 2022 ਵਿੱਚ ਇਨ੍ਹਾਂ ਦੀ ਗਿਣਤੀ ਵਧ ਕੇ 6138 ਹੋ ਗਈ ਸੀ। ਕਈ ਪਾਰਟੀਆਂ ਦੇ ਬਹੁਤ ਸਾਰੇ ਐਲਾਨ ਕਰਨ, ਦਮਗਜ਼ੇ ਮਾਰਨ, ਕਾਨੂੰਨ ਬਣਾਉਣ, ਸੜਕੀ ਨਿਯਮਾਂ ਦੀ ਉਲੰਘਣਾ 'ਤੇ ਜੁਰਮਾਨੇ ਵਧਾਉਣ, ਨਵੀਂ ਸੜਕ ਸੁਰੱਖਿਆ ਫੋਰਸ ਬਣਾਉਣ ਆਦਿ ਦੇ ਬਾਵਜੂਦ ਸੜਕ ਹਾਦਸੇ ਰੁਕਣ ਦਾ ਨਾਂ ਨਹੀਂ ਲੈ ਰਹੇ। ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਸੜਕੀ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਹੋਣ ਵਾਲੇ ਜੁਰਮਾਨਿਆਂ ਵਿੱਚ ਕਈ ਗੁਣਾ ਵਾਧਾ ਕਰ ਦਿੱਤਾ ਗਿਆ ਸੀ। ਤਤਕਾਲੀ ਸਰਕਾਰ ਵੱਲੋਂ ਇਹ ਸੜਕ ਹਾਦਸਿਆਂ 'ਤੇ ਕਾਬੂ ਪਾਉਣ ਦਾ ਇੱਕ ਯਤਨ ਸੀ; ਪਰ ਇਸ ਕਦਮ ਨਾਲ ਨਿਯਮਾਂ ਨੂੰ ਲਾਗੂ ਕਰਵਾਉਣ ਲਈ ਜ਼ਿੰਮੇਵਾਰ ਪੁਲਿਸ ਦੀ ਰਿਸ਼ਵਤ ਤਾਂ ਵਧ ਗਈ, ਪਰ ਹਾਦਸਿਆਂ ਨੂੰ ਕੋਈ ਫਰਕ ਨਾ ਪਿਆ। ਪੰਜਾਬ ਵਿੱਚ ਭਗਵੰਤ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਸੜਕ ਹਾਦਸੇ ਰੋਕਣ ਲਈ 'ਸੜਕ ਸੁਰੱਖਿਆ ਫੋਰਸ' ਦਾ ਗਠਨ ਕੀਤਾ ਗਿਆ। ਕਰੋੜਾਂ ਰੁਪਏ ਦੀਆਂ ਨਵੀਆਂ ਗੱਡੀਆਂ ਅਤੇ ਤਕਨੀਕੀ ਸਾਜ਼ੋ ਸਮਾਨ ਇਨ੍ਹਾਂ ਲਈ ਖਰੀਦਿਆ ਗਿਆ; ਪਰ ਹਾਦਸਿਆਂ ਦਾ ਪਰਨਾਲਾ ਉਥੇ ਦਾ ਉਥੇ ਰਿਹਾ। ਇਹ ਸਾਰਾ ਕੁਝ ਸਾਡੀ ਸਮੂਹਿਕ ਮਨੁੱਖੀ ਬਿਰਤੀ ਵਿੱਚ ਪਏ ਚਿੱਬਾਂ ਵੱਲ ਇਸ਼ਾਰਾ ਕਰਦਾ ਹੈ। ਇੱਕ ਜਗਤ ਪ੍ਰਸਿੱਧ ਬਜ਼ੁਰਗ ਨੂੰ ਵਾਹਨ ਨੇ ਟੱਕਰ ਮਾਰੀ ਤੇ ਡਰਾਈਵਰ ਨੇ ਗੱਡੀ ਰੋਕੀ ਤੱਕ ਨਹੀਂ। ਪਹਿਲਾਂ ਪੁਲਿਸ ਨੇ ਵਾਹਨ ਅਣਪਛਾਤਾ ਕਹਿ ਦਿੱਤਾ ਸੀ। ਕਿਹੋ ਜਿਹੇ ਹਨ ਸਾਡੇ ਰਾਜ ਕਰਨ ਵਾਲੇ ਜਾਂ ਸਮਾਜ ਘੜਨ ਵਾਲੇ? ਹੁਣ ਤਾਂ ਦੇਸ਼ ਨੂੰ ਭ੍ਰਿਸ਼ਟਾਚਾਰ ਦੀ ਬਿਮਾਰੀ ਤੋਂ ਮੁਕਤ ਕਰਨ ਦਾ ਦਾਅਵਾ ਕਾਰਨ ਵਾਲੀ ਪਾਰਟੀ ਪੰਜਾਬ 'ਚ ਰਾਜ ਕਰ ਰਹੀ ਹੈ! ਕੁਝ ਸਮਾਂ ਪਹਿਲਾਂ ਪੰਜਾਬੀ ਟ੍ਰਿਬੀਉਨ ਵਿੱਚ ਛਪੇ ਇੱਕ ਲੇਖ ਵਿੱਚ ਖੇਡ ਲੇਖਕ ਸਰਵਣ ਸਿੰਘ ਨੇ ਲਿਖਿਆ ਸੀ ਕਿ ਇੱਕ ਮੁਲਾਕਾਤ ਵੇਲੇ ਜਦੋਂ ਉਨ੍ਹਾਂ ਫੌਜਾ ਸਿੰਘ ਨੂੰ ਵਧਦੀ ਉਮਰ ਬਾਰੇ ਪੁੱਛਿਆ ਤਾਂ ਉਨ੍ਹਾਂ ਮਜ਼ਾਕ ਵਿੱਚ ਜਵਾਬ ਦਿੱਤਾ ਸੀ ਕਿ, "ਆਪਣੇ ਹਿੱਸੇ ਦੀਆਂ ਸਾਰੀਆਂ ਛੱਲੀਆਂ ਚੂੰਡ ਕੇ ਮਰਾਂਗੇ।" ਅਸਲ ਵਿੱਚ ਇਹ ਬਜ਼ੁਰਗ ਦੌੜਾਕ ਇੱਕ ਬੇਹੱਦ ਜ਼ਿੰਦਾਦਿਲ ਇਨਸਾਨ ਵੀ ਸੀ।

## ਧਾਰਮਿਕ ਗ੍ਰੰਥਾਂ ਦੀ ਬੇਅਦਬੀ ਸੰਬੰਧੀ ਬਿਲ 'ਤੇ ਬਹਿਸ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਿੱਲੀ ਹਾਜ਼ਰੀ ਭਰ ਕੇ ਆਏ ਹਨ। ਜਾਪਦਾ ਹੈ ਕਿ ਇਸ ਬਿਲ ਨੂੰ ਪਾਸ ਕਰਨ ਦੇ ਅਮਲ ਨੂੰ ਧੀਮਾ ਕਰਨ ਦੀ ਸਲਾਹ ਉਨ੍ਹਾਂ ਨੂੰ ਦਿੱਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸੰਬੰਧੀ ਬਣਨ ਵਾਲੇ ਇਸ ਕਾਨੂੰਨ ਨੂੰ ਹੁਣ ਸਾਰੇ ਧਰਮਾਂ ਦੇ ਧਾਰਮਿਕ ਗ੍ਰੰਥਾਂ ਦੀ ਪਵਿੱਤਰਤਾ ਅਤੇ ਸੁਰੱਖਿਆ ਦੇ ਸੰਦਰਭ ਵਿੱਚ ਡਿਜ਼ਾਈਨ ਕੀਤਾ ਗਿਆ ਹੈ। ਕੁਝ ਮੈਂਬਰਾਂ ਨੇ ਕਿਹਾ ਕਿ ਸਿੱਖਾਂ ਨੂੰ ਬਾਕੀ ਧਰਮਾਂ ਦੇ ਧਾਰਮਿਕ ਗ੍ਰੰਥਾਂ ਦੀ ਸੁਰੱਖਿਆ ਅਤੇ ਪਵਿੱਤਰਤਾ ਕਾਇਮ ਰੱਖਣ ਦੀ ਦ੍ਰਿਸ਼ਟੀ ਤੋਂ ਕਾਨੂੰਨ ਬਣਾਉਣ 'ਤੇ ਵੀ ਕੋਈ ਇਤਰਾਜ਼ ਨਹੀਂ ਹੈ, ਪਰ ਸਿੱਖ ਵਿਦਵਾਨਾਂ ਦੀ ਦਲੀਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖ ਪੰਥ ਦੇ ਇੱਕ ਲਿਵਿੰਗ ਗੁਰੂ ਹੋਣ ਦੀ ਪੁਜੀਸ਼ਨ ਬਾਕੀ ਧਰਮਾਂ ਦੇ ਮੁਕਾਬਲੇ ਬਿਲਕੁਲ ਨਵੇਕਲੀ ਹੈ। ਗੁਰੂ ਸਾਹਿਬਾਨ ਤੋਂ ਬਾਅਦ, ਸ਼ਬਦ ਗੁਰੂ ਦੇ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਲਈ ਇੱਕ ਜੀਵਿਤ ਰਹਿਨੁਮਾ ਵਾਂਗ ਪ੍ਰਕਾਸ਼ਮਾਨ ਹਨ। ਇਸ ਲਈ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦਾ ਹਨਨ ਇੱਕ ਜੀਵਤ ਗੁਰੂ ਦੀ ਹੱਤਿਆ ਵਾਂਗ ਹੈ। ਇਸ ਲਈ ਅਜਿਹਾ ਕਰਨ ਵਾਲੇ ਨੂੰ ਉਮਰ ਕੈਦ ਤੋਂ ਘੱਟ ਸਜ਼ਾ ਨਹੀਂ ਹੋਣੀ ਚਾਹੀਦੀ। ਜਦਕਿ ਮੌਜੂਦਾ ਪੰਜਾਬ ਸਰਕਾਰ ਵੱਲੋਂ ਪੰਜਾਬ ਅਸੈਂਬਲੀ ਵਿੱਚ ਜਿਹੜਾ ਖਰੜਾ ਪੇਸ਼ ਕੀਤਾ ਗਿਆ ਹੈ, ਉਸ ਵਿੱਚ ਇਹ ਸਜ਼ਾ ਵੱਧ ਤੋਂ ਵੱਧ ਦਸ ਸਾਲ ਰੱਖੀ ਗਈ ਹੈ।

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਉਪਰੇਸ਼ਨ ਬਲਿਊਸਟਾਰ ਦੇ ਬਿਨਾਅ 'ਤੇ ਕਾਂਗਰਸੀਆਂ ਦੀ ਰੱਜ ਕੇ ਮਿੱਟੀ ਪਲੀਤ ਕੀਤੀ। ਉਨ੍ਹਾਂ ਅਕਾਲੀਆਂ 'ਤੇ ਵੀ ਬਰਾਬਰ ਦਾ ਤਵਾ ਲਾਇਆ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ, ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿਢੇਰੀ ਕੀਤਾ। ਇਹ ਹੁਣ ਸਾਨੂੰ ਮੱਤਾਂ ਦੇਣ ਲੱਗੇ ਹੋਏ ਹਨ। ਅਕਾਲੀਆਂ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਜਿਹੜੇ ਅਕਾਲੀ ਸਿੱਖ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਨੂੰ ਬਹਾਲ ਕਰਨ ਦਾ ਦਾਅਵਾ ਕਰਕੇ ਸੱਤਾ ਵਿੱਚ ਆਏ ਸਨ, ਉਨ੍ਹਾਂ ਨੇ ਗੁਰੂ ਮਹਾਰਾਜ ਦੇ ਅੰਗ ਗਲੀਆਂ ਵਿੱਚ ਰੋਲ ਦਿੱਤੇ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਬਜਾਏ ਉਨ੍ਹਾਂ ਦਾ ਬਚਾਅ ਕੀਤਾ। ਉਨ੍ਹਾਂ ਕਿਹਾ ਕਿ ਅਕਾਲੀ ਅਤੇ ਕਾਂਗਰਸੀਆਂ ਨੇ ਆਪਸ ਵਿੱਚ ਰਲ ਕੇ ਸਾਰੇ ਗੁਨਾਹ ਕੀਤੇ। ਉਨ੍ਹਾਂ ਕਿਹਾ ਕਿ ਇਨ੍ਹਾਂ ਦਾ ਇੱਕ-ਦੂਜੇ ਨਾਲ ਅਹਿਦ ਸੀ ਕਿ ਤੁਸੀਂ ਸਾਨੂੰ ਕੁਝ ਨਾ ਕਿਹੋ, ਅਸੀਂ ਤੁਹਾਨੂੰ ਕੁਝ ਨਹੀਂ ਆਖਦੇ।

'ਆਪ' ਆਗੂ ਪ੍ਰੋ. ਜਸਵੰਤ ਸਿੰਘ ਗੱਜਣ ਮਾਜਰਾ ਨੇ ਨਵੇਂ ਬਿੱਲ ਦੀ ਗੱਲ ਕਰਦਿਆਂ ਇਤਿਹਾਸ 'ਤੇ ਪ੍ਰਵਚਨ ਸ਼ੁਰੂ ਕਰ ਲਿਆ। ਅਖੀਰ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਕਹਿਣਾ ਪਿਆ ਕਿ ਗੱਜਣਮਾਜਰਾ ਸਾਹਿਬ ਬਿੱਲ 'ਤੇ ਫੋਕਸ ਕਰੋ। ਲੁਧਿਆਣਾ ਤੋਂ ਪੰਜਾਬ ਅਸੈਂਬਲੀ ਦੇ ਮੈਂਬਰ ਅਕਾਲੀ ਆਗੂ ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਦੂਜੇ ਧਰਮਾਂ ਦੇ ਗ੍ਰੰਥਾਂ ਦਾ ਸਤਿਕਾਰ ਕਰਦੇ ਹਨ ਅਤੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ 'ਤੇ ਕਾਨੂੰਨ ਬਣਾ ਕੇ ਰਾਸ਼ਟਰਪਤੀ ਤੋਂ ਇਸ 'ਤੇ ਮੋਹਰ ਵੀ ਲਗਵਾਇਆ ਜਾਵੇ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਪਾਰਲੀਮੈਂਟ ਵਿੱਚ ਵੀ ਪਾਸ ਕਰਵਾਇਆ ਜਾਣਾ ਚਾਹੀਦਾ ਹੈ।

ਅਸੈਂਬਲੀ ਮੈਂਬਰ ਪਰਗਟ ਸਿੰਘ ਨੇ ਕਿਹਾ ਕਿ ਇਹਦੇ ਬਾਰੇ ਸਾਰਾ ਹਾਊਸ ਸਹਿਮਤ ਹੈ ਕਿ ਕਾਨੂੰਨ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਨੇ ਆਪਣੇ ਹੀ ਆਗੂ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਵਿੱਚ ਬਣੀ ਸਿੱਟ ਦੀ ਰਿਪੋਰਟ ਨੂੰ ਵੀ ਦਰਕਿਨਾਰ ਕਰ ਦਿੱਤਾ ਅਤੇ ਖੁਦ ਉਨ੍ਹਾਂ ਨੂੰ ਵੀ ਨਾਲ ਹੀ ਦਰਕਿਨਾਰ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਾਢੇ ਤਿੰਨ ਸਾਲ ਦੇ ਸਮੇਂ ਵਿੱਚ ਵੀ ਪਰਨਾਲਾ ਉਥੇ ਦਾ ਉਥੇ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਵੇਲੇ ਵੀ ਅਤੇ ਕੈਪਟਨ ਦੀ ਅਗਵਾਈ ਵਿੱਚ ਕਾਂਗਰਸ ਸਰਕਾਰ ਵੇਲੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਰੋਕਣ ਲਈ ਬਿੱਲ ਪਾਸ ਕਰ ਕੇ ਭੇਜੇ ਗਏ ਸਨ, ਪਰ ਉਹ ਦੋਨੋ ਰਾਸ਼ਟਰਪਤੀ ਭਵਨ ਵਿੱਚ ਪਏ ਧੂੜ ਫੱਕ ਰਹੇ ਹਨ। ਅਕਾਲੀ ਦਲ ਤੋਂ 'ਆਪ' ਵਿੱਚ ਗਏ ਅਸੈਂਬਲੀ ਮੈਂਬਰ ਡਾਕਟਰ ਸੁੱਖੀ ਨੇ ਵੀ ਨਵੇਂ ਬਿਲ ਦੀ ਤਾਈਦ ਕੀਤੀ ਅਤੇ ਇਸ ਨੂੰ ਪਾਸ ਕਰਵਾਉਣ ਲਈ ਸਾਰੇ ਹਾਊਸ ਨੂੰ ਸਹਿਯੋਗ ਕਰਨ ਦੀ ਅਪੀਲ ਕੀਤੀ।

ਆਮ ਆਦਮੀ ਪਾਰਟੀ ਦੇ ਪੰਜਾਬ ਯੂਨਿਟ ਦੇ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਭਾਵੇਂ ਬਿਲ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਲਿਵਿੰਗ ਗੁਰੂ ਨਹੀਂ ਲਿਖਿਆ ਗਿਆ, ਪਰ ਇਸ ਸੰਬੰਧ ਵਿੱਚ ਮੁੱਖ ਮੰਤਰੀ ਵੱਲੋਂ ਇੱਕ ਕੰਪਲੀਮੈਂਟਰੀ ਪੱਤਰ ਲਿਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਬਰਗਾੜੀ ਕੇਸ ਦੇ ਮਾਮਲੇ ਵਿੱਚ 7 ਚਲਾਨ ਪੇਸ਼ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕੋਟ ਕਪੂਰਾ ਕੇਸ ਵਿੱਚ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਤਹਿਤ ਦੋ ਸਿੱਟਾਂ ਬਣੀਆਂ ਅਤੇ ਇਸ ਦੀ ਰਿਪੋਰਟ ਦੇ ਆਧਾਰਤ 'ਤੇ ਤਿੰਨ ਐਫ.ਆਈ.ਆਰ. ਦਰਜ ਹੋਈਆਂ, ਜਿਨ੍ਹਾਂ ਵਿੱਚ ਸੀਨੀਅਰ ਪੁਲਿਸ ਅਫਸਰਾਂ ਨੂੰ ਚਾਰਜਸ਼ੀਟ ਕੀਤਾ ਗਿਆ। ਐਲ.ਕੇ. ਯਾਦਵ ਦੀ ਸਿੱਟ ਸਾਡੀ ਸਰਕਾਰ ਵੇਲੇ ਬਣੀ ਅਤੇ ਚਲਾਨ ਵੀ ਪੇਸ਼ ਕੀਤੇ ਗਏ, ਜਿਸ ਦੀ ਰਿਪੋਰਟ ਵਿੱਚ ਹੋਰਾਂ ਦੇ ਨਾਲ ਨਾਲ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਦੋਸ਼ੀ ਠਹਿਰਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੀਆਂ ਹੁਣ ਵਾਲੀਆਂ ਕੋਸ਼ਿਸ਼ਾਂ ਵੀ ਗੰਭੀਰਤਾ ਰਹਿਤ ਨਹੀਂ ਹਨ।

ਜੇ ਬੇਅਦਬੀ ਸ਼ਬਦ ਨੂੰ ਅਕਾਦਮਿਕ ਦ੍ਰਿਸ਼ਟੀ ਤੋਂ ਵੇਖੀਏ ਤਾਂ ਪਤਾ ਲਗਦਾ ਹੈ ਕਿ ਪੰਜਾਬੀ ਦਾ ਬੇਅਦਬੀ ਸ਼ਬਦ ਅਸਲ ਵਿੱਚ 'ਬੇ'-'ਅਦਬ', ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ। ਇਸ ਸ਼ਬਦ ਦਾ ਪਿਛੋਕੜ ਫਾਰਸੀ ਮੂਲ ਦਾ ਹੈ। ਅਦਬ ਨੂੰ ਦੂਜੇ ਸ਼ਬਦਾਂ ਵਿੱਚ ਸਤਿਕਾਰ ਵੀ ਕਿਹਾ ਜਾ ਸਕਦਾ। ਬੇਅਦਬੀ ਦਾ ਮਤਲਬ ਇੰਜ ਸਤਿਕਾਰਹੀਣਤਾ ਬਣਦਾ ਹੈ। ਜਦੋਂ ਕੋਈ ਪੂਰੀ ਮਰਿਯਾਦਾ ਵਿੱਚ ਰਹਿ ਕੇ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਨਹੀਂ ਕਰਦਾ ਹੈ ਅਤੇ ਇਸ ਨਾਲ ਅਦਬ ਰਹਿਤ ਵਿਚਰਦਾ ਹੈ ਤਾਂ ਇਸ ਨੂੰ ਅਸੀਂ ਬੇਅਦਬੀ ਕਹਿੰਦੇ ਹਾਂ। ਅਮਰੀਕਾ ਵਿੱਚ ਵੱਸਦੇ ਅਤੇ ਸਿੱਖ ਇੰਸਟੀਚਿਊਟ ਦੇ ਡਾਇਰੈਕਟਰ ਹਰਿੰਦਰ ਸਿੰਘ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਲਈ ਅੰਗਰੇਜ਼ੀ ਦਾ ਸ਼ਬਦ ਰੈਵਰੈਂਸ ਵਧੇਰੇ ਢੁਕਵਾਂ ਹੈ।

# ਜੰਗੀ ਮਾਹੌਲ ਨੇ ਹਥਿਆਰਾਂ ਦੀ ਦੌੜ ਤੇਜ਼ ਕੀਤੀ

**ਜਸਵੀਰ ਸਿੰਘ ਮਾਂਗਟ**

***ਕਈ ਹੋਰ ਮੁਲਕ ਵੀ ਪ੍ਰਮਾਣੂ ਹਥਿਆਰਾਂ ਬਾਰੇ ਸੋਚਣ ਲੱਗੇ**

***ਇੰਗਲੈਂਡ ਦਾ ਸਾਮਰਾਜੀ ਹੈਂਗਓਵਰ ਜਾਰੀ**



ਮੱਧ ਪੂਰਬ ਵਿੱਚ ਇਜ਼ਰਾਇਲ ਅਤੇ ਇਰਾਨ ਵਿਚਕਾਰ ਜੰਗ ਭਾਵੇਂ ਥਮ੍ਹ ਗਈ ਹੈ, ਪਰ ਇਨ੍ਹਾਂ ਦੋਹਾਂ ਮੁਲਕਾਂ ਵਿਚਾਲੇ ਹੋਈ 12 ਦਿਨਾਂ ਦੀ ਜੰਗ ਨੇ ਇਸ ਖ਼ੇਤਰ ਵਿੱਚ ਹਥਿਆਰਾਂ ਦੀ ਦੌੜ ਨੂੰ ਤੇਜ਼ ਕਰ ਦਿੱਤਾ ਹੈ। ਖਾਸ ਕਰਕੇ ਇਰਾਨ ਆਪਣੇ-ਆਪ ਨੂੰ ਹਵਾਈ ਫੌਜੀ ਖੇਤਰ ਅਤੇ ਪ੍ਰਮਾਣੂ ਜੰਗ ਦੇ ਖ਼ਤਰਿਆਂ ਲਈ ਤਿਆਰ ਕਰਨ ਲੱਗ ਪਿਆ ਹੈ। ਇਸ ਦੇ ਨਾਲ ਹੀ ਸਾਉਦੀ ਅਰਬ, ਯੂ.ਏ.ਈ, ਕਤਰ, ਤੁਰਕੀ, ਦੱਖਣੀ ਕੋਰੀਆ, ਜਪਾਨ ਅਤੇ ਅਜ਼ਰਾਬਈਜਾਨ ਵਰਗੇ ਮੁਲਕ ਵੀ ਆਪਣੇ-ਆਪ ਨੂੰ ਫੌਜੀ ਖ਼ੇਤਰ ਵਿੱਚ ਨਵੀਆਂ ਤਕਨੀਕਾਂ ਨਾਲ ਲੈਸ ਕਰਨ ਲੱਗੇ ਹਨ। ਜ਼ਿਕਰਯੋਗ ਹੈ ਕਿ ਪਿਛੇ ਜਿਹੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਈ ਤਿੰਨ ਦਿਨਾਂ ਦੀ ਜੰਗ ਨੇ ਇਹ ਵਿਖਾ ਦਿੱਤਾ ਸੀ ਕਿ ਜੰਗ ਦੇ ਰਵਾਇਤੀ ਢੰਗ ਤਰੀਕੇ ਹੁਣ ਕਾਰਗਰ ਨਹੀਂ ਰਹਿ ਗਏ ਹਨ। ਸੂਚਨਾ ਤਕਨੀਕਾਂ, ਸਾਈਬਰ ਵਾਰ ਫੇਅਰ, ਸਪੇਸ ਤਕਨੌਲੋਜੀ ਅਤੇ ਹਾਈਪਰ ਸੋਨਿਕ ਮਿਜ਼ਾਈਲਾਂ ਨੇ ਜੰਗੀ ਹਾਲਾਤ ਪੂਰੀ ਤਰ੍ਹਾਂ ਬਦਲ ਦਿੱਤੇ ਹਨ।

ਇਸ ਦੇ ਨਾਲ ਇਹ ਵੀ ਕਿ ਦੁਨੀਆਂ ਵਿੱਚ ਹਥਿਆਰਾਂ ਅਤੇ ਜੰਗੀ ਤਕਨੌਲੋਜੀ ਦੀ ਦੌੜ ਵਸੀਹ ਹੋ ਗਈ ਹੈ। ਰੂਸ ਸਮੇਤ ਕੁਝ ਏਸ਼ੀਆਈ ਮੁਲਕ ਵੀ ਨਵੇਂ ਹਥਿਆਰਾਂ ਅਤੇ ਫੌਜੀ ਤਕਨੀਕਾਂ ਦੇ ਮਾਮਲੇ ਵਿੱਚ ਪੱਛਮ ਨਾਲ ਭਿੜਨ ਲੱਗੇ ਹਨ। ਉੱਤਰੀ ਕੋਰੀਆ ਦੇ ਪ੍ਰਮਾਣੂ ਸੰਪਨ ਹੋ ਜਾਣ ਨੇ ਜਪਾਨ ਅਤੇ ਦੱਖਣੀ ਕੋਰੀਆ ਜਿਹੇ ਮੁਲਕਾਂ ਨੂੰ ਵੀ ਆਪਣੀਆਂ ਫੌਜੀ ਸਮਰੱਥਾਵਾਂ ਬਾਰੇ ਨਵੇਂ ਸਿਰੇ ਤੋਂ ਸੋਚਣ ਲਾ ਦਿੱਤਾ ਹੈ। ਭਾਰਤ ਅਤੇ ਪਾਕਿਸਤਾਨ ਇਸ ਖਿੱਤੇ ਵਿੱਚ ਪਹਿਲਾਂ ਹੀ ਪ੍ਰਮਾਣੂ ਹਥਿਆਰਾਂ ਨਾਲ ਲੈਸ ਦੇਸ਼ ਹਨ। ਰੂਸ ਕੋਲ ਪ੍ਰਮਾਣੂ ਹਥਿਆਰਾਂ ਦਾ ਸਭ ਤੋਂ ਵੱਡਾ ਜਖ਼ੀਰਾ ਹੈ। ਅਮਰੀਕਾ ਦਾ ਦੂਜਾ ਨੰਬਰ ਹੈ। ਇੱਧਰ ਪੱਛਮੀ ਏਸ਼ੀਆ ਦੇ ਗਾਜ਼ਾ ਵਿੱਚ ਇਜ਼ਰਾਇਲ ਵੱਲੋਂ ਫਲਿਸਤੀਨੀਆਂ ਦੀ ਨਸਲਕੁਸ਼ੀ ਜਾਰੀ ਹੈ ਅਤੇ ਪਿਛਲੇ ਤਿੰਨ ਸਾਲਾਂ ਤੋਂ ਜਾਰੀ ਰਹਿ ਰਹੀ ਰੂਸ-ਯੂਕਰੇਨ ਜੰਗ ਨੇ ਯੂਰਪ ਅਤੇ ਟਰੰਪ ਨੂੰ ਇਸ ਕਲੇਸ਼ ਬਾਰੇ ਵੱਖਰੀ ਤਰ੍ਹਾਂ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਰਾਸ਼ਟਰਪਤੀ ਬਣਨ ਤੋਂ ਬਾਅਦ ਟਰੰਪ ਨੂੰ ਆਸ ਸੀ ਕਿ ਉਹ ਰੂਸ-ਯੂਕਰੇਨ ਜੰਗ ਨੂੰ ਕੁਝ ਹੀ ਦਿਨਾਂ ਵਿੱਚ ਰੁਕਵਾ ਦੇਣਗੇ, ਪਰ ਯੂਰਪੀਅਨ ਮੁਲਕ, ਖਾਸ ਕਰਕੇ ਇੰਗਲੈਂਡ, ਜਰਮਨੀ ਅਤੇ ਫਰਾਂਸ ਯੂਕਰੇਨ ਨੂੰ ਜੰਗ ਵਿੱਚ ਉਲਝਾਈ ਰੱਖਣ ਦੇ ਹੱਕ ਵਿੱਚ ਹਨ। ਇਸੇ ਕਰਕੇ ਕੁਝ ਯੂਰਪੀ ਸ਼ਕਤੀਆਂ ਦੀ ਮਦਦ ਨਾਲ ਯੂਕਰੇਨ ਬੀਤੇ ਮਹੀਨੇ ਰੂਸ ਦੇ ਧੁਰ ਅੰਦਰ ਜਾ ਕੇ ਪ੍ਰਮਾਣੂ ਬੰਬ ਲਿਜਾਣ ਅਤੇ ਹਮਲਾ ਕਰਨ ਦੀ ਸਮਰੱਥਾ ਰੱਖਣ ਵਾਲੇ ਜਹਾਜ਼ਾਂ 'ਤੇ ਡਰੋਨ ਹਮਲਾ ਕਰਨ ਵਿੱਚ ਕਾਮਯਾਬ ਰਿਹਾ ਸੀ। ਇਸ ਹਮਲੇ ਦੀ ਜੈਲੇਂਸਕੀ ਦੀ ਯੂਕਰੇਨ ਸਰਕਾਰ ਨੇ ਜ਼ਿੰਮੇਵਾਰੀ ਵੀ ਲੈ ਲਈ ਸੀ। ਨਾਟੋ ਦੇ ਮੈਂਬਰ ਯੂਰਪੀਅਨ ਮੁਲਕਾਂ ਅਤੇ ਯੂਕਰੇਨ ਨੂੰ ਆਸ ਸੀ ਕਿ ਇਸ ਹਮਲੇ ਨਾਲ ਪੈਦਾ ਹੋਈ ਨਮੋਸ਼ੀ ਅਤੇ ਭੜਕਾਹਟ ਤੋਂ ਪਿੱਛੋਂ ਰੂਸ ਪ੍ਰਮਾਣੂ ਹਥਿਆਰ ਵਰਤਣ ਜਿਹੀ ਰਣਨੀਤਿਕ ਗਲਤੀ ਕਰੇਗਾ ਅਤੇ ਇਸ ਨੂੰ ਆਧਾਰ ਬਣਾ ਕੇ ਉਹ ਨਾਟੋ ਤੋਂ ਦੂਰ ਹਟ ਗਏ ਅਮਰੀਕਾ ਦੀ ਟਰੰਪ ਸਰਕਾਰ ਨੂੰ ਆਪਣੇ ਕਰੀਬ ਲਿਆਉਣ ਵਿੱਚ ਕਾਮਯਾਬ ਰਹਿਣਗੇ। ਰੂਸ ਨੇ ਆਪਣੇ ਪ੍ਰਮਾਣੂ ਹਥਿਆਰ ਲਿਜਾਣ ਵਾਲੇ ਜਹਾਜ਼ਾਂ ਉੱਤੇ ਹਮਲਾ ਝੱਲ ਕੇ ਵੀ ਕੋਈ ਗੁਸੈਲੀ ਜਾਂ ਭੜਕਾਊ ਕਾਰਵਾਈ ਨਹੀਂ ਕੀਤੀ; ਪਰ ਉਸ ਨੇ ਯੂਕਰੇਨ ਦੀ ਧਰਤੀ 'ਤੇ ਕੀਤੇ ਗਏ ਕਬਜ਼ੇ ਨੂੰ ਵਧੇਰੇ ਪੱਕੇ ਪੈਰੀਂ ਕਰਨ ਲਈ ਅਤੇ ਇਸ ਮੁਲਕ ਦਾ ਹੋਰ ਹਿੱਸਾ ਦੱਬਣ ਲਈ ਆਪਣੀ ਲੜਾਈ ਤੇਜ਼ ਕਰ ਦਿੱਤੀ ਹੈ। ਰਾਸ਼ਟਰਪਤੀ ਟਰੰਪ ਅਤੇ ਵਲਾਦੀਮੀਰ ਪੂਤਿਨ ਵਿਚਕਾਰ ਹੋਈ ਲੰਮੀ ਗੱਲਬਾਤ ਤੋਂ ਬਾਅਦ ਵੀ ਇਸ ਜੰਗ ਬਾਰੇ ਇਹ ਦੋ ਵੱਡੀਆਂ ਸ਼ਕਤੀਆਂ ਕਿਸੇ ਸਿੱਟੇ 'ਤੇ ਨਹੀਂ ਪਹੁੰਚ ਸਕੀਆਂ। ਇਸ ਲਈ ਅਮਰੀਕੀ ਰਾਸ਼ਟਰਪਤੀ ਨੇ ਵੀ ਹੁਣ ਯੂਕਰੇਨ ਨੂੰ ਹਥਿਆਰ ਦੇਣ ਦੀ ਗੱਲ ਆਖੀ ਹੈ।

ਉਂਝ ਇਹ ਇੱਕ ਸੁਖਾਵੀਂ ਸੂਚਨਾ ਇਹ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨੋਬਲ ਇਨਾਮ ਜਿੱਤਣ ਦੀ ਖਾਹਿਸ਼ ਉਨ੍ਹਾਂ ਨੂੰ ਫਲਿਸਤੀਨ-ਇਜ਼ਰਾਇਲ ਜੰਗ ਨੂੰ ਖਤਮ ਕਰਨ ਲਈ ਉਤਸ਼ਾਹਿਤ ਕਰ ਸਕਦੀ ਹੈ। ਇਸੇ ਕਰਕੇ ਜਾਪਦਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਰਾਨ ਦੇ ਖਿਲਾਫ ਮੁੜ ਜੰਗ ਛੇੜਨ ਦੇ ਨੇਤਨਯਾਹੂ ਦੇ ਉਕਸਾਵੇ ਵਿੱਚ ਨਹੀਂ ਆਉਣਗੇ। ਰਾਸ਼ਟਰਪਤੀ ਟਰੰਪ ਦੀ ਅਗਵਾਈ ਵਿੱਚ ਅਮਰੀਕਾ ਇੱਕ ਸਾਮਰਾਜੀ ਹਸਤੀ ਵਜੋਂ ਸੁੰਗੜਾਓ ਵਾਲੀ ਪੁਜੀਸ਼ਨ ਵੱਲ ਮੁੜ ਗਿਆ ਹੈ, ਪਰ ਇਸ ਮੁਲਕ ਦੀ ਡੀਪ ਸਟੇਟ ਯੂਕਰੇਨ ਅਤੇ ਰੂਸ ਵਾਲੀ ਜੰਗ ਦੇ ਮਾਮਲੇ ਵਿੱਚ ਜੋਅ ਬਾਇਡਨ ਵਾਲੀ ਪੁਜੀਸ਼ਨ ਨੂੰ ਹੀ ਅੱਗੇ ਵਧਾਉਣ ਦਾ ਯਤਨ ਕਰ ਰਹੀ ਹੈ। ਜਦਕਿ ਡੋਨਾਲਡ ਟਰੰਪ ਨੂੰ ਵਧ ਰਹੇ ਵਪਾਰ ਘਾਟੇ ਅਤੇ ਮੁਲਕ ਸਿਰ ਛਾਲ਼ਾਂ ਮਾਰ ਕੇ ਚੜ੍ਹ ਰਹੇ ਕਰਜ਼ੇ ਦੀ ਫ਼ਿਕਰ ਸਤਾ ਰਹੀ ਹੈ। ਇਸੇ ਵਿੱਚੋਂ ਉਨ੍ਹਾਂ ਦਾ 'ਟੈਰਿਫ ਵਾਰ' ਵਾਲਾ ਪੈਂਤੜਾ ਨਿਕਲਿਆ ਹੈ, ਜਿਸ ਨਾਲ ਆਰਥਕ ਸੰਕਟ ਦੇ ਹੱਲ ਹੋਣ ਦੀ ਬਜਾਏ ਵੱਡਾ ਹੋਣ ਦੀ ਸ਼ੰਕਾ ਵਧੇਰੇ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ, ਉਨ੍ਹਾਂ ਦੇ ਵਿਸਥਾਰ ਵਿੱਚ ਜਾਣਾ ਇਸ ਲਿਖਤ ਵਿੱਚ ਸੰਭਵ ਨਹੀਂ ਹੈ।

ਇਸ ਸਾਰੇ ਕੁਝ ਤੋਂ ਇਲਾਵਾ ਇੰਗਲੈਂਡ ਆਪਣੇ ਸਾਮਰਾਜ ਦੀ ਲਿਸ਼ਕ ਗੁਆਚਣ ਦੇ ਤਕਰੀਬਨ ਸੌ ਸਾਲਾਂ ਬਾਅਦ ਵੀ ਆਪਣੇ ਸਾਮਰਾਜੀ ਸ਼ਮਲ੍ਹੇ (ਤੁਰਲ੍ਹੇ) ਨੂੰ ਨੀਵਾਂ ਕਰਨ ਲਈ ਰਾਜ਼ੀ ਨਹੀਂ ਹੈ। ਇੰਗਲੈਂਡ, ਫਰਾਂਸ ਤੇ ਜਰਮਨੀ ਰੂਸ ਨੂੰ ਤੁੰਨ ਕੇ ਰੱਖਣ ਦਾ ਯਤਨ ਕਰ ਰਹੇ ਹਨ ਅਤੇ ਆਪਣੇ ਯਤਨਾਂ ਵਿੱਚ ਟਰੰਪ ਨੂੰ ਵੀ ਲਪੇਟਣ ਦੀ ਕੋਸ਼ਿਸ਼ ਕਰ ਰਹੇ ਹਨ। ਸੰਸਾਰ ਵਿੱਚ ਵਧ ਰਹੇ ਖ਼ੇਤਰੀ ਫੌਜੀ ਕਲੇਸ਼ਾਂ ਦੇ ਮੱਦੇਨਜ਼ਰ ਅਤੇ ਅਮਰੀਕਾ ਦੇ ਨਾਟੋ ਵੱਲੋਂ ਹੱਥ ਖਿੱਚਣ ਕਾਰਨ, ਯੂਰਪੀਅਨ ਯੂਨੀਅਨ ਵੱਲੋਂ ਇੱਕ ਸਾਂਝੀ ਫੌਜ ਬਣਾਏ ਜਾਣ ਦੀ ਵੀ ਗੱਲ ਚੱਲ ਪਈ ਹੈ। ਇਸ ਵਿਚਕਾਰ ਜਰਮਨੀ ਭਵਿੱਖ ਵਿੱਚ ਯੂਰਪ ਦੀ ਸਭ ਤੋਂ ਵੱਡੀ ਫੌਜੀ ਤਾਕਤ ਬਣਨ ਦੇ ਐਲਾਨ ਵੀ ਕਰ ਰਿਹਾ ਹੈ। ਜਦਕਿ ਹਾਲ ਦੀ ਘੜੀ ਫਰਾਂਸ ਪ੍ਰਮਾਣੂ ਹਥਿਆਰਾਂ ਨਾਲ ਲੈਸ ਯੂਰਪ ਦੀ ਸਭ ਤੋਂ ਵੱਡੀ ਫੌਜੀ ਤਾਕਤ ਹੈ। ਪਿਛਲੀ ਸਦੀ ਵਿੱਚ ਹੋਈ ਦੂਜੀ ਵੱਡੀ ਜੰਗ ਤੋਂ ਬਾਅਦ ਜਰਮਨੀ ਸਮੇਤ ਬਾਕੀ ਯੂਰਪ ਨੇ ਆਪਣੀ ਸੁਰੱਖਿਆ ਦਾ ਜ਼ਿੰਮਾ ਨਾਟੋ ਦੇ ਜ਼ਰੀਏ ਅਮਰੀਕਾ ਦੇ ਹਵਾਲੇ ਕੀਤਾ ਹੋਇਆ ਸੀ। ਹੁਣ ਹਾਲਤ ਇਹ ਹੈ ਕਿ ਅਮਰੀਕਾ ਯੂਰਪ ਨੂੰ ਨਾਟੋ ਦੇ ਫੌਜੀ ਖਰਚਿਆਂ ਦਾ ਬਰਾਬਰ ਦਾ ਭਾਰ ਚੁੱਕਣ ਲਈ ਆਖ ਰਿਹਾ ਹੈ, ਜਦਕਿ ਯੂਰਪੀਅਨ ਮੁਲਕਾਂ ਦੀ ਆਰਥਿਕ ਸਥਿਤੀ ਹਾਲ ਦੀ ਘੜੀ ਇਸ ਦੀ ਇਜਾਜ਼ਤ ਨਹੀਂ ਦਿੰਦੀ।

ਕੁਝ ਦਿਨ ਪਹਿਲਾਂ ਕਤਰ ਨਾਲ ਸੰਬੰਧਤ ਇੱਕ ਮੀਡੀਆ ਚੈਨਲ 'ਅਲ ਜਜ਼ੀਰਾ' 'ਤੇ ਹੋਈ ਬਹਿਸ ਵਿੱਚ ਇਹ ਅੰਕੜਾ ਸਾਹਮਣੇ ਆਇਆ ਸੀ ਕਿ ਯੂਰਪੀਅਨ ਯੂਨੀਅਨ ਦਾ ਚੀਨ ਨਾਲ ਵਪਾਰ ਘਾਟਾ 300 ਅਰਬ ਡਾਲਰ ਦਾ ਹੈ। ਚੀਨ ਇਨ੍ਹਾਂ ਮੁਲਕਾਂ ਨੂੰ ਵੱਡੀ ਪੱਧਰ 'ਤੇ ਐਕਸਪੋਰਟ ਕਰਦਾ ਹੈ। ਇਸੇ ਤਰ੍ਹਾਂ ਅਮਰੀਕੀ ਟਰੇਡ ਵੀ ਚੀਨ ਦੇ ਮੁਕਾਬਲੇ ਵੱਡੇ ਘਾਟੇ ਵਿੱਚ ਹੈ ਅਤੇ ਇਹ ਘਾਟਾ ਪਿਛਲੇ ਦੋ ਸਾਲਾਂ ਵਿੱਚ ਤੇਜ਼ੀ ਨਾਲ ਵਧਿਆ ਹੈ। ਸਾਲ 2023 ਵਿੱਚ ਅਮਰੀਕਾ ਦਾ ਚੀਨ ਨਾਲ ਵਪਾਰ ਘਾਟਾ 295.4 ਬਿਲੀਅਨ ਡਾਲਰ ਸੀ। ਪਿਛਲੇ ਸਾਲ ਉਹ ਵਧ ਕੇ 438.9 ਬਿਲੀਅਨ ਡਾਲਰ ਹੋ ਗਿਆ।

ਇਸ ਸਾਰੇ ਕੁਝ ਦੇ ਬਾਵਜੂਦ ਵਿੱਤੀ ਅਤੇ ਫੌਜੀ ਖੇਤਰ ਵਿੱਚ ਹਾਲੇ ਵੀ ਅਮਰੀਕਾ ਦਾ ਹੱਥ ਉੱਤੇ ਹੈ। ਚੀਨ ਸਮੇਤ ਤੇਜ਼ੀ ਨਾਲ ਵਿਕਸਿਤ ਹੋ ਰਹੇ ਮੁਲਕਾਂ ਦੇ ਅਰਥਸਾਸ਼ਤਰੀਆਂ ਦੀ ਧਾਰਨਾ ਹੈ ਕਿ ਅਮਰੀਕਾ ਦੀ ਆਰਥਕ-ਵਿੱਤੀ ਚੜ੍ਹਤ ਦੁਨੀਆ ਭਰ ਦਾ ਵਪਾਰਕ ਅਤੇ ਕਾਰੋਬਾਰੀ ਲੈਣ-ਦੇਣ ਡਾਲਰ ਵਿੱਚ ਹੋਣ ਕਾਰਨ ਹੈ। ਚੀਨ, ਭਾਰਤ ਅਤੇ ਬ੍ਰਾਜ਼ੀਲ ਦੀ ਅਗਵਾਈ ਵਾਲਾ ਬਰਿਕਸ ਗੱਠਜੋੜ ਇਸ ਦਾ ਬਦਲ ਇਜਾਦ ਕਰਨ ਦਾ ਯਤਨ ਕਰ ਰਿਹਾ ਹੈ, ਪਰ ਇਸ ਵਾਰ 'ਰੀਓ' ਵਿੱਚ ਹੋਈ ਇਸ ਗਰੁੱਪ ਦੀ ਮੀਟਿੰਗ ਵਿੱਚ ਰੂਸ ਦੇ ਰਾਸ਼ਟਰਪਤੀ ਪੂਤਿਨ ਅਤੇ ਚੀਨ ਦੇ ਰਾਸ਼ਟਰਪਤੀ ਜ਼ੀ-ਸ਼ਿਨ ਪਿੰਗ ਵੱਲੋਂ ਹਿੱਸਾ ਨਾ ਲੈਣ ਕਾਰਨ ਇਸ ਗੁੱਟ ਦੇ ਭਵਿੱਖ 'ਤੇ ਕੁਝ ਸਵਾਲੀਆ ਨਿਸ਼ਾਨ ਵੀ ਲੱਗੇ ਹਨ। ਇਸ ਗੱਠਜੋੜ ਵੱਲੋਂ ਇਸ ਵਾਰ ਵਰਲਡ ਬੈਂਕ ਨਾਲ ਸੰਬੰਧਤ ਮਲਟੀ ਲੇਟਰਲ ਇਨਵੈਸਟਮੈਂਟ ਗਾਰੰਟੀ ਏਜੰਸੀ ਕਾਇਮ ਕਰਨ ਦੀ ਤਜਵੀਜ਼ ਰੱਖੀ ਗਈ ਹੈ, ਤਾਂ ਕਿ ਵਿਕਾਸਸ਼ੀਲ ਮੁਲਕਾਂ ਲਈ ਕਰਜ਼ੇ ਉਪਲਬਧ ਕਰਵਾਏ ਜਾ ਸਕਣ। ਇਸ ਹਾਲਤ ਵਿੱਚ ਅਮਰੀਕਾ ਅਤੇ ਯੂਰਪ ਯੂਕਰੇਨ ਜਾਂ ਇਜ਼ਰਾਇਲ ਲਈ ਅਣਮਿੱਥੇ ਸਮੇਂ ਤੱਕ ਜੰਗੀ ਮੱਦਦ ਜਾਰੀ ਨਹੀਂ ਰੱਖ ਸਕਦੇ। ਇਸ ਲਈ ਇਨ੍ਹਾਂ ਮਸਲਿਆਂ 'ਤੇ ਦੁਨੀਆਂ ਨੂੰ ਕਿਸੇ ਨਾ ਕਿਸੇ ਹੱਲ ਵੱਲ ਤੁਰਨਾ ਹੀ ਪੈਣਾ ਹੈ।


Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group



Atlantis Banquets
1273 North Rand Road, Arlington Heights, IL 60004
Ph: 847-259-0013
Cell: 773-225-4123 / 847-708-4997
atlantisbanquetsrr@gmil.com atlantisbanquet.com

Under New Management With New Glance of Experience.






ATLANTIS ATLANTIS ATLANTIS BANQUETS

Features
Luxurious Decor and Ambience
Customize Catering Menu
Spacious Dance Floor
Bridal Suite

Celebrate Your Dream Wedding With Us Elegance and Sophistication at Atlantis Banquets.

√ Wedding √ Birthdays √ Aameen
√ Mehandi √ Sweet 16 √ Aqeeqa
√ Sangeet √ Graduation √ Corporate
√ Anniversary √ Baby Shower

'ਅਟਲਾਂਟਿਸ ਬੈਂਕੁਇਟਸ' ਵਿਚ ਆਪਣੇ ਸੁਪਨਿਆਂ ਦੇ ਵਿਆਹ ਦੇ ਜਸ਼ਨ ਮਨਾਓ

# ਕਦੋਂ ਲੱਗੇਗਾ ਤਣ-ਪੱਤਣ ਪੰਜਾਬ ਦੇ ਪਾਣੀਆਂ ਦਾ ਮੁੱਦਾ!

**ਸੁਸ਼ੀਲ ਦੁਸਾਂਝ**
**ਫੋਨ: +91-9888799870**

## ਸਿਆਸੀ ਦਾਅਵੇ, ਕਾਨੂੰਨੀ ਸਥਿਤੀ ਅਤੇ ਤੱਥ



***ਸਰਕਾਰਾਂ ਨੇ ਪੰਜਾਬ ਦੇ ਹਿੱਤਾਂ ਦੀ ਗੱਲ ਕੀਤੀ, ਪਰ ਠੋਸ ਨੀਤੀਆਂ ਅਤੇ ਸਾਂਝੇ ਸੰਵਾਦ ਦੀ ਘਾਟ ਨੇ ਸਮੱਸਿਆ ਨੂੰ ਹੱਲ ਕਰਨ ਵਿੱਚ ਰੁਕਾਵਟ ਪਾਈ। ਪੰਜਾਬ ਦੇ ਪਾਣੀਆਂ ਦੀ ਸੁਰੱਖਿਆ ਲਈ ਸਿਆਸੀ ਇਕਜੁੱਟਤਾ, ਵਾਤਾਵਰਣਕ ਸੁਧਾਰ ਅਤੇ ਕਾਨੂੰਨੀ ਸਪਸ਼ਟਤਾ ਦੀ ਜ਼ਰੂਰਤ ਹੈ।***




ਪੰਜਾਬ ਦੇ ਪਾਣੀਆਂ ਦਾ ਮੁੱਦਾ ਦਹਾਕਿਆਂ ਤੋਂ ਸਿਆਸੀ, ਕਾਨੂੰਨੀ ਅਤੇ ਸਮਾਜਕ ਬਹਿਸ ਦਾ ਕੇਂਦਰ ਰਿਹਾ ਹੈ। ਸਤਲੁਜ-ਯਮੁਨਾ ਲਿੰਕ (SYL) ਨਹਿਰ, ਧਰਤੀ ਹੇਠਲੇ ਪਾਣੀ ਦਾ ਬੇਤਹਾਸ਼ਾ ਸੋਸ਼ਣ, ਗੁਆਂਢੀ ਸੂਬਿਆਂ ਨਾਲ ਪਾਣੀ ਦੀ ਵੰਡ ਅਤੇ ਪਾਕਿਸਤਾਨ ਨਾਲ ਸਿੰਧੂ ਜਲ ਸੰਧੀ ਵਰਗੇ ਮੁੱਦਿਆਂ ਨੇ ਪੰਜਾਬ ਦੀ ਸਥਿਤੀ ਨੂੰ ਜਟਿਲ ਬਣਾਇਆ ਹੈ। ਇਹ ਮੁੱਦਾ ਸਿਰਫ਼ ਸਿਆਸੀ ਜਾਂ ਕਾਨੂੰਨੀ ਨਹੀਂ, ਸਗੋਂ ਸਮਾਜਕ, ਆਰਥਕ ਅਤੇ ਵਾਤਾਵਰਣਕ ਪੱਖਾਂ ਨਾਲ ਵੀ ਜੁੜਿਆ ਹੋਇਆ ਹੈ, ਜੋ ਪੰਜਾਬ ਦੇ ਖੇਤੀਬਾੜੀ ਤੇ ਜਨ-ਜੀਵਨ ਨੂੰ ਸਿੱਧੇ ਤੌਰ ‘ਤੇ ਪ੍ਰਭਾਵਿਤ ਕਰਦਾ ਹੈ।

ਪੰਜਾਬ ਦੇ ਸਿਆਸੀ ਆਗੂਆਂ, ਜਿਵੇਂ ਕਿ ਕੈਪਟਨ ਅਮਰਿੰਦਰ ਸਿੰਘ, ਪ੍ਰਕਾਸ਼ ਸਿੰਘ ਬਾਦਲ ਅਤੇ ਭਗਵੰਤ ਮਾਨ ਨੇ ਸਮੇਂ-ਸਮੇਂ ‘ਤੇ ਪੰਜਾਬ ਦੇ ਪਾਣੀਆਂ ਦੀ ਸੁਰੱਖਿਆ ਦੀ ਵਕਾਲਤ ਕੀਤੀ, ਪਰ ਉਨ੍ਹਾਂ ਦੀਆਂ ਨੀਤੀਆਂ ਅਤੇ ਫੈਸਲਿਆਂ ਵਿੱਚ ਠੋਸ ਨਤੀਜਿਆਂ ਦੀ ਘਾਟ ਰਹੀ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ (2002-2007, 2017-2021) ਨੇ 2004 ਵਿੱਚ ‘Punjab Termination of Agreement Act’ ਪਾਸ ਕਰਕੇ ਐੱਸ.ਵਾਈ.ਐੱਲ. ਸਮਝੌਤੇ ਨੂੰ ਰੱਦ ਕਰਨ ਦੀ ਕੋਸ਼ਿਸ਼ ਕੀਤੀ, ਜੋ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਮੇਲ ਖਾਂਦੀ ਸੀ; ਪਰ ਸੁਪਰੀਮ ਕੋਰਟ ਨੇ 2016 ਵਿੱਚ ਇਸ ਐਕਟ ਨੂੰ ਅਸੰਵਿਧਾਨਕ ਐਲਾਨ ਕੇ ਇਸ ਦੀ ਕਾਨੂੰਨੀ ਮਜਬੂਤੀ ਨੂੰ ਝਟਕਾ ਦਿੱਤਾ।

ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ (2007-2017) ਨੇ ਵੀ ਐੱਸ.ਵਾਈ.ਐੱਲ. ਦਾ ਵਿਰੋਧ ਕੀਤਾ ਅਤੇ 2016 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਪਹਿਲਾਂ ਦੇ ਸਮਝੌਤਿਆਂ ਨੂੰ ਰੱਦ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਪਾਣੀ ਦੀ ਵੰਡ ਰਿਪੇਰੀਅਨ ਸਿਧਾਂਤ ਦੀ ਉਲੰਘਣਾ ਕਰਦੀ ਹੈ। ਹਾਲਾਂਕਿ, ਮੁਫਤ ਬਿਜਲੀ ਵਰਗੀਆਂ ਨੀਤੀਆਂ ਨੇ ਧਰਤੀ ਹੇਠਲੇ ਪਾਣੀ ਦੇ ਸੋਸ਼ਣ ਨੂੰ ਵਧਾਇਆ, ਜਿਸ ਨਾਲ ਵਾਤਾਵਰਣਕ ਸੰਕਟ ਹੋਰ ਗੰਭੀਰ ਹੋਇਆ।

ਹੁਣ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਨੇ 2022 ਵਿੱਚ ਸੱਤਾ ਸੰਭਾਲਣ ਤੋਂ ਬਾਅਦ ਐੱਸ.ਵਾਈ.ਐੱਲ. ਮੁੱਦੇ ‘ਤੇ ਸਰਗਰਮੀ ਵਿਖਾਈ ਹੈ। ਉਨ੍ਹਾਂ ਨੇ 2023 ਵਿੱਚ ਸਾਰੀਆਂ ਸਿਆਸੀ ਪਾਰਟੀਆਂ ਨੂੰ ਸੰਵਾਦ ਲਈ ਸੱਦਾ ਦਿੱਤਾ, ਪਰ ਵਿਰੋਧੀ ਧਿਰ ਨੇ ਹਿੱਸਾ ਨਹੀਂ ਲਿਆ। ਮਾਨ ਸਰਕਾਰ ਦਾ ਕਹਿਣਾ ਹੈ ਕਿ ਪੰਜਾਬ ਦਾ ਕਾਨੂੰਨੀ ਹੱਕ ਰਾਵੀ, ਸਤਲੁਜ ਅਤੇ ਬਿਆਸ ਦੇ 23 MAF (Million Acre-Feet) ਪਾਣੀ ‘ਤੇ ਹੈ। ਉਨ੍ਹਾਂ ਨੇ ਸਿੰਧੂ ਜਲ ਸੰਧੀ ਦੀ ਮੁੜ ਪੜਤਾਲ ਦੀ ਮੰਗ ਵੀ ਕੀਤੀ, ਜੋ 1960 ਵਿੱਚ ਹੋਈ ਸੀ।

ਸੰਵਿਧਾਨਕ ਮਾਹਿਰਾਂ ਮੁਤਾਬਕ, ਪਾਣੀ ਦੀ ਵੰਡ ਸੰਵਿਧਾਨ ਦੀ ਸੱਤਵੀਂ ਸੂਚੀ ਅਧੀਨ ਕੇਂਦਰ ਅਤੇ ਰਾਜ ਸਰਕਾਰਾਂ ਦੀ ਸਾਂਝੀ ਜ਼ਿੰਮੇਵਾਰੀ ਹੈ। ਸੁਪਰੀਮ ਕੋਰਟ ਨੇ 2016 ਵਿੱਚ ਪੰਜਾਬ ਦੇ 2004 ਦੇ ਐਕਟ ਨੂੰ ਅਸੰਵਿਧਾਨਕ ਐਲਾਨਿਆ, ਕਿਉਂਕਿ ਇਹ ਕੇਂਦਰੀ ਸਮਝੌਤਿਆਂ ਦੀ ਉਲੰਘਣਾ ਸੀ। ਰਿਪੇਰੀਅਨ ਸਿਧਾਂਤ, ਜੋ ਨਦੀਆਂ ਦੇ ਕੰਢਿਆਂ ‘ਤੇ ਸਥਿਤ ਸੂਬਿਆਂ ਨੂੰ ਪਾਣੀ ‘ਤੇ ਪਹਿਲਾ ਹੱਕ ਦਿੰਦਾ ਹੈ, ਪੰਜਾਬ ਦੇ ਹੱਕ ਵਿੱਚ ਜਾਂਦਾ ਹੈ। ਪਰ, ਸਿੰਧੂ ਜਲ ਸੰਧੀ ਅਤੇ ਐੱਸ.ਵਾਈ.ਐੱਲ. ਵਰਗੇ ਅੰਤਰਰਾਜੀ ਸਮਝੌਤਿਆਂ ਨੇ ਇਸ ਸਿਧਾਂਤ ਨੂੰ ਜਟਿਲ ਬਣਾਇਆ।

ਡਾ. ਗੁਰਦਰਸ਼ਨ ਸਿੰਘ ਢਿੱਲੋਂ ਵਰਗੇ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਦਾ ਪਾਣੀ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ‘ਗੈਰ-ਸੰਵਿਧਾਨਕ’ ਤਰੀਕੇ ਨਾਲ ਦਿੱਤਾ ਗਿਆ। ਪੰਜਾਬ ਸਰਕਾਰ ਦੀ ਮੋਹਾਲੀ ਪ੍ਰਯੋਗਸ਼ਾਲਾ ਦੀਆਂ ਰਿਪੋਰਟਾਂ ਨੇ ਵੀ ਸੈਂਟਰਲ ਗਰਾਊਂਡ ਵਾਟਰ ਬੋਰਡ ਦੇ ਅੰਕੜਿਆਂ ਨੂੰ ਚੁਣੌਤੀ ਦਿੱਤੀ, ਜਿਨ੍ਹਾਂ ਵਿੱਚ ਪੰਜਾਬ ਦੇ ਪਾਣੀ ਵਿੱਚ ਯੂਰੇਨੀਅਮ ਅਤੇ ਭਾਰੀ ਧਾਤਾਂ ਦੀ ਮੌਜੂਦਗੀ ਦੀ ਗੱਲ ਸਾਹਮਣੇ ਆਈ।

ਪੰਜਾਬ ਦਾ ਸਭ ਤੋਂ ਵੱਡਾ ਵਿਵਾਦ ਹਰਿਆਣਾ ਨਾਲ ਐੱਸ.ਵਾਈ.ਐੱਲ. ਨਹਿਰ ਨੂੰ ਲੈ ਕੇ ਹੈ। ਹਰਿਆਣਾ ਦਾ ਦਾਅਵਾ ਹੈ ਕਿ 1966 ਦੇ ਸਮਝੌਤੇ ਅਨੁਸਾਰ ਉਸ ਨੂੰ ਸਤਲੁਜ ਦਾ ਪਾਣੀ ਮਿਲਣਾ ਚਾਹੀਦਾ ਹੈ, ਜਦਕਿ ਪੰਜਾਬ ਦਾ ਕਹਿਣਾ ਹੈ ਕਿ ਸੂਬੇ ਕੋਲ ਵਾਧੂ ਪਾਣੀ ਨਹੀਂ। ਸੁਪਰੀਮ ਕੋਰਟ ਨੇ 2023 ਵਿੱਚ ਐੱਸ.ਵਾਈ.ਐੱਲ. ਦੇ ਸਰਵੇ ਲਈ ਹੁਕਮ ਦਿੱਤੇ, ਜਿਸ ਨੇ ਵਿਵਾਦ ਨੂੰ ਹੋਰ ਗਰਮਾਇਆ। ਰਾਜਸਥਾਨ ਅਤੇ ਦਿੱਲੀ ਨੂੰ ਵੀ ਪੰਜਾਬ ਦੇ ਦਰਿਆਈ ਪਾਣੀ ਦਾ ਹਿੱਸਾ ਮਿਲਦਾ ਹੈ, ਜਿਸ ਨੂੰ ਪੰਜਾਬ ਦੇ ਕਈ ਸਿਆਸੀ ਆਗੂ ‘ਸਾਜਿਸ਼’ ਮੰਨਦੇ ਹਨ।

1960 ਦੀ ਸਿੰਧੂ ਜਲ ਸੰਧੀ ਅਨੁਸਾਰ ਰਾਵੀ, ਸਤਲੁਜ ਅਤੇ ਬਿਆਸ ਦਾ ਪਾਣੀ ਭਾਰਤ ਨੂੰ; ਜਦਕਿ ਚਨਾਬ, ਜੇਹਲਮ ਅਤੇ ਸਿੰਧੂ ਦਾ ਪਾਣੀ ਪਾਕਿਸਤਾਨ ਨੂੰ ਮਿਲਿਆ। ਪੰਜਾਬ ਦੇ ਕੁਝ ਸਿਆਸੀ ਆਗੂ, ਜਿਵੇਂ ਭਗਵੰਤ ਮਾਨ, ਮੰਗ ਕਰਦੇ ਹਨ ਕਿ ਸੰਧੀ ਦੀ 25 ਸਾਲ ਬਾਅਦ ਮੁੜ ਪੜਤਾਲ ਹੋਣੀ ਚਾਹੀਦੀ ਹੈ, ਕਿਉਂਕਿ ਪੰਜਾਬ ਨੂੰ ਘੱਟ ਪਾਣੀ ਮਿਲਿਆ। ਪਹਿਲਗਾਮ ਘਟਨਾ (2016) ਤੋਂ ਬਾਅਦ ਭਾਰਤ ਨੇ ਸੰਧੀ ਮੁਅੱਤਲ ਕਰਨ ਦੀ ਗੱਲ ਕੀਤੀ, ਪਰ ਇਸ ਦਾ ਅਮਲ ਨਹੀਂ ਹੋਇਆ।

ਸੈਂਟਰਲ ਗਰਾਊਂਡ ਵਾਟਰ ਬੋਰਡ ਅਨੁਸਾਰ, 2017 ਤੱਕ ਪੰਜਾਬ ਦੇ 138 ਬਲਾਕਾਂ ਵਿੱਚੋਂ 109 ‘ਡਾਰਕ ਜ਼ੋਨ’ ਵਿੱਚ ਸਨ, ਜਿੱਥੇ ਪਾਣੀ ਦੀ ਕੱਢਣ ਦੀ ਦਰ ਰੀਚਾਰਜ ਨਾਲੋਂ ਵੱਧ ਸੀ। 1980-81 ਵਿੱਚ 6 ਲੱਖ ਟਿਊਬਵੈੱਲ ਸਨ, ਜੋ 2017-18 ਵਿੱਚ 14.5 ਲੱਖ ਹੋ ਗਏ। ਪੰਜਾਬ ਦੇ ਕੁੱਲ ਰਕਬੇ ਦਾ ਸਿਰਫ਼ 27% ਹਿੱਸਾ ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਹੈ, ਜਦਕਿ 73% ਟਿਊਬਵੈੱਲਾਂ ’ਤੇ ਨਿਰਭਰ ਹੈ।

ਪੰਜਾਬ ਦੇ ਕਈ ਪਿੰਡਾਂ ਵਿੱਚ ਪਾਣੀ ਵਿੱਚ ਯੂਰੇਨੀਅਮ ਅਤੇ ਭਾਰੀ ਧਾਤਾਂ ਦੀ ਮੌਜੂਦਗੀ ਪਾਈ ਗਈ, ਜਿਸ ਨਾਲ ਕੈਂਸਰ ਵਰਗੀਆਂ ਬਿਮਾਰੀਆਂ ਵਧੀਆਂ। ਲੁਧਿਆਣਾ ਵਿੱਚ ਪਾਣੀ ਦਾ ਪੱਧਰ ਹਰ ਸਾਲ 5-10 ਫੁੱਟ ਡਿੱਗ ਰਿਹਾ ਹੈ। ਕੇਂਦਰੀ ਭੂ-ਜਲ ਵਿਭਾਗ ਮੁਤਾਬਕ, 2039 ਤੱਕ ਪੰਜਾਬ ਦਾ ਪਾਣੀ 300 ਮੀਟਰ ਡੂੰਘਾ ਹੋ ਸਕਦਾ ਹੈ, ਜਿਸ ਨਾਲ ਪੰਜਾਬ ਦੇ ਬੰਜਰ ਹੋਣ ਦਾ ਖ਼ਤਰਾ ਹੈ।

ਭਗਵੰਤ ਮਾਨ ਦੀ ‘ਆਮ ਆਦਮੀ ਪਾਰਟੀ’ ਸਰਕਾਰ ਨੇ ਪਾਣੀ ਦੀ ਸੰਭਾਲ ਲਈ ਕੁਝ ਉਪਰਾਲੇ ਕੀਤੇ ਹਨ, ਜਿਵੇਂ ਕਿ ‘ਹਰ ਘਰ ਨਲ’ ਅਤੇ ‘ਅੰਮ੍ਰਿਤ ਸਰੋਵਰ’ ਯੋਜਨਾਵਾਂ। ਇਨ੍ਹਾਂ ਰਾਹੀਂ ਸਰਕਾਰ ਨੇ ਸਾਫ਼ ਪਾਣੀ ਦੀ ਸਪਲਾਈ ਅਤੇ ਜਲ ਸੰਭਾਲ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ। ਨਾਲ ਹੀ, ਭਗਵੰਤ ਮਾਨ ਨੇ ਐੱਸ.ਵਾਈ.ਐੱਲ. ਅਤੇ ਪਾਣੀ ਦੀ ਵੰਡ ਦੇ ਮੁੱਦੇ ’ਤੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਕਜੁੱਟ ਕਰਨ ਦੀ ਪਹਿਲਕਦਮੀ ਕੀਤੀ, ਜੋ ਇੱਕ ਸਕਾਰਾਤਮਕ ਕਦਮ ਹੈ।

ਹਾਲਾਂਕਿ, ਵਿਰੋਧੀ ਧਿਰ ਮਾਨ ਸਰਕਾਰ ‘ਤੇ ਦੋਸ਼ ਲਗਾਉਂਦੀ ਹੈ ਕਿ ਉਹ ‘ਰਬੜ-ਸਟੈਂਪ ਮੁੱਖ ਮੰਤਰੀ’ ਹਨ ਅਤੇ ਫੈਸਲੇ ਦਿੱਲੀ ਤੋਂ ਲਏ ਜਾਂਦੇ ਹਨ। ਨਾਲ ਹੀ, ਪਾਣੀ ਦੀ ਗੁਣਵੱਤਾ ਅਤੇ ਸੰਭਾਲ ਦੇ ਮੁੱਦਿਆਂ ‘ਤੇ ਠੋਸ ਨਤੀਜੇ ਨਾ ਮਿਲਣ ਦੇ ਦੋਸ਼ ਵੀ ਲੱਗਦੇ ਹਨ। ਸਰਕਾਰ ਨੂੰ ਅਜੇ ਵੀ ਧਰਤੀ ਹੇਠਲੇ ਪਾਣੀ ਦਾ ਅਤਿ-ਸ਼ੋਸ਼ਣ ਰੋਕਣ, ਨਹਿਰੀ ਸਿੰਜਾਈ ਦੀ ਮਜਬੂਤੀ ਅਤੇ ਪਾਣੀ ਦੀ ਗੁਣਵੱਤਾ ਸੁਧਾਰਨ ਵਰਗੇ ਮੁੱਦਿਆਂ ‘ਤੇ ਵਧੇਰੇ ਕੰਮ ਕਰਨ ਦੀ ਲੋੜ ਹੈ।

ਦਰਅਸਲ ਪੰਜਾਬ ਦੇ ਪਾਣੀਆਂ ਦਾ ਮੁੱਦਾ ਸਿਰਫ਼ ਸਿਆਸੀ ਜਾਂ ਕਾਨੂੰਨੀ ਬਹਿਸ ਨਹੀਂ, ਸਗੋਂ ਸੂਬੇ ਦੇ ਖੇਤੀਬਾੜੀ, ਵਾਤਾਵਰਣ ਅਤੇ ਜਨ-ਸਿਹਤ ਨਾਲ ਜੁੜਿਆ ਸੰਕਟ ਹੈ। ਰਿਪੇਰੀਅਨ ਸਿਧਾਂਤ ਪੰਜਾਬ ਦੀ ਸਥਿਤੀ ਨੂੰ ਮਜਬੂਤੀ ਦਿੰਦਾ ਹੈ, ਪਰ ਅੰਤਰਰਾਜੀ ਅਤੇ ਅੰਤਰਰਾਸ਼ਟਰੀ ਸਮਝੌਤਿਆਂ ਨੇ ਇਸ ਨੂੰ ਗੁੰਝਲਦਾਰ ਬਣਾਇਆ ਹੈ। ਸਾਰੀਆਂ ਸਰਕਾਰਾਂ ਨੇ ਪੰਜਾਬ ਦੇ ਹਿੱਤਾਂ ਦੀ ਗੱਲ ਕੀਤੀ, ਪਰ ਠੋਸ ਨੀਤੀਆਂ ਅਤੇ ਸਾਂਝੇ ਸੰਵਾਦ ਦੀ ਘਾਟ ਨੇ ਸਮੱਸਿਆ ਨੂੰ ਹੱਲ ਕਰਨ ਵਿੱਚ ਰੁਕਾਵਟ ਪਾਈ। ਪੰਜਾਬ ਦੇ ਪਾਣੀਆਂ ਦੀ ਸੁਰੱਖਿਆ ਲਈ ਸਿਆਸੀ ਇਕਜੁੱਟਤਾ, ਵਾਤਾਵਰਣਕ ਸੁਧਾਰ ਅਤੇ ਕਾਨੂੰਨੀ ਸਪਸ਼ਟਤਾ ਦੀ ਜ਼ਰੂਰਤ ਹੈ। ਸਾਰੀਆਂ ਧਿਰਾਂ ਨੂੰ ਇਕੱਠੇ ਹੋ ਕੇ ਟਿਕਾਊ ਹੱਲ ਲੱਭਣ ਦੀ ਲੋੜ ਹੈ, ਜਿਸ ਨਾਲ ਪੰਜਾਬ ਦੇ ਕਿਸਾਨਾਂ ਅਤੇ ਆਮ ਲੋਕਾਂ ਦੇ ਹਿੱਤਾਂ ਦੀ ਰਾਖੀ ਹੋ ਸਕੇ। ਲੋਕਾਂ ਦੇ ਮਨ ਵਿਚ ਇਹ ਸਵਾਲ ਲਗਾਤਾਰ ਗੂੰਜ ਰਿਹਾ ਹੈ ਕਿ ‘ਕਦੋਂ ਲੱਗੇਗਾ ਤਣ-ਪੱਤਣ ਪੰਜਾਬ ਦੇ ਪਾਣੀਆਂ ਦਾ ਮੁੱਦਾ!’

## ਸ਼ਿਕਾਗੋ ਕਬੱਡੀ ਕੱਪ ਦੀ ਖ਼ਬਰ ਸਬੰਧੀ

**ਸ਼ਿਕਾਗੋ:** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵੱਲੋਂ ਕੁਝ ਹਫਤੇ ਪਹਿਲਾਂ ਕਰਵਾਏ ਗਏ ਖੇਡ ਮੇਲੇ ਸਬੰਧੀ ‘ਪੰਜਾਬੀ ਪਰਵਾਜ਼’ ਵਿੱਚ ਖ਼ਬਰ ਪ੍ਰਕਾਸ਼ਿਤ ਹੋਈ ਸੀ। ਉਸ ਵਿੱਚ ਛਪੀਆਂ ਕੁਝ ਗੱਲਾਂ ਨੂੰ ਲੈ ਕੇ ਕਲੱਬ ਦੇ ਕੁਝ ਅਹੁਦੇਦਾਰਾਂ/ਮੈਂਬਰਾਂ ਨੇ ਇਤਰਾਜ਼ ਪ੍ਰਗਟਾਇਆ ਹੈ। ਪਿਛਲੇ ਦਿਨੀਂ ਗੁਰਦੁਆਰਾ ਪੈਲਾਟਾਈਨ ਵਿੱਚ ਹੋਈ ਇੱਕ ਮੀਟਿੰਗ ਵਿੱਚ ਹਾਜ਼ਰ ਕਲੱਬ ਵਾਲਿਆਂ ਨੇ ਮੇਲੇ ਵਿੱਚ ਮੁਹੱਈਆ ਕਰਵਾਈ ਗਈ ਸ਼ਰਾਬ ਸਬੰਧੀ ਸਪਸ਼ਟ ਕੀਤਾ ਕਿ ਮੇਲੇ ਵਿੱਚ ਬਹੁਤੇ ਲੋਕ ਆਪਣੀ ਸ਼ਰਾਬ ਲੈ ਕੇ ਆਏ ਸਨ ਅਤੇ ਜਿਹੜੇ ਕੁਝ ਨੌਜਵਾਨ ਸ਼ਰਾਬ ਪੀ ਕੇ ਮਾੜੀ-ਮੋਟੀ ਖਰਾਬੀ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਉਸ ਲਈ ਕਲੱਬ ਜ਼ਿੰਮੇਵਾਰ ਨਹੀਂ ਹੈ; ਕਿਉਂਕਿ ਕੁਝ ਲੋਕ ਆਉਂਦੇ ਹੀ ਖਲਾਰਾ ਪਾਉਣ ਦੇ ਮਕਸਦ ਨਾਲ ਹਨ। ਕਲੱਬ ਅਨੁਸਾਰ ਮੇਲੇ ਦੇ ਵਿਸ਼ੇਸ਼ ਸਪਾਂਸਰਾਂ ਦੀ ਟਹਿਲ-ਸੇਵਾ ਹਿੱਤ ਮੁਹੱਈਆ ਕਰਵਾਈ ਗਈ ਸ਼ਰਾਬ ਲਈ ਕਲੱਬ ਨੇ ਬਾਕਾਇਦਾ ਲਿੱਕਰ ਪਰਮਿਟ ਲਿਆ ਹੋਇਆ ਸੀ। ਵੈਸੇ ਵੀ ਮੇਲੇ-ਗੇਲੇ ਵਿੱਚ ਲੋਕ ਇੰਜੁਆਏ ਕਰਨ ਆਉਂਦੇ ਹਨ।

ਇਸ ਦੇ ਨਾਲ ਹੀ ਸਨਮਾਨ ਤਖ਼ਤੀਆਂ ਸਬੰਧੀ ਅਨਾਊਂਸਮੈਂਟ ਬਾਰੇ ਕਲੱਬ ਨੇ ਕਿਹਾ ਕਿ ਇਹ ਸਭ ਸਮੇਂ ਨੂੰ ਧਿਆਨ ਵਿੱਚ ਰੱਖਦਿਆਂ ਕੀਤਾ ਗਿਆ, ਤਾਂ ਜੋ ਗਾਇਕਾਂ ਨੂੰ ਸਮਾਂ ਮਿਲ ਜਾਵੇ; ਕਿਉਂਕਿ ਵਿਲੇਜ ਵੱਲੋਂ ਮੇਲੇ ਦੇ ਮਿੱਥੇ ਸਮੇਂ ਤੱਕ ਹੀ ਮਨਜ਼ੂਰੀ ਦਿੱਤੀ ਗਈ ਸੀ। ਇਸ ਤੋਂ ਇਲਾਵਾ ਸਪਾਂਸਰ ਜ਼ਿਆਦਾ ਹੋਣ ਕਾਰਨ ਅਤੇ ਕੁਝ ਜਲਦੀ ਜਾਣ ਦੇ ਚਾਹਵਾਨ ਹੋਣ ਕਾਰਨ ਸਨਮਾਨ ਦੇਣ ਦੀ ਰਸਮ ਜਲਦੀ ਜਲਦੀ ਕੀਤੀ ਜਾ ਰਹੀ ਸੀ; ਕਿਉਂਕਿ ਕਲੱਬ ਮੈਂਬਰਾਂ ਦਾ ਇਹ ਫਿਕਰ ਵੀ ਸੀ, ਕਿਤੇ ਕੋਈ ਇਤਰਾਜ਼ ਨਾ ਕਰੇ ਕਿ ਉਸ ਦਾ ਬਣਦਾ ਮਾਣ-ਸਨਮਾਨ ਨਹੀਂ ਕੀਤਾ ਗਿਆ। ਕਲੱਬ ਨੇ ਰੋਸ ਪ੍ਰਗਟਾਇਆ ਕਿ ਖ਼ਬਰ ਵਿੱਚ ਛਪਿਆ ਆਟਾ-ਦਾਲ ਸਕੀਮ ਵਾਲਾ ਵਿਅੰਗ ਇਤਰਾਜ਼ਯੋਗ ਸੀ।

ਕਬੱਡੀ ਕੁਮੈਂਟੇਟਰਾਂ ਨਾਲ ਸਬੰਧਤ ਜ਼ਿਕਰ ਬਾਰੇ ਕਲੱਬ ਨੇ ਕਿਹਾ ਕਿ ਕੁਮੈਂਟੇਟਰਾਂ ਨੂੰ ਵਾਧੂ ਨਾਂ ਬੋਲਣ ਤੋਂ ਵਰਜਿਆ ਗਿਆ ਸੀ, ਪਰ ਕੁਝ ਲੋਕ ਕੁਮੈਂਟਰੀ ਕਰਨ ਵਾਲੇ ਦੀ ਜੇਬ ਵਿੱਚ ਡਾਲਰ ਪਾ ਕੇ ਆਪਣੇ ਨਾਮ ਬੁਲਾਉਂਦੇ ਰਹੇ। ਪਰ ਜਿਨ੍ਹਾਂ ਸਪਾਂਸਰਾਂ ਨੇ ਕਬੱਡੀ ਮੇਲੇ ਲਈ ਭਰਪੂਰ ਸਹਿਯੋਗ ਦਿੱਤਾ, ਉਨ੍ਹਾਂ ਦਾ ਜ਼ਿਕਰ ਕਰਨ ਤਾਂ ਬਣਦਾ ਸੀ!

**ਜ਼ਰੂਰੀ**

**‘ਪੰਜਾਬੀ ਪਰਵਾਜ਼’ ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ ‘ਪੰਜਾਬੀ ਪਰਵਾਜ਼’ ਦੀ ਪਹਿਲ ਹੋਵੇਗੀ।**

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

**‘ਪੰਜਾਬੀ ਪਰਵਾਜ਼’ ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ**

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

| | |
|---|---|
| ਬਲਵਿੰਦਰ ਸਿੰਘ (ਬੌਬ) ਸੰਧੂ | ਗੁਰਵਿੰਦਰ ਸਿੰਘ ਬੱਬੂ (ਐਪਲਟਨ) |
| ਦਵਿੰਦਰ ਸਿੰਘ ਰੰਗੀ | ਬਿਕਰਮ ਸਿੰਘ ਸਿੱਧੂ |
| ਮਨਜਿੰਦਰ ਸਿੰਘ (ਮੈਕ) ਭਮਰਾ | ਪਰਮਜੀਤ ਸਿੰਘ ਸਿੱਧੂ (ਮਹਿਰਾਜ) |
| ਜੋਧ ਸਿੰਘ ਸਿੱਧੂ | ਮਨਮਿੰਦਰ ਸਿੰਘ ਹੀਰ |
| ਬੇਅੰਤ ਸਿੰਘ ਬੈਂਪਾਰਾਏ | ਬਲਜੀਤ ਸਿੰਘ ਸਿੱਧੂ (ਫਲੋਰਿਡਾ) |
| ਅਮਰੀਕ ਸਿੰਘ ਸ਼ਿਕਾਗੋ | ਮਿੰਨੀ ਮੁਲਤਾਨੀ |
| ਕਿਰਪਾਲ ਸਿੰਘ ਰੰਧਾਵਾ | ਗੁਰਪ੍ਰੀਤ ਕੇ. ਸਿੰਘ |
| ਅੰਮ੍ਰਿਤਪਾਲ ਸਿੰਘ ਗਿੱਲ | ਲਾਲੀ ਧਾਲੀਵਾਲ |
| ਬਲਵਿੰਦਰ ਸਿੰਘ ਚੱਠਾ | ਇੰਦਰ ਹੁੰਜਣ |
| ਦਰਸ਼ਨ ਸਿੰਘ ਪੰਮਾ | ਜਿਗਰਦੀਪ ਸਿੰਘ ਢਿੱਲੋਂ |
| ਗੁਰਿੰਦਰਜੀਤ ਸਿੰਘ ਗਰੇਵਾਲ | ਅਮਨਦੀਪ ਸਿੰਘ ਕੁਲਾਰ |
| ਦੀਦਾਰ ਸਿੰਘ ਧਨੋਆ | ਪਰਮਿੰਦਰ ਸਿੰਘ (ਯੂਬਾ ਸਿਟੀ) |
| ਯਾਦਵਿੰਦਰ ਸਿੰਘ (ਰਿੰਪੀ) ਖੱਟੜਾ | ਜਗਜੀਤ ਸਿੰਘ ਖੇੜਾ (ਓਕਲਾਹੋਮਾ) |
| ਅਮਰਜੀਤ ਸਿੰਘ ਢੀਂਡਸਾ | ਹਰਕੇਵਲ ਸਿੰਘ ਲਾਲੀ |

# ਬਿਹਾਰ ਵੋਟਰ ਸੂਚੀ ਸੋਧਣ ਦੀ ਮੁਹਿੰਮ ਵਿਵਾਦ ਦਾ ਵਿਸ਼ਾ ਬਣੀ

***ਚੋਣ ਕਮਿਸ਼ਨ ਅਤੇ ਸੁਪਰੀਮ ਕੋਰਟ ਨੇ ਇਸ ਕਾਰਵਾਈ ਨੂੰ ਸੰਵਿਧਾਨਕ ਦੱਸਿਆ *ਅਦਾਲਤ ਨੂੰ ਸੂਚੀ ਸੋਧਣ ਦੇ ਸਮੇਂ 'ਤੇ ਇਤਰਾਜ਼***

**ਪੰਜਾਬੀ ਪਰਵਾਜ਼ ਬਿਊਰੋ**

ਚੋਣ ਕਮਿਸ਼ਨ ਵੱਲੋਂ ਬਿਹਾਰ ਵਿੱਚ ਵੋਟਰ ਸੂਚੀ ਦੀ ਸੁਧਾਈ ਲਈ ਸ਼ੁਰੂ ਕੀਤੀ ਗਈ ਇੱਕ ਵਿਸ਼ੇਸ਼ ਮੁਹਿੰਮ ਦਾ ਮਾਮਲਾ ਸੱਤਾਧਰੀ ਭਾਰਤੀ ਜਨਤਾ ਪਾਰਟੀ ਅਤੇ ਵਿਰੋਧੀ ਸਿਆਸੀ ਪਾਰਟੀਆਂ ਵਿਚਕਾਰ ਵਿਵਾਦ ਦਾ ਵੱਡਾ ਮੁੱਦਾ ਬਣ ਗਿਆ ਹੈ। ਬਿਹਾਰ ਵਿੱਚ ਵੋਟਰ ਸੂਚੀ ਦੀ ਸੁਧਾਈ ਦਾ ਇਹ ਮਾਮਲਾ ਹੁਣ ਸੁਪਰੀਮ ਕੋਰਟ ਦੇ ਇੱਕ ਵਿਸ਼ੇਸ਼ ਬੈਂਚ ਦੇ ਵਿਚਾਰ ਅਧੀਨ ਹੈ। ਬਿਹਾਰ ਦੀਆਂ ਵਿਧਾਨ ਸਭਾ ਚੋਣਾਂ ਵਿੱਚ 6 ਕੁ ਮਹੀਨੇ ਦਾ ਸਮਾਂ ਰਹਿ ਗਿਆ ਹੈ, ਪਰ ਭਾਰਤ ਦੇ ਕੌਮੀ ਚੋਣ ਕਮਿਸ਼ਨ ਨੇ ਬਿਹਾਰ ਦੀ ਵੋਟਰ ਸੂਚੀ ਨੂੰ ਸੋਧਣ ਦਾ ਇੱਕ ਵਿਸ਼ੇਸ਼ ਅਮਲ ਸ਼ੁਰੂ ਕਰ ਦਿੱਤਾ ਹੈ। ਇਸ ਦੌਰਾਨ ਵੋਟਰਾਂ ਨੂੰ ਆਪਣੀ ਨਾਗਰਿਕਤਾ ਖੁਦ ਸਿੱਧ ਕਰਨ ਲਈ ਕਿਹਾ ਗਿਆ ਹੈ ਅਤੇ ਇਹਦੇ ਲਈ ਜਨਮ ਸਰਟੀਫਿਕੇਟ ਲਾਜ਼ਮੀ ਕਰਾਰ ਦੇ ਦਿੱਤਾ ਗਿਆ ਹੈ।

ਇੰਨਾ ਹੀ ਨਹੀਂ, ਚੋਣ ਕਮਿਸ਼ਨ ਅਨੁਸਾਰ ਵੋਟਰ ਪਛਾਣ ਪੱਤਰ, ਆਧਾਰ ਕਾਰਡ ਅਤੇ ਰਾਸ਼ਨ ਕਾਰਡ ਆਦਿ ਦਸਤਾਵੇਜ਼ਾਂ ਨੂੰ ਨਾਗਰਿਕਤਾ ਦੇ ਜਾਇਜ਼ ਸਬੂਤ ਨਹੀਂ ਮੰਨਿਆ ਜਾਵੇਗਾ। ਸਿਰਫ ਜਨਮ ਸਰਟੀਫਿਕੇਟ ਨੂੰ ਹੀ ਜਾਇਜ਼ ਨਾਗਰਿਕਤਾ ਦਾ ਸਬੂਤ ਮੰਨਿਆ ਜਾਵੇਗਾ। ਚੋਣ ਕਮਿਸ਼ਨ ਦੀ ਇਸ ਕਾਰਵਾਈ ਨੂੰ ਵਿਰੋਧੀ ਪਾਰਟੀਆਂ ਘੱਟਗਿਣਤੀਆਂ, ਆਮ ਮੱਧ ਵਰਗੀ ਲੋਕਾਂ ਅਤੇ ਗਰੀਬ ਵਰਗਾਂ ਦੇ ਖਿਲਾਫ ਮੰਨ ਰਹੀਆਂ ਹਨ। ਉਨ੍ਹਾਂ ਦਾ ਆਖਣਾ ਹੈ ਕਿ ਆਧਾਰ ਕਾਰਡ ਨੂੰ ਪਹਿਲਾਂ ਨਾਗਰਿਕਤਾ ਦਾ ਆਧਾਰ ਮੰਨਿਆ ਜਾਂਦਾ ਰਿਹਾ। ਨਕਾਰੇ ਗਏ ਦਸਤਾਵੇਜ਼ਾ 'ਤੇ ਹੀ ਬੀਤੀਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਹੋਈਆਂ ਹਨ। ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਫਿਰ ਭਾਜਪਾ ਵੱਲੋਂ ਬਣਾਈਆਂ ਗਈ ਸਰਕਾਰਾਂ ਵੀ ਫਿਰ ਨਾਜਾਇਜ਼ ਹਨ, ਉਨ੍ਹਾਂ ਨੂੰ ਭੰਗ ਕੀਤਾ ਜਾਵੇ। ਇਸ ਸੰਬੰਧ ਵਿੱਚ ਇੱਕ ਪਾਸੇ ਤਾਂ ਵਿਰੋਧੀ ਧਿਰਾਂ ਵੱਲੋਂ ਵਿਰੋਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ ਅਤੇ ਦੂਜੇ ਪਾਸੇ ਇਸ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਗਈ ਹੈ।

ਵਿਰੋਧੀ ਪਾਰਟੀਆਂ ਦਾ ਆਖਣਾ ਹੈ ਕਿ ਇਹ ਨਾਗਰਿਕਤਾ ਸੋਧ ਮੁਹਿੰਮ ਚੋਣ ਕਮਿਸ਼ਨ ਦੀ ਆਪਣੀ ਕੋਸ਼ਿਸ਼ ਨਹੀਂ ਹੈ, ਸਗੋਂ ਕੇਂਦਰ ਸਰਕਾਰ ਦਾ ਇੱਕ ਸਿਆਸੀ ਫੈਸਲਾ ਹੈ। ਯਾਦ ਰਹੇ, ਤੇਜਸਵੀ ਯਾਦਵ ਅਤੇ ਉਸ ਦੀ ਪਾਰਟੀ ਖੱਬੇ ਪੱਖ, ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨਾਲ ਮਿਲ ਕੇ ਭਾਰਤੀ ਜਨਤਾ ਪਾਰਟੀ ਦੇ ਸਨਮੁੱਖ ਬਿਹਾਰ ਵਿੱਚ ਤਕੜੀ ਚੁਣੌਤੀ ਬਣਦੀ ਰਹੀ ਹੈ। ਇਨ੍ਹਾਂ ਪਾਰਟੀਆਂ ਦਾ ਕਹਿਣਾ ਹੈ ਕਿ ਇਸ ਚੁਣੌਤੀ ਨੂੰ ਕੇਂਦਰ ਸਰਕਾਰ ਚੋਣਾਂ ਤੋਂ ਪਹਿਲਾਂ ਹੀ ਨਿਪਟਾ ਦੇਣਾ ਚਹੁੰਦੀ ਹੈ। ਚੋਣ ਕਮਿਸ਼ਨ ਦੇ ਇਸ ਅਮਲ ਦਾ ਵਿਰੋਧ ਕਰਦਿਆਂ ਰਾਸ਼ਟਰੀ ਜਨਤਾ ਦਲ ਦੇ ਆਗੂ ਤੇਜਸਵੀ ਯਾਦਵ ਨੇ ਕਿਹਾ ਹੈ ਕਿ ਚੋਣ ਕਮਿਸ਼ਨ ਭਾਜਪਾ ਦੇ ਪਾਰਟੀ ਸੈਲ ਵਜੋ ਕੰਮ ਕਰ ਰਿਹਾ ਹੈ। ਸੁਪਰੀਮ ਕੋਰਟ ਵੱਲੋਂ ਆਧਾਰ ਕਾਰਡ ਅਤੇ ਰਾਹਤ ਕਾਰਡ ਨੂੰ ਵੋਟਰ ਸੁਧਾਈ ਲਈ ਦਸਤਾਵੇਜ਼ ਵਜੋਂ ਸਵਿਕਾਰ ਕਰਨ ਦੇ ਸੁਪਰੀਮ ਕੋਰਟ ਦੇ ਸੁਝਾਅ ਨੂੰ ਕਾਂਗਰਸ ਪਾਰਟੀ ਨੇ ਇੱਕ ਰਾਹਤ ਵਾਲੀ ਖ਼ਬਰ ਕਿਹਾ ਹੈ। ਪਾਰਟੀ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੁਪਾਲ ਨੇ ਆਸ ਜਤਾਈ ਹੈ ਕਿ ਸੁਪਰੀਮ ਕੋਰਟ ਵੱਲੋਂ ਆਧਾਰ ਕਾਰਡ, ਵੋਟਰ ਕਾਰਡ, ਰਾਸ਼ਨ ਕਾਰਡ ਨੂੰ ਨਾਗਰਿਕਤਾ ਪਛਾਣ ਪੱਤਰ ਵਜੋਂ ਸਵੀਕਾਰ ਕਰਨ ਦੇ ਸੁਝਾਅ ਨੂੰ ਚੋਣ ਕਮਿਸ਼ਨ ਪ੍ਰਵਾਨ ਕਰੇਗਾ।

ਪਾਰਟੀ ਦੇ ਸੀਨੀਅਰ ਬੁਲਾਰੇ ਅਤੇ ਐਡਵੋਕੇਟ ਅਭਿਸ਼ੇਕ ਸਿੰਘਵੀ ਅੱਠ ਪਾਰਟੀਆਂ ਦੇ ਆਗੂਆਂ ਦੀ ਤਰਫੋਂ ਮਾਮਲੇ ਦੀ ਸੁਪਰੀਮ ਕੋਰਟ ਵਿੱਚ ਪੈਰਵਾਈ ਕਰ ਰਹੇ ਹਨ। ਉਨ੍ਹਾਂ ਆਪਣੇ ਇੱਕ ਬਿਆਨ ਵਿੱਚ ਇਸ ਮਾਮਲੇ ਬਾਰੇ ਕੋਈ ਰਾਏ ਪਰਗਟ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਇਸ ਬਾਰੇ ਵਿਸਥਾਰ ਵਿੱਚ ਚਰਚਾ ਨਹੀਂ ਕਰ ਸਕਦੇ, ਕਿਉਂਕਿ ਇਹ ਮਾਮਲਾ ਅਦਾਲਤ ਵਿੱਚ ਹੈ। ਚੋਣ ਕਮਿਸ਼ਨ ਨੇ ਆਪਣਾ ਪੱਖ ਅਦਾਲਤ ਵਿੱਚ ਪੇਸ਼ ਕਰਦਿਆਂ ਕਿਹਾ ਕਿ ਉਸ ਦਾ ਵੋਟਰਾਂ ਦੀ ਨਾਗਰਿਕਤਾ ਨਾਲ ਕੁਝ ਵੀ ਲੈਣਾ-ਦੇਣਾ ਨਹੀਂ ਹੈ। ਇਹ ਮਸਲਾ ਕੇਂਦਰੀ ਗ੍ਰਹਿ ਮੰਤਰਾਲੇ ਅਧੀਨ ਆਉਂਦਾ ਹੈ। ਪਰ ਵਿਰੋਧੀ ਧਿਰ ਇਸ ਨੂੰ ਨਾਗਰਿਕ ਰਜਿਸਟਰ (ਐਨ.ਆਰ.ਸੀ.) ਵਰਗੀ ਮੁਹਿੰਮ ਹੀ ਕਰਾਰ ਦੇ ਰਹੀ ਹੈ, ਜਿਸ ਨੂੰ ਬਾਅਦ ਵਿੱਚ ਲਾਗੂ ਵੀ ਨਹੀਂ ਸੀ ਕੀਤਾ ਜਾ ਸਕਿਆ।




ਯਾਦ ਰਹੇ, ਬੀਤੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਚੋਣ ਕਮਿਸ਼ਨ ਨਾਲ ਸੰਬੰਧਤ ਐਕਟ ਵਿੱਚ ਸੋਧ ਕਰਕੇ ਇਸ ਦੇ ਨਿਯੁਕਤੀ ਪੈਨਲ ਵਿੱਚੋਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਬਾਹਰ ਕਰ ਦਿੱਤਾ ਸੀ। ਸੱਤਾ ਧਾਰੀ ਧਿਰ ਦੇ ਹੀ ਕਿਸੇ ਲੋਕ ਸਭਾ ਮੈਂਬਰ ਨੂੰ ਇਸ ਦਾ ਮੈਂਬਰ ਨੂੰ ਬਣਾਉਣ ਦਾ ਸਾਮਾ ਕਰ ਲਿਆ ਸੀ। ਇਸ ਨਾਲ ਚੋਣ ਕਮਿਸ਼ਨ ਦੀ ਨਿਰਪੱਖਤਾ ਅਤੇ ਖੁਦਮੁਖਤਾਰੀ 'ਤੇ ਸਵਾਲ ਉਠਣੇ ਸ਼ੁਰੂ ਹੋ ਗਏ ਸਨ। ਇਸ ਹਾਲਤ ਵਿੱਚ ਵਿਰੋਧੀ ਪਾਰਟੀਆਂ ਚੋਣ ਕਮਿਸ਼ਨ ਨੂੰ ਸਰਕਾਰ ਦੀ ਐਕਸਟੈਨਸ਼ਨ ਹੀ ਸਮਝਦੀਆਂ ਹਨ।

ਸੁਪਰੀਮ ਕੋਰਟ ਵਿੱਚ ਇਸ ਮਾਮਲੇ ਦੀ ਅਗਲੀ ਸੁਣਵਾਈ 28 ਜੁਲਾਈ ਨੂੰ ਹੋਣੀ ਹੈ। ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਵੱਲੋਂ ਚਲਾਈ ਜਾ ਰਹੀ ਚੋਣ ਸੂਚੀ ਸੋਧਣ ਦੀ ਵਿਸ਼ੇਸ਼ ਮੁਹਿੰਮ ਨੂੰ ਵਿਰੋਧੀ ਧਿਰਾਂ ਦੇ 10 ਆਗੂਆਂ ਅਤੇ ਕੁਝ ਨਾਗਰਿਕ ਸੰਗਠਨਾਂ ਵੱਲੋਂ ਰਲ ਕੇ ਚੁਣੌਤੀ ਦਿੱਤੀ ਗਈ ਹੈ; ਪਰ ਦਿਲਚਸਪ ਤੱਥ ਇਹ ਵੀ ਹੈ ਕਿ ਇਨ੍ਹਾਂ ਪਟੀਸ਼ਨ ਕਰਤਾਵਾਂ ਵੱਲੋਂ ਵੋਟਰ ਸੂਚੀ ਦੀ ਸੁਧਾਈ ਦੇ ਅਮਲ 'ਤੇ ਅੰਤ੍ਰਿਮ ਰੋਕ ਲਾਉਣ ਦੀ ਮੰਗ ਨਹੀਂ ਕੀਤੀ ਗਈ। ਇਸ ਦਾ ਖੁਦ ਸੁਪਰੀਮ ਕੋਰਟ ਨੇ ਵੀ ਆਪਣੀ 10 ਜੁਲਾਈ ਨੂੰ ਹੋਈ ਸੁਣਵਾਈ ਵਿੱਚ ਨੋਟਿਸ ਲਿਆ ਹੈ। ਇਨ੍ਹਾਂ ਪਟੀਸ਼ਨਾਂ ਦੀ ਸੁਣਵਾਈ ਕਰ ਰਹੇ ਜਸਟਿਸ ਸੁਧਾਂਸ਼ੂ ਧੂਲੀਆ ਅਤੇ ਜਸਟਿਸ ਜੋਇਮਾਲਿਆ 'ਤੇ ਆਧਾਰਤ ਦੋ ਮੈਂਬਰੀ ਬੈਂਚ ਨੇ ਇਸ ਸੰਬੰਧੀ ਚੋਣ ਕਮਿਸ਼ਨ ਅਤੇ ਪਟੀਸ਼ਨਰਾਂ ਤੋਂ ਜਵਾਬ ਵੀ ਮੰਗਿਆ ਹੈ। ਅਦਾਲਤ ਨੇ ਚੋਣ ਕਮਿਸ਼ਨ ਨੂੰ ਆਪਣਾ ਜਵਾਬੀ ਹਲਫਨਾਮਾ 21 ਜੁਲਾਈ ਤੱਕ ਦਾਖਲ ਕਰਨ ਲਈ ਕਿਹਾ ਹੈ। ਜਦੋਂਕਿ ਪਟੀਸ਼ਨਰ ਇਸ ਸੰਬੰਧ ਵਿੱਚ ਜੇ ਕੁਝ ਕਹਿਣਾ ਚਾਹੁੰਦੇ ਹਨ ਤਾਂ ਉਹ 28 ਜੁਲਾਈ ਤੋਂ ਪਹਿਲਾਂ ਇਸ ਬਾਰੇ ਆਪਣਾ ਹਲਫਨਾਮਾ ਦਾਖਲ ਕਰ ਸਕਦੇ ਹਨ।

ਸੁਣਵਾਈ ਕਰ ਰਹੇ ਜੱਜਾਂ ਨੇ ਕਿਹਾ ਕਿ ਉਹ ਚੋਣ ਕਮਿਸ਼ਨ ਦੀ ਇਮਾਨਦਾਰੀ ਅਤੇ ਯੋਗਤਾ 'ਤੇ ਕੋਈ ਸ਼ੱਕ ਨਹੀਂ ਕਰ ਰਹੇ, ਪਰ ਵੋਟਰ ਸੂਚੀਆਂ ਦੀ ਸੁਧਾਈ ਦੀ ਸਮਾਂ ਸੀਮਾ 'ਤੇ ਸ਼ੰਕੇ ਜ਼ਰੂਰ ਖੜ੍ਹੇ ਹੋ ਰਹੇ ਹਨ। ਸਰਕਾਰੀ ਧਿਰ ਨੇ ਅਦਾਲਤ ਵਿੱਚ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਬਿਨਾ ਸੁਣਵਾਈ ਦੇ ਕਿਸੇ ਵੋਟਰ ਦਾ ਨਾਮ ਵੀ ਸੂਚੀ ਵਿੱਚੋਂ ਨਹੀਂ ਹਟਾਇਆ ਜਾਵੇਗਾ। ਅਦਾਲਤ ਨੇ ਉਂਝ ਪਟੀਸ਼ਨਰਾਂ ਦੀ ਇਹ ਦਲੀਲ ਨਕਾਰ ਦਿੱਤੀ ਕਿ ਚੋਣ ਕਮਿਸ਼ਨ ਕੋਲ ਵੋਟਰ ਸੂਚੀਆਂ ਦੀ ਵਿਸ਼ੇਸ਼ ਪੜਤਾਲ ਕਰਵਾਉਣ ਦਾ ਕੋਈ ਅਧਿਕਾਰ ਨਹੀਂ ਹੈ। ਅਦਾਲਤ ਨੇ ਕਿਹਾ ਕਿ ਚੋਣ ਕਮਿਸ਼ਨ ਦੀ ਇਹ ਕਾਰਵਾਈ ਸੰਵਿਧਾਨਕ ਦਾਇਰੇ ਵਿੱਚ ਆਉਂਦੀ ਹੈ। ਅਸਲ ਵਿੱਚ ਚੋਣ ਕਮਿਸ਼ਨ ਦੀ ਬਿਹਾਰ ਵੋਟਰ ਸੂਚੀ ਸੁਧਾਈ ਦੀ ਇਹ ਮੁਹਿੰਮ ਦੂਜੇ ਰਾਜਾਂ ਵਿੱਚ ਕੰਮ ਕਰਦੇ 8 ਕਰੋੜ ਬਿਹਾਰੀ ਮਜ਼ਦੂਰਾਂ ਅਤੇ ਮੁਸਲਮਾਨਾਂ ਨੂੰ ਛਾਂਗਣ ਦੀ ਇੱਛਾ ਦੁਆਲੇ ਘੁੰਮਦੀ ਹੈ। ਸਰਕਾਰ ਨੂੰ ਸ਼ੱਕ ਹੈ ਕਿ ਬਿਹਾਰ ਦੇ ਦੂਜੇ ਰਾਜਾਂ ਵਿੱਚ ਜਾ ਕੇ ਕੰਮ ਕਰਦੇ ਬਿਹਾਰੀ ਮਜ਼ਦੂਰ ਆਪਣੇ ਕੰਮ ਕਾਜ਼ੀ ਰਾਜਾਂ ਵਿੱਚ ਵੀ ਵੋਟਾਂ ਬਣਾ ਲੈਂਦੇ ਹਨ। ਆਪਣੀ ਅਤੇ ਆਪਣੇ ਪਰਿਵਾਰ ਦੇ ਬਾਲਗ ਮੈਂਬਰਾਂ ਦੀ ਵੋਟ ਉਹ ਦੋਨੋ ਰਾਜਾਂ ਵਿੱਚ ਪਾ ਜਾਂਦੇ ਹਨ। ਫਿਰ ਵੀ ਵਿਰੋਧੀ ਧਿਰ ਦਲੀਲ ਦੇ ਰਹੀ ਹੈ ਕਿ ਵੋਟਰ ਸੂਚੀ ਦੀ ਸੁਧਾਈ ਦਾ ਇਹ ਸਮਾਂ ਨਹੀਂ ਹੈ, ਇਹ ਕੰਮ ਇਸ ਸਮੇਂ ਤੋਂ ਪਹਿਲਾਂ ਕੀਤਾ ਜਾਣਾ ਚਾਹੀਦਾ ਸੀ।

ਉਂਝ ਬਿਹਾਰ ਦੇ ਲੋਕ ਇਸ ਪੱਖੋਂ ਵਿਲੱਖਣ ਹਨ ਕਿ ਉਹ ਭਾਜਪਾ ਦੀ ਧਰਮ ਆਧਾਰਤ ਸਿਆਸਤ ਨੂੰ ਬਹੁਤਾ ਹੁੰਘਾਰਾ ਨਹੀਂ ਦਿੰਦੇ। ਆਜ਼ਾਦੀ ਤੋਂ ਬਾਅਦ ਚੱਲੀਆਂ ਬਹੁਤੀਆਂ ਹਿੰਦੂਤਵੀ ਸਿਆਸੀ ਮੁਹਿੰਮਾਂ ਨੂੰ ਬਿਹਾਰ ਹੀ ਸਿੰਗਾਂ ਤੋਂ ਫੜਦਾ ਰਿਹਾ ਹੈ; ਪਰ ਜਾਤੀ ਆਧਾਰਤ ਸਿਆਸਤ ਨੇ ਇਸ ਰਾਜ ਵਿੱਚ ਜ਼ਰੂਰ ਪਕੜ ਬਣਾਈ ਹੋਈ ਹੈ। ਬਿਹਾਰ ਵਿੱਚੋਂ ਉਭਰੇ ਲੀਡਰ ਇਸ ਰਾਜ ਦੇ ਜਾਤੀ ਸ਼ੇਡਾਂ ਦੀ ਹੀ ਪ੍ਰਤੀਨਿਧਤਾ ਕਰਦੇ ਹਨ। ਜਾਤੀ ਦੇ ਪੱਖ ਤੋਂ ਯਾਦਵ ਰਾਜਨੀਤਿਕ ਤੌਰ 'ਤੇ ਡੌਮੀਨੇਟ ਕਰਦੇ ਹਨ। ਇਸ ਤੋਂ ਇਲਾਵਾ ਉਤਰ ਪ੍ਰਦੇਸ਼ ਵਾਂਗ ਹੀ ਮੁਸਲਮਾਨ ਵੀ ਇਸ ਰਾਜ ਵਿੱਚ ਇੱਕ ਵੱਡੀ ਘੱਟਗਿਣਤੀ ਹਨ। ਕਾਂਗਰਸ ਪਾਰਟੀ ਪਿਛਲੇ ਕੁਝ ਦਹਾਕਿਆਂ ਤੋਂ ਬਿਹਾਰ ਵਿੱਚ ਆਪਣੀ ਪੜਤ ਮੁੜ ਕਾਇਮ ਕਰਨ ਦਾ ਯਤਨ ਕਰ ਰਹੀ ਹੈ; ਜਦਕਿ ਭਾਜਪਾ ਨੇ ਆਪਣਾ ਕਾਫੀ ਪ੍ਰਭਾਵ ਸਿਰਜ ਲਿਆ ਹੈ। ਇਸ ਕਾਰਨ ਬਿਹਾਰ ਦੇ ਬਹੁਤੇ ਮੁਸਲਿਮ ਵੋਟਰ ਜਨਤਾ ਦਲ ਯੂਨਾਈਟਿਡ, ਰਾਸ਼ਟਰੀ ਜਨਤਾ ਦਲ ਜਾਂ ਹੋਰ ਖੇਤਰੀ ਪਾਰਟੀਆਂ ਵੱਲ ਹੀ ਭੁਗਤਦੇ ਰਹੇ ਹਨ। ਇਥੇ ਬੀ.ਜੇ.ਪੀ. ਨੇ ਜਨਤਾ ਦਲ ਯੂਨਾਈਟਡ ਨਾਲ ਮਿਲ ਕੇ ਸਾਂਝੀ ਸਰਕਾਰ ਬਣਾ ਰੱਖੀ ਹੈ।

ਬਿਹਾਰ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਵੋਟਰ ਸੂਚੀਆਂ ਨੂੰ ਸੋਧਣ ਦੀ ਇਸ ਮੁਹਿੰਮ ਦਾ ਕਾਂਗਰਸ ਪਾਰਟੀ ਸਮੇਤ ਵਿਰੋਧੀ ਪਾਰਟੀਆਂ ਨਾ ਸਿਰਫ ਵਿਰੋਧ ਕਰ ਰਹੀਆਂ ਹਨ, ਸਗੋਂ ਇਸ ਖਿਲਾਫ ਸੜਕਾਂ 'ਤੇ ਉਤਰਨ ਦਾ ਵੀ ਐਲਾਨ ਕਰ ਚੁੱਕੀਆਂ ਹਨ। ਯਾਦ ਰਹੇ, ਕੁਝ ਸਿਟੀਜ਼ਨ ਫੋਰਮ ਅਤੇ ਵਿਰੋਧੀ ਰਾਜਨੀਤਿਕ ਪਾਰਟੀਆਂ ਈ.ਵੀ.ਐਮ. ਮਸ਼ੀਨਾਂ ਰਾਹੀਂ ਕੀਤੇ ਜਾਂਦੇ ਕਥਿੱਤ ਵੋਟ ਘੁਟਾਲਿਆਂ ਬਾਰੇ ਪਹਿਲਾਂ ਹੀ ਆਵਾਜ਼ ਉਠਾ ਰਹੀਆਂ ਹਨ। ਇਸ ਤੋਂ ਇਲਾਵਾ ਹਰਿਆਣਾ ਅਤੇ ਮਹਾਰਾਸ਼ਟਰ ਵਿੱਚ ਹੋਈਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਪੋਲ ਹੋਈਆਂ ਵੋਟਾਂ ਨਾਲੋਂ ਕਿਤੇ ਵੱਧ ਅਤੇ ਕਿਧਰੇ ਘੱਟ ਗਿਣੇ ਜਾਣ ਦਾ ਵੀ ਇੱਕ ਵਿਵਾਦ ਸਾਹਮਣੇ ਆਇਆ ਹੈ। ਮਹਾਰਾਸ਼ਟਰ ਵਿੱਚ ਇਹ ਕਿਸਮ ਦੀ ਘਪਲੇਬਾਜ਼ੀ ਵੱਡੀ ਪੱਧਰ 'ਤੇ ਸਾਹਮਣੇ ਆਈ ਹੈ, ਜਿਸ ਵਿਰੁਧ ਸੰਸਦ ਦੇ ਅੰਦਰ ਅਤੇ ਬਾਹਰ ਵੀ ਵਿਰੋਧੀ ਧਿਰਾਂ ਵੱਲੋਂ ਆਵਾਜ਼ ਵੀ ਉਠਾਈ ਗਈ ਹੈ; ਪਰ ਸਰਕਾਰ ਅਤੇ ਚੋਣ ਕਮਿਸ਼ਨ ਟੱਸ ਤੋਂ ਮੱਸ ਨਹੀਂ ਹੋ ਰਹੇ। ਕਾਂਗਰਸ ਪਾਰਟੀ ਅਤੇ ਹੋਰ ਵਿਰੋਧੀ ਪਾਰਟੀਆਂ ਇਹ ਕਹਿ ਰਹੀਆਂ ਹਨ ਕਿ ਚੋਣ ਕਮਿਸ਼ਨ ਵੱਲੋਂ ਕੀਤੀ ਜਾ ਰਹੀ ਇਹ ਕਾਰਵਾਈ ਗੈਰ-ਜਮਹੂਰੀ ਅਤੇ ਗੈਰ-ਸੰਵਿਧਾਨਕ ਹੈ; ਜਦਕਿ ਹਾਕਮ ਧਿਰ ਦਾ ਆਖਣਾ ਹੈ ਕਿ ਇਸ ਵਿੱਚ ਕੁਝ ਵੀ ਗੈਰ-ਕਾਨੂੰਨੀ ਨਹੀਂ ਹੈ। ਸੁਪਰੀਮ ਕੋਰਟ ਨੇ ਵੀ ਚੋਣ ਕਮਿਸ਼ਨ ਦੀ ਇਸ ਕਾਰਵਾਈ ਨੂੰ ਸੰਵਿਧਾਨਕ ਦੱਸਿਆ ਹੈ, ਪਰ ਅਦਾਲਤ ਅਨੁਸਾਰ ਚੋਣਾਂ ਨੇੜੇ ਹੋਣ ਕਾਰਨ ਵੋਟਰ ਸੂਚੀ ਨੂੰ ਸੋਧਣ ਦਾ ਇਹ ਸਹੀ ਸਮਾਂ ਨਹੀਂ ਹੈ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਵੋਟਾਂ ਦੀ ਇਸ ਵਿਸ਼ੇਸ਼ ਪੜਤਾਲ ਦੌਰਾਨ ਆਧਾਰ ਕਾਰਡ, ਵੋਟਰ ਕਾਰਡ ਅਤੇ ਰਾਸ਼ਨ ਕਾਰਡ ਨੂੰ ਜਾਇਜ਼ ਦਸਤਾਵੇਜ਼ ਮੰਨਿਆ ਜਾਣਾ ਚਾਹੀਦਾ ਹੈ, ਜਦਕਿ ਚੋਣ ਕਮਿਸ਼ਨ ਅਨੁਸਾਰ ਸਿਰਫ ਬਰਥ ਸਰਟੀਫਿਕੇਟ ਨੂੰ ਹੀ ਇਸ ਵੋਟਰ ਸੂਚੀ ਦੀ ਵਿਸ਼ੇਸ਼ ਪੜਤਾਲ ਦੌਰਾਨ ਜਾਇਜ਼ ਮੰਨਿਆ ਜਾਵੇਗਾ। ਵੱਡੀ ਉਮਰ ਦੇ ਵੋਟਰਾਂ ਦੇ ਇੱਕ ਸੈਕਸ਼ਨ ਲਈ ਇਹ ਵੀ ਲਾਜ਼ਮੀ ਕਰ ਦਿੱਤਾ ਗਿਆ ਹੈ ਕਿ ਉਨ੍ਹਾਂ ਕੋਲ ਉਨ੍ਹਾਂ ਦੇ ਮਾਂ-ਬਾਪ ਦੇ ਵੀ ਜਨਮ ਸਰਟੀਫਿਕੇਟ ਹੋਣੇ ਚਾਹੀਦੇ ਹਨ। ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਦਾ ਆਖਣਾ ਹੈ ਕਿ ਇਸ ਵਿਸ਼ੇਸ਼ ਸੂਚੀ ਪੜਤਾਲ ਮੁਹਿੰਮ ਦੀ ਸਭ ਤੋਂ ਵੱਡੀ ਮਾਰ ਰਾਜ ਦੇ ਗਰੀਬ ਲੋਕਾਂ ਅਤੇ ਦੂਜੇ ਰਾਜਾਂ ਵਿੱਚ ਰੁਜ਼ਗਾਰ ਦੀ ਤਲਾਸ਼ ਵਿੱਚ ਜਾਣ ਵਾਲੇ ਮਜ਼ਦੂਰਾਂ 'ਤੇ ਪਏਗੀ। ਕਾਂਗਰਸ ਪਾਰਟੀ ਦਾ ਖਦਸ਼ਾ ਹੈ ਕਿ ਇਸ ਵਿਸ਼ੇਸ਼ ਸੋਧ ਮੁਹਿੰਮ ਰਾਹੀਂ ਮੁਸਲਿਮ ਵੋਟਰਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ। ਕਾਂਗਰਸ ਅਤੇ ਰਾਸ਼ਟਰੀ ਜਨਤਾ ਦਲ ਦੀ ਅਗਵਾਈ ਵਿੱਚ ਬੀਤੇ ਦਿਨੀਂ ਪਟਨਾ ਵਿੱਚ ਇੱਕ ਵਿਸ਼ਾਲ ਪ੍ਰਦਰਸ਼ਨ ਵੀ ਜਥੇਬੰਦ ਕੀਤਾ ਗਿਆ, ਜਿਸ ਵਿੱਚ ਰਾਹੁਲ ਗਾਂਧੀ ਨੇ ਵੀ ਸ਼ਿਰਕਤ ਕੀਤੀ।


Hiring Local & Midwest Drivers and Dedicated Lanes & Owner Operators



NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

PAO
www.paochicago.org

# Punjabi American Organization

PAO is a non-profit 501(c)(3)

ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ (ਸ਼ਿਕਾਗੋ) ਵੱਲੋਂ ਮਾਣ ਨਾਲ ਪੇਸ਼ ਹੈ ਮਿਡਵੈਸਟ ਦਾ 21ਵਾਂ ਰੰਗਾਰੰਗ ਪ੍ਰੋਗਰਾਮ

# Teeyan Da Mela

**Ladies Only**

**July 20th, 2025**
**Sunday** - *12:00PM to 4:00PM*

**Ashyana Banquet Hall**
1620 75th Street,
Downers Grove, IL 60516

**Please Join us and enjoy**
Giddha, Dholki, Singing, Dancing, Mehndi, Shopping and Food

Special Attraction Bebe Punjaban




## Singer



**Rupinder Handa**
(Kali Activa Fame)

*General admission is free, require registration through QR code.*

**Middle Section Seats:**
- Online Ticket: $30.00
- At the Gate: $35.00

*(Includes lunch, soft drinks, and tea/coffee)*

Reserved seats are for sponsors and VIPs. Can be purchased individualy for $100 EA

## Chief Guest



**Dr. Darshan Singh Dhaliwal & Debra Dhaliwal**

## Guest of honor



**JP Khaira**

## Gold Sponsors



**Raj Dhaliwal & Bhupinder Singh Dhaliwal**

## Grand Sponsors:
## Jodi Bhamra
## Mac Bhamra

ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ (ਸ਼ਿਕਾਗੋ)

"Volunteers and new members needed. High school volunteers will get community service hours"



**Vibha Rajput**
**Entrepreneur**

**For General inquiries & Sponsors**

Jasmeet K. Suga
*(President)*
630-673-6300
Sukhi Singh
847-917-3664
Minni Multani
630-935-5239
Naiha Walia
847-687-9074
Rajinder K. Mago
630-890-1362
Naina Singh
847-828-9412
Sheetal Kalra
630-442-3334

Amrita Dandona
Rosie Rehal
630-699-8555
Shaloo Chhabra
813-317-6815
Prabh Khaira
630-267-2107
Kamal Hunjan
630-673-5156

Gurpreet Singh
Pammi Sangha
630-965-2930
Jeewan Dhami
847-409-4675
Joti Khaira
630-346-7472
Pinki Walia
847-999-8720

**For Vendor/Stall Info, Please Contact Gurpreet K. Singh 630-677-6144**

# Punjabi American Organization

PAO is a non-profit 501(c)(3)

## Our Proud Sponsors




1995 - 2025
NEW YORK LIFE
30 YEARS ANNIVERSARY
SUNIL SHAH
(847) 309 4462



SUGA
BUILDERS & CONSTRUCTION
COMMERCIAL & RESIDENTIAL
LICENSED • BONDED • INSURED
JASBIR SUGA
708.715.1734
630.995.3333
info@sugabuilders.com
WWW.SUGABUILDERS.COM

5Rivers ENTERTAINMENT

SAKHI ATTIRE

PROFESSIONAL HEALTHCARE LAB, INC

Davinder & Naina Singh
THE GODDARD SCHOOL FOR EARLY CHILDHOOD DEVELOPMENT



Owner – Naina Singh
CHICAGO (WEST LOOP) – 312.625.8866

F.I.A
FEDERATION OF INDIAN ASSOCIATIONS®
CHICAGO, IL

Paul Dandona
THE GODDARD SCHOOL®

Satwant and
Avtar S. Multani
TERABYTE TRUCKING

Minni and Gulzar Singh
PAN-OCEANIC ENGINEERING CO., INC.
General Contractor (certified MBE)

FAMILY AND COSMETIC DENTISTRY
LAKE STREET DENTAL
630.894.8008
Dr. Harjinder Khaira
Joti Khaira

PUNJABI CULTURAL SOCIETY CHICAGO
ਪੰਜਾਬੀ ਸਭਿਆਚਾਰਕ ਸਭਾ

DESI JUNCTION MEDIA
Promotions Partner

RE/MAX AMERICAN DREAM
Get Free Pre- Approval
1st Time Home Buyers, Find Out How You Qualify For!
BUYING, SELLING, RENTING, OR INVESTING



REAL ESTATE AGENT JESSE SINGH
847-606-3664
JSINGH.REMAX.COM JSINGH@REMAX.NET

NATIONAL INDIA HUB



Gurinderjit Singh
Grewal

Kamal Sahota
Lucky Sahota
Safeway Transportation Services Corp.

SWERA Women Support Group
ਸਵੇਰਾ
SIKH WOMEN ERA

Ajeet Singh
MIDWAY BUSINESS GROUP
We Build Your Dreams


### Silver Sponsors

| | |
|---|---|
| Dr. Pooja Sharma | Rupi and Savi Attal |
| Happy Heer | Nag Jaiswal |
| Jaskaran Dhaliwal | Pummi and Amritpal Sangha |
| Santokh Singh DC | Balvinder Singh (A 1 Carpet) |
| Rimpy Khatra | Manjit & Gurdev Singh Palia |
| Parminder Walia | Johny Sallan Talwandi |
| Brij Sharma | Sonia and Vicki Indiana |

PAO

*Please Join and Support*

www.paochicago.org

# ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ (ਸ਼ਿਕਾਗੋ)

ਅਕਾਲ ਤਖ਼ਤ ਸਾਹਿਬ ਦਾ ਧਿਆਨ ਧਰਦਿਆਂ... (2)

# ਜਥੇਦਾਰਾਂ ਦੇ 'ਪਦਵੀ-ਰੁਤਬੇ' ਅਤੇ 'ਸੰਗਤੀ' ਸਿਧਾਂਤ

ਪੰਥਕ ਮਸਲੇ



ਡਾ. ਰੂਪ ਸਿੰਘ
ਫੋਨ:+91-9814637979

## *ਸਿੱਖ ਸਿਧਾਂਤਕ ਪਰਪੱਕਤਾ ਅਤੇ ਪੰਥ ਪ੍ਰਸਤੀ ਪ੍ਰਥਮ ਹੋਵੇ

***ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਡਾ. ਰੂਪ ਸਿੰਘ ਵੱਲੋਂ ਭੇਜਿਆ ਗਿਆ ਹਥਲਾ ਅਹਿਮ ਲੇਖ ਪੜ੍ਹਨ ਤੇ ਵਿਚਾਰਨ ਯੋਗ ਹੈ। ਉਨ੍ਹਾਂ ਇਸ ਗੱਲ ਨੂੰ ਉਭਾਰਿਆ ਹੈ ਕਿ ਸਿੱਖ ਸਿਧਾਂਤਕ ਪਰਪੱਕਤਾ ਅਤੇ ਪੰਥ ਪ੍ਰਸਤੀ ਨੂੰ ਪਹਿਲ ਦੇਣ ਦੀ ਲੋੜ ਹੈ ਅਤੇ ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਕਮੇਟੀ ਦੇ 'ਰੁਤਬੇ' ਦਾ ਮਾਣ-ਸਤਿਕਾਰ ਕਾਇਮ ਰਹਿਣਾ ਚਾਹੀਦਾ ਹੈ। ਸਿੱਖ ਨੇ ਸ਼ਖ਼ਸੀਅਤ ਨਾਲ ਨਹੀਂ, ਸਦਾ ਸਿੱਖ ਸੋਚ ਨਾਲ ਜੁੜਨਾ ਹੈ। ਪੰਚ-ਪ੍ਰਧਾਨੀ ਸਿਧਾਂਤ ਅਨੁਸਾਰ 'ਪੰਜ-ਪਿਆਰੇ' ਹੀ ਤਖ਼ਤ ਦੀ ਪ੍ਰਤੀਨਿਧਤਾ ਕਰ ਸਕਦੇ ਹਨ। 'ਵਿਅਕਤੀ ਵਿਸ਼ੇਸ਼' ਦੀ ਅਹਿਮੀਅਤ ਦਾ ਜੋ ਪੜੁੱਲ ਬੱਝ ਗਿਆ ਹੋਇਆ ਹੈ, ਉਸ ਤੋਂ ਛੁਟਕਾਰਾ ਪਾ ਕੇ 'ਸਿੱਖੀ ਸੋਚ, ਸਿਧਾਂਤ ਦੀ ਸਰਦਾਰੀ ਕਿੰਜ ਕਾਇਮ ਰਹੇ?' ਇਹ ਸਵਾਲ ਸਿੱਖ ਪੰਥਕ ਸਫਾਂ ਲਈ ਅਹਿਮ ਹੈ। ਪੇਸ਼ ਹੈ, ਲੇਖ ਦੀ ਦੂਜੀ ਤੇ ਆਖਰੀ ਕਿਸ਼ਤ... -ਪ੍ਰਬੰਧਕੀ ਸੰਪਾਦਕ***

(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

15 ਨਵੰਬਰ 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹੋਂਦ ਵਿੱਚ ਆਉਣ ਤੋਂ ਲੈ ਕੇ 29 ਨਵੰਬਰ 1961 ਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਕਿਸੇ ਵੀ ਹੁਕਮਨਾਮੇ 'ਤੇ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਾਮ ਅੰਕਿਤ ਨਹੀਂ, ਕੇਵਲ 'ਸਹੀ/ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ' ਲਿਖਿਆ ਮਿਲਦਾ ਹੈ। ਸਿਧਾਂਤਕ ਚੇਤੰਨਤਾ ਦੀ ਇਹ ਮਿਸਾਲ ਹੈ। ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਗੁਰੂ-ਪੰਥ' ਦਾ ਹੈ, ਜਿਸ ਦੀ ਪ੍ਰਤੀਨਿਧਤਾ 'ਪੰਜ-ਪਿਆਰੇ' ਕਰਦੇ ਹਨ, ਕੋਈ ਵਿਅਕਤੀ ਵਿਸ਼ੇਸ਼ ਨਹੀਂ। ਇੱਕ ਉਦਾਹਰਣ ਕਾਫੀ ਹੋਵੇਗੀ, 'ਪੰਜਾਂ ਪਿਆਰਿਆਂ ਦਾ ਫ਼ੈਸਲਾ, ਜਥੇਦਾਰ ਅੱਛਰ ਸਿੰਘ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਨੇ ਸ੍ਰੀਮਾਨ ਮਾਸਟਰ ਤਾਰਾ ਸਿੰਘ, ਸ੍ਰੀਮਾਨ ਸੰਤ ਫਤਹਿ ਸਿੰਘ ਅਤੇ ਹਾਜ਼ਰ ਮੈਂਬਰ ਵਰਕਿੰਗ ਕਮੇਟੀ ਨੂੰ ਖੜ੍ਹਿਆਂ ਕਰਕੇ ਸੁਣਾਇਆ... ਪੰਜਾਂ ਪਿਆਰਿਆਂ ਦਾ ਫ਼ੈਸਲਾ 29 ਨਵੰਬਰ 1961 ਮੁਤਾਬਕ ਮੱਘਰ 14, 2018 ਦਿਨ ਬੁੱਧਵਾਰ... ਪੰਜਾਂ ਪਿਆਰਿਆਂ ਵੱਲੋਂ ਨੀਯਤ ਕੀਤੀ ਤਨਖ਼ਾਹ...।

ਨਕਲੀ ਨਿਰੰਕਾਰੀਆਂ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮੇ ਸਮੇਂ ਵੀ ਲਗਭਗ ਉਪਰੋਕਤ ਪੰਥਕ ਜੁਗਤਿ ਵਰਤੀ ਗਈ। ਚਸ਼ਮਦੀਦਾਂ ਦੇ ਦੱਸਣ ਅਨੁਸਾਰ 13 ਅਪ੍ਰੈਲ 1978 ਨੂੰ ਵਾਪਰੇ ਦੁਖਦਾਈ ਨਿਰੰਕਾਰੀ ਕਾਂਡ ਉਪਰੰਤ ਇਤਿਹਾਸਕ ਤੇਜਾ ਸਿੰਘ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਪ੍ਰਤੀਨਿਧ ਸਿੱਖਾਂ ਦਾ ਭਰਵਾਂ ਇਕੱਠ ਹੋਇਆ, ਜਿਸ ਵਿੱਚ ਤਖ਼ਤਾਂ ਦੇ ਜਥੇਦਾਰ ਸਾਹਿਬਾਨ, ਜਥੇਦਾਰ ਗੁਰਚਰਨ ਸਿੰਘ 'ਟੌਹੜਾ' ਪ੍ਰਧਾਨ, ਸ਼੍ਰੋਮਣੀ ਕਮੇਟੀ ਤੇ ਮੈਂਬਰ ਸਾਹਿਬਾਨ ਤੋਂ ਇਲਾਵਾ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ, ਸਿਰਦਾਰ ਕਪੂਰ ਸਿੰਘ, ਗਿਆਨੀ ਲਾਲ ਸਿੰਘ (ਪਟਿਆਲਾ), ਜਥੇਦਾਰ ਮੋਹਣ ਸਿੰਘ ਤੁੜ, ਜਥੇਦਾਰ ਜਗਦੇਵ ਸਿੰਘ ਤਲਵੰਡੀ (ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ), ਪ੍ਰਿੰ. ਸਤਿਬੀਰ ਸਿੰਘ, ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਆਦਿ ਪ੍ਰਮੁੱਖ ਪ੍ਰਤੀਨਿਧ ਸਿੱਖ ਸ਼ਾਮਲ ਹੋਏ। 10 ਜੂਨ 1978 ਨੂੰ ਪੰਥਕ ਇਕੱਠ ਸਮੇਂ ਲਏ ਗਏ ਫ਼ੈਸਲੇ ਅਨੁਸਾਰ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰ, ਸਾਧੂ ਸਿੰਘ (ਭੌਰਾ) ਵੱਲੋਂ ਉਸ ਹੀ ਦਿਨ ਹੁਕਮਨਾਮਾ ਜਾਰੀ ਕੀਤਾ ਗਿਆ। ਇਸ ਹੁਕਮਨਾਮੇ ਦੀ ਅਲੱਗ ਇਬਾਰਤ, ਭਾਸ਼ਾ-ਸ਼ੈਲੀ ਸ਼ਾਇਦ ਸਿਰਦਾਰ ਕਪੂਰ ਸਿੰਘ ਜੀ ਦੀ ਲਿਖਤ ਹੈ।

ਇੱਕ ਰੌਚਿਕ ਤੱਥ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਨਾ ਲੋਚਦਾ ਹਾਂ: 7 ਮਾਰਚ 1960 ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਅਜਲਾਸ ਸਮੇਂ ਸੰਤ ਚੰਨਣ ਸਿੰਘ ਅਤੇ ਸੰਤ ਫਤਹਿ ਸਿੰਘ ਗੰਗਾਨਗਰ ਤੋਂ ਸ਼੍ਰੋਮਣੀ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਨਾਮਜ਼ਦ ਕੀਤੇ ਗਏ। 1961 ਈ. ਨੂੰ ਸਿੱਖ ਨੇਤਾਵਾਂ ਨੂੰ ਤਨਖ਼ਾਹ ਲੱਗਦੀ ਹੈ। 1962 'ਚ ਅਕਾਲੀ ਦਲ, 'ਮਾਸਟਰ' ਤੇ 'ਸੰਤ' ਦੋ ਧੜਿਆ 'ਚ ਵੰਡਿਆ ਗਿਆ। 2 ਅਕਤੂਬਰ 1962 ਨੂੰ ਸੰਤ ਚੰਨਣ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣ ਗਏ ਤੇ 1972 'ਚ ਅਕਾਲ ਚਲਾਣੇ ਤੀਕ ਕਾਇਮ ਰਹੇ। ਇਸ ਉਪਰੰਤ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਚੁਣੇ ਗਏ ਤੇ ਲਗਭਗ 26 ਸਾਲ ਇਸ ਅਹੁਦੇ 'ਤੇ ਬਣੇ ਰਹੇ। ਇਸ ਸਮੇਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਨਾਂ ਪ੍ਰਮੁੱਖ਼ਤਾ ਨਾਲ ਦ੍ਰਿਸ਼ਟੀ ਗੋਚਰ ਹੋਣਾ ਸ਼ੁਰੂ ਹੋਇਆ... ਤੇ ਜਥੇਦਾਰ ਦੀ 'ਸ਼ਖ਼ਸੀਅਤ' ਸ਼ਖ਼ਸੀ ਰੂਪ 'ਚ ਉਜਾਗਰ ਹੋਣੀ ਸ਼ੁਰੂ ਹੋਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਅਤੇ ਸ਼੍ਰੋਮਣੀ ਸਿੱਖ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਹਿ ਸਿੰਘ ਦੇ ਬਣਨ ਨਾਲ 'ਸੰਤਾਂ' ਦੀ ਜੈ-ਜੈ ਕਾਰ ਹੋਣੀ ਕੁਦਰਤੀ ਸੀ। ਕੁਝ ਦਹਾਕਿਆਂ ਤੋਂ 'ਸ਼ਖ਼ਸੀਅਤ ਪ੍ਰਸਤੀ' ਨੂੰ ਸਿਧਾਂਤਕ ਸਮਝ ਦੀ ਘਾਟ, ਸਿਆਸੀ ਤੇ ਡੇਰੇਦਾਰੀ ਸੋਚ ਅਧੀਨ 'ਸ਼ਖਸੀ' ਲਾਹੇ ਲਈ ਜਾਣੇ-ਅਣਜਾਣੇ ਉਤਸ਼ਾਹ ਮਿਲ ਰਿਹਾ ਹੈ। ਇਸ ਦੀ ਪ੍ਰਮੁੱਖ ਉਦਾਹਰਣ ਪੰਜਾਬ ਵਿੱਚ ਇੱਕ ਸਦੀ ਦੌਰਾਨ ਸਥਾਪਤ ਹੋਏ 'ਡੇਰੇ' ਤੇ 'ਸੰਪਰਦਾਵਾਂ' ਹਨ। ਇਨ੍ਹਾਂ ਦਾ ਪ੍ਰਬੰਧ ਵਿਅਕਤੀਗਤ ਹੈ। ਵਿਅਕਤੀ ਵਿਸ਼ੇਸ਼ 'ਚ ਵਿਅਕਤੀਗਤ ਕਮਜ਼ੋਰੀਆਂ ਦਾ ਹੋਣਾ ਸੁਭਾਵਿਕ ਹੈ ਤੇ ਮੌਕਾਪ੍ਰਸਤੀ ਵੀ ਹੋ ਸਕਦੀ ਹੈ। ਅਜਿਹਾ ਆਮ ਵਰਤਾਰਾ ਹੈ। ਸਮਕਾਲੀ ਸਮੱਸਿਆਵਾਂ ਦਾ ਹੱਲ ਵੀ ਸ਼੍ਰੋਮਣੀ ਕਮੇਟੀ ਦੇ ਚੁਣੇ ਹੋਏ ਸਿੱਖਾਂ ਦੇ ਪ੍ਰਤੀਨਿੱਧ ਇਕੱਠ (ਸਰਬੱਤ ਖਾਲਸਾ) ਦਾ ਰੁਤਬਾ ਬਹਾਲ ਹੋਣ ਵਿੱਚ ਹੈ।

ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਕਸਰ ਕਿਹਾ ਕਰਦੇ ਸਨ, 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਅੱਸੀ ਲੱਖ ਸਿੱਖ ਵੋਟਰਾਂ ਦੀ ਚੁਣੀ ਹੋਈ ਨੁਮਾਇੰਦਾ ਪੰਥਕ ਜਥੇਬੰਦੀ ਹੈ, ਜਿਸ ਨੂੰ ਆਧੁਨਿਕ ਜੁੱਗ ਦੇ ਸਰਬੱਤ ਖਾਲਸਾ ਦਾ ਸਤਿਕਾਰ ਹਾਸਲ ਹੈ।' ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਕਮੇਟੀ ਦੇ 'ਰੁਤਬੇ' ਦਾ ਮਾਣ-ਸਤਿਕਾਰ ਕਾਇਮ ਰਹਿਣਾ ਚਾਹੀਦਾ ਹੈ। ਕੌਮੀ ਮਸਲਿਆਂ ਸਮੇਂ ਵਿਸ਼ੇਸ਼ ਜਨਰਲ ਅਜਲਾਸ ਬੁਲਾਏ ਜਾਣ, ਜਿਨ੍ਹਾਂ ਵਿੱਚ ਹੋਰ ਪੰਥਕ ਜਥੇਬੰਦੀਆਂ ਦੇ ਪ੍ਰਤੀਨਿੰਧ 'ਵਿਸ਼ੇਸ਼-ਨੁਮਾਇੰਦੇ' ਵਜੋਂ ਉਚੇਚੇ ਬੁਲਾਏ ਜਾਣ ਤਾਂ ਕਿ ਕੌਮੀ ਰਾਇ ਅਨੁਸਾਰ, ਨੁਮਾਇੰਦਾ-ਜਥੇਬੰਧਕ ਪੰਥਕ ਇਕੱਠ 'ਕੌਮੀ ਪੰਥਕ' ਫ਼ੈਸਲੇ ਕਰ ਸਕੇ। ਕੌਮੀ ਪੰਥਕ ਫ਼ੈਸਲੇ 'ਪੰਜ-ਪਿਆਰੇ' ਸਾਹਿਬਾਨ ਦੀ ਪ੍ਰਵਾਨਗੀ ਉਪਰੰਤ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮੇ ਦੇ ਰੂਪ 'ਚ ਜਾਰੀ ਕਰਨ ਦੀ ਮਰਯਾਦਾ ਬਹਾਲ ਹੋਵੇ। ਹਾਂ, ਮੈਂਬਰ ਸਾਹਿਬਾਨ ਨੂੰ ਵੀ ਆਪਣੀ ਪੰਥਕ-ਜ਼ਿੰਮੇਵਾਰੀ ਨਿਭਾਉਂਦਿਆਂ 'ਗੁਰੂ-ਪੰਥ' ਦੇ ਭੈਅ 'ਚ, ਨਿਰਭੈ ਹੋ ਕੇ ਸਿੱਖ ਸੋਚ ਅਨੁਸਾਰ ਆਵਾਜ਼ ਬੁਲੰਦ ਕਰਨੀ ਪਵੇਗੀ।

ਤਖ਼ਤ ਸਾਹਿਬਾਨ ਤੋਂ ਹੁਕਮਨਾਮੇ ਜਾਰੀ ਕਰਨ ਦੀ ਪੰਥ ਪ੍ਰਵਾਨਿਤ ਮਰਯਾਦਾ ਹੈ, ਪਰ ਹੁਕਮਨਾਮਾ ਕਰਨ ਦੇ ਅਧਿਕਾਰੀ 'ਗੁਰੂ-ਪੰਥ' ਦੇ ਪ੍ਰਤੀਨਿਧ 'ਪੰਜ-ਪਿਆਰੇ' ਹੀ ਹਨ, ਕੋਈ ਵਿਅਕਤੀ ਵਿਸ਼ੇਸ਼ ਨਹੀਂ। ਗੁਰੂ 'ਜੋਤਿ-ਜੁਗਤਿ' ਦੇ ਸਿਧਾਂਤ ਅਨੁਸਾਰ ਪੰਥਕ ਮਰਯਾਦਾ ਦੀ ਪਾਲਣਾ ਹਰ ਸਮੇਂ ਲਾਜ਼ਮੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਹੀ 'ਪੰਜ-ਪਿਆਰੇ' ਗੁਰੂ ਜੁਗਤਿ ਅਨੁਸਾਰ 'ਗੁਰੂ-ਜੋਤਿ' ਦੀ ਰਹੱਸਮਈ ਦੈਵੀ ਸ਼ਕਤੀ ਵਰਤ ਸਕਦੇ ਹਨ। ਤਖ਼ਤ ਸਾਹਿਬਾਨ ਤੋਂ ਸਮੇਂ ਸਮੇਂ ਜਾਰੀ ਹੋਏ ਹੁਕਮਨਾਮਿਆਂ ਤੋਂ ਸਪੱਸ਼ਟ ਹੈ ਕਿ ਪੰਜਾਂ ਤਖ਼ਤਾਂ ਦੇ ਜਥੇਦਾਰਾਂ ਵੱਲੋਂ 'ਪੰਜ ਪਿਆਰਿਆਂ' ਦੇ ਰੂਪ ਵਿੱਚ ਮਿਲ ਬੈਠ ਕੇ ਫ਼ੈਸਲੇ ਕਰਨ ਦੀ ਪਰੰਪਰਾ ਵੀ ਨਹੀਂ ਰਹੀ। ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ 'ਹੁਕਮਨਾਮੇ' ਨੂੰ ਦੂਸਰੇ ਤਖ਼ਤਾਂ ਤੋਂ ਪ੍ਰੋੜ੍ਹਤਾ, ਪ੍ਰਚਾਰ-ਪ੍ਰਸਾਰ ਲਈ ਜਾਰੀ ਕੀਤਾ ਗਿਆ। ਉਦਾਰਹਣ ਵਜੋਂ ਬਾਬੂ ਤੇਜਾ ਸਿੰਘ ਤੇ ਬੀਬੀ ਨਿਰੰਜਨ ਕੌਰ ਨੂੰ 9 ਅਗਸਤ 1928 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮੇ ਰਾਹੀ ਪੰਥ 'ਚੋਂ ਖ਼ਾਰਜ ਕੀਤਾ ਗਿਆ। ਹੂ-ਬ-ਹੂ ਸ਼ਬਦਾਵਲੀ ਵਾਲਾ ਹੁਕਮਨਾਮਾ 22 ਅਗਸਤ 1928 ਨੂੰ ਤਖ਼ਤ, ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੇ 13 ਜਨਵਰੀ 1929 ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਜਾਰੀ ਹੋਇਆ। 15 ਸਤੰਬਰ 1931 ਨੂੰ ਭਾਈ ਰਣਧੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਭਾਈ ਸਾਹਿਬ' ਦੀ ਉਪਾਧੀ ਬਖ਼ਸ਼ਿਸ਼ ਹੋਈ। ਕੁਝ ਸਮੇਂ ਬਾਅਦ ਤਖ਼ਤ, ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੋਂ ਵੀ ਇਸ ਤਰ੍ਹਾਂ ਹੀ ਸਨਮਾਨ-ਸਤਿਕਾਰ ਕੀਤਾ ਗਿਆ।

ਸਿਧਾਂਤਕ ਪੱਖ ਦੇ ਨਾਲ ਇਤਿਹਾਸਕ ਤੌਰ 'ਤੇ ਦੇਖੀਏ ਤਾਂ ਤਖ਼ਤ, ਦਮਦਮਾ ਸਾਹਿਬ ਤਲਵੰਡੀ ਸਾਬੋ ਨੂੰ 'ਤਖ਼ਤ' ਵਜੋਂ ਪੰਥਕ ਪ੍ਰਵਾਨਗੀ 18 ਨਵੰਬਰ 1966 ਈ. ਨੂੰ ਮਿਲੀ ਅਤੇ 'ਤਖ਼ਤ' ਦਾ ਕੇਂਦਰ ਸਰਕਾਰ ਵੱਲੋਂ ਨੋਟੀਫ਼ੀਕੇਸ਼ਨ ਸ਼ਾਇਦ ਅਪ੍ਰੈਲ 1999 ਈ. 'ਚ ਹੋਇਆ। ਇਸ ਤਰ੍ਹਾਂ ਪੰਜਾਂ ਤਖ਼ਤਾਂ ਦੇ ਜਥੇਦਾਰਾਂ ਦਾ 'ਪੰਜ-ਪਿਆਰੇ' ਸਾਹਿਬਾਨ ਦੇ ਰੂਪ 'ਚ ਮਿਲ ਬੈਠਣਾ ਸੰਭਵ ਹੀ ਨਹੀਂ ਸੀ। ਅਰਦਾਸ ਦੇ ਚੌਥੇ ਬੰਦ ਵਿੱਚ ਪਹਿਲਾਂ 'ਚਾਰ ਤਖ਼ਤਾਂ' ਦਾ ਜ਼ਿਕਰ ਸੀ, ਅਰਦਾਸ 'ਚ ਤਬਦੀਲੀ ਵੀ 1966 ਤੋਂ ਬਾਅਦ ਵਿੱਚ ਕਰਕੇ 'ਪੰਜਾਂ ਤਖ਼ਤਾਂ' ਦੀ ਸੋਧ ਕੀਤੀ ਗਈ। ਇਤਿਹਾਸਕ ਹਵਾਲਾ ਹੈ ਕਿ ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਦੇ ਜਥੇਦਾਰ ਸੰਤ ਲੱਖਾ ਸਿੰਘ ਪਹਿਲੀ ਵਾਰ 23 ਅਗਸਤ 1981 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੀਟਿੰਗ 'ਚ ਸ਼ਾਮਲ ਹੋਏ। ਇੱਕ ਹੋਰ ਪੱਖ ਵੀ ਵਿਚਾਰਨ ਯੋਗ ਹੈ ਕਿ ਸਥਾਪਿਤ ਪਰੰਪਰਾ ਅਨੁਸਾਰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਾਹਿਬ, ਤਖ਼ਤ ਸਾਹਿਬ ਦੀ ਮਰਯਾਦਾ ਨਿਭਾਉਣ ਹਿਤ ਕਿਸੇ ਵੀ ਸੂਰਤ 'ਚ ਕਿਧਰੇ ਬਾਹਰ ਨਹੀਂ ਜਾਂਦੇ...। ਇਸ ਤਰ੍ਹਾਂ ਉਨ੍ਹਾਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ 'ਪੰਜ-ਪਿਆਰੇ' ਸਾਹਿਬਾਨ ਦੇ ਰੂਪ 'ਚ ਸ਼ਾਮਲ ਹੋਣਾ ਮੁਮਕਿਨ ਹੀ ਨਹੀਂ। ਤਖ਼ਤ ਸ੍ਰੀ ਪਟਨਾ ਸਾਹਿਬ ਤੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਮਰਯਾਦਾ ਪੰਜਾਬ ਦੇ ਤਿੰਨਾਂ ਤਖ਼ਤਾਂ ਦੀ ਪੰਥਕ ਮਰਯਾਦਾ ਤੋਂ ਭਿੰਨ ਹੋਣ ਕਰਕੇ ਮਿਲ ਬੈਠਣਾ ਗੈਰ-ਵਾਜਬ ਹੈ...।




***ਕੁਝ ਦਹਾਕਿਆਂ ਤੋਂ 'ਸ਼ਖ਼ਸੀਅਤ ਪ੍ਰਸਤੀ' ਨੂੰ ਸਿਧਾਂਤਕ ਸਮਝ ਦੀ ਘਾਟ, ਸਿਆਸੀ ਤੇ ਡੇਰੇਦਾਰੀ ਸੋਚ ਅਧੀਨ 'ਸ਼ਖਸੀ' ਲਾਹੇ ਲਈ ਜਾਣੇ-ਅਣਜਾਣੇ ਉਤਸ਼ਾਹ ਮਿਲ ਰਿਹਾ ਹੈ। ਇਸ ਦੀ ਪ੍ਰਮੁੱਖ ਉਦਾਹਰਣ ਪੰਜਾਬ ਵਿੱਚ ਇੱਕ ਸਦੀ ਦੌਰਾਨ ਸਥਾਪਤ ਹੋਏ 'ਡੇਰੇ' ਤੇ 'ਸੰਪਰਦਾਵਾਂ' ਹਨ। ਇਨ੍ਹਾਂ ਦਾ ਪ੍ਰਬੰਧ ਵਿਅਕਤੀਗਤ ਹੈ।***

ਸਿੱਖ ਰਹਿਤ ਮਰਯਾਦਾ ਵਿੱਚ ਅੰਕਿਤ 'ਗੁਰਦੁਆਰੇ' ਦੀ ਮੱਦ ਦੇ (ਟ) ਅਤੇ (ਠ) ਭਾਗ ਵਿੱਚ ਤਖ਼ਤ ਪੰਜ ਹਨ, ਦਾ ਜ਼ਿਕਰ ਹੈ। ਇਸ ਮੱਦ ਅਨੁਸਾਰ ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਕਰਮ ਅੰਕ ਪੰਜਵੇਂ 'ਤੇ ਸ਼ਾਮਲ ਹੈ। ਗੁਰਮਤਿ ਸਾਹਿਤ ਦੇ ਮੂਲ ਗ੍ਰੰਥਾਂ ਤੇ ਸਿੱਖ ਰਹਿਤ ਮਰਯਾਦਾ 'ਚ 'ਜਥੇਦਾਰ' ਸ਼ਬਦ ਦੀ ਅਣਹੋਂਦ ਤੇ 'ਤਖ਼ਤਾਂ ਦੇ ਜਥੇਦਾਰਾਂ ਦੀ 'ਪਦਵੀ-ਰੁਤਬੇ' ਦਾ ਜ਼ਿਕਰ ਨਾ ਹੋਣਾ, 'ਸੰਗਤੀ' ਸਿਧਾਂਤ ਵੱਲ ਸੰਕੇਤ ਕਰਦਾ ਹੈ। 18 ਮਾਰਚ 1887 ਨੂੰ ਪੁਜਾਰੀਆਂ ਵੱਲੋਂ ਪ੍ਰੋ. ਗੁਰਮੁੱਖ ਸਿੰਘ ਵਾਲੇ ਹੁਕਮਨਾਮੇ 'ਚ ਵੀ ਸ਼ਬਦ 'ਜਥੇਦਾਰ' ਨਹੀਂ, 'ਮਹੰਤ' ਵਰਤਿਆ ਗਿਆ ਹੈ। ਕਾਰਨ ਇੱਕ ਹੀ ਹੈ ਕਿ 1699 ਈ. ਨੂੰ ਖ਼ਾਲਸਾ ਪੰਥ ਦੀ ਸਿਰਜਣਾ ਕਰ 'ਸਾਹਿਬ' ਗੁਰੂ ਗੋਬਿੰਦ ਸਿੰਘ ਜੀ ਨੇ 'ਸਾਹਿਬੀ' ਪੰਥ ਨੂੰ ਬਖ਼ਸ਼ ਦਿੱਤੀ।

ਅੱਜ ਕੱਲ੍ਹ ਤਖ਼ਤ ਸਾਹਿਬਾਨ ਦੇ 'ਜਥੇਦਾਰ' ਸਾਹਿਬਾਨ ਦੀ ਨਿਯੁਕਤੀ, ਯੋਗਤਾ, ਅਧਿਕਾਰ ਖੇਤਰ, ਸੇਵਾ ਮੁਕਤੀ ਆਦਿ ਲਈ 'ਸੁਝਾਅ' ਮੰਗੇ ਜਾ ਰਹੇ ਹਨ? ਜਥੇਦਾਰ ਸਾਹਿਬਾਨ ਦੀ ਨਿਯੁਕਤੀ-ਸੇਵਾ ਮੁਕਤੀ ਦੇ ਨਿਯਮ ਤਾਂ 1929 ਈ. ਤੋਂ 'ਨਿਯਮ-ਉਪ ਨਿਯਮ' ਅਤੇ 'ਸਰਵਿਸ ਰੂਲ' ਵਿੱਚ ਅੰਕਿਤ ਹਨ। ਸੁਆਲ ਤਾਂ ਇਹ ਵੀ ਹੈ ਕਿ ਪਿਛਲੇ ਸੌ ਸਾਲ 'ਚ 'ਪੋਪ' ਨੁਮਾ ਨਿਯਮ ਨਿਰਧਾਰਿਤ ਕਰਨ ਦੀ ਲੋੜ ਕਿਉਂ ਨਹੀਂ ਪਈ? ਸ਼ਾਇਦ 'ਪੰਜ ਪਿਆਰਿਆਂ' ਦੀ ਸਿਧਾਂਤਕ ਸੰਸਥਾ ਦੀ ਪ੍ਰਮੁੱਖਤਾ ਤੇ 'ਸ਼ਖ਼ਸ-ਪ੍ਰਸਤੀ' ਤੋਂ ਬਚਣ ਦੀ 'ਚੇਤੰਨਤਾ' ਹੀ ਇਸ ਦਾ ਮੁੱਖ ਕਾਰਨ ਹੋਵੇ! ਸਿੱਖ ਵਿਚਾਰਧਾਰਾ ਅਨੁਸਾਰ 'ਪੋਪ' ਨੁਮਾ 'ਪਦ-ਪਦਵੀ ਤੇ ਸ਼ਖ਼ਸੀਅਤ' ਦੀ ਕੋਈ ਥਾਂ ਨਹੀਂ। (ਸ਼ਾਇਦ ਅੱਧ ਤੋਂ ਵੱਧ ਇਸਾਈਅਤ ਨੂੰ ਮੰਨਣ ਵਾਲੇ ਵੀ 'ਪੋਪ' ਦੀ ਵਿਵਸਥਾ ਤੋਂ ਇਨਕਾਰੀ ਹੋਣ) ਸਿੱਖ ਨੇ ਸ਼ਖ਼ਸੀਅਤ ਨਾਲ ਨਹੀਂ, ਸਦਾ ਸਿੱਖ ਸੋਚ ਨਾਲ ਜੁੜਨਾ ਹੈ। ਪਿਛਲੇ ਪੰਜਾਹ ਸਾਲਾਂ 'ਚ ਕਿੰਨੇ 'ਜਥੇਦਾਰ' ਕਿਵੇਂ ਲਾਏ-ਹਟਾਏ ਗਏ? ਇਹ ਵੀ ਵਿਚਾਰਨ ਦਾ ਵਿਸ਼ਾ ਹੈ।

ਇੱਕ ਗੱਲ ਸਪੱਸ਼ਟ ਹੈ ਕਿ ਸਿਧਾਂਤ ਵੱਲ ਪਿੱਠ ਕਰਕੇ ਮਨਪਸੰਦ 'ਸ਼ਖ਼ਸੀਅਤਾਂ' ਦੀ ਚੋਣ ਕਰਨ ਨਾਲ ਇਸ ਤਰ੍ਹਾਂ ਦੇ ਨਤੀਜੇ ਸਨਮੁੱਖ ਹੋਣਗੇ। 'ਜਥੇਦਾਰਾਂ' ਨੂੰ 'ਜਥੇਦਾਰਾਂ' ਵੱਲੋਂ 'ਤਲਬ' ਕੀਤਾ ਗਿਆ, ਸ਼ਪੱਸ਼ਟੀਕਰਨ ਮੰਗੇ ਗਏ, ਪੰਥ 'ਚੋ 'ਛੇਕੇ' ਗਏ ਤੇ ਹੁਣ 'ਤਨਖ਼ਾਹ' ਲਾਈ ਗਈ? ਗੁਰਮਤਿ ਵਿਚਾਰਧਾਰਾ ਅਨੁਸਾਰ ਇਸ ਤਰ੍ਹਾਂ ਹੋ ਸਕਦਾ ਹੈ, ਕਿਉਂਕਿ 'ਜਥੇਦਾਰ' ਵੀ ਪਹਿਲਾਂ ਸਿੱਖ ਹੋਣ ਕਰਕੇ 'ਗੁਰੂ-ਪੰਥ' ਨੂੰ ਜੁਆਬਦੇਹ ਹੈ। ਸ਼ਖ਼ਸੀਅਤ ਪ੍ਰਸਤੀ ਨੂੰ ਉਤਸ਼ਾਹ ਮਿਲਣ ਕਾਰਨ ਹੀ 1999 ਵਿੱਚ ਨਿਯੁਕਤ ਕੀਤੇ ਗਏ 'ਜਥੇਦਾਰ' ਵੱਲੋਂ 25 ਜਨਵਰੀ 2000 ਤੋਂ 28 ਮਾਰਚ 2000 ਜਾਰੀ ਕੀਤੇ 'ਹੁਕਮਨਾਮੇ' (ਐਲਾਨ-ਨਾਮੇ) ਨਵ-ਨਿਯੁਕਤ 'ਜਥੇਦਾਰ' ਵੱਲੋਂ 'ਅਨੁਚਿਤ ਅਤੇ ਨਾਜਾਇਜ਼' ਕਰਾਰ ਦੇ ਕੇ ਰੱਦ ਕਰ ਦਿੱਤੇ ਸਨ, ਜਿਨ੍ਹਾਂ ਵਿੱਚ ਸਮਕਾਲੀ ਦੋ 'ਜਥੇਦਾਰਾਂ' ਨੂੰ ਵੀ ਪੰਥ 'ਚੋ ਖਾਰਜ ਕੀਤਾ ਗਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਜੇਕਰ ਪੰਥਕ ਸੋਚ ਨੂੰ ਤਜ ਕੇ, ਨਿੱਜੀ-ਸੋਚ ਅਨੁਸਾਰ ਫ਼ੈਸਲੇ ਹੋਣਗੇ ਤਾਂ ਅਜਿਹਾ ਵਾਪਰ ਸਕਦਾ ਹੈ। ਲਗਦਾ ਹੈ ਕਿ 2 ਦਸੰਬਰ 2024 ਨੂੰ ਜਾਰੀ ਹੁਕਮਨਾਮੇ ਨੂੰ 'ਨਿੱਜ' ਨਾਲ ਜੋੜਨ ਕਾਰਨ ਚਰਚਾ ਦਾ ਵਿਸ਼ਾ ਬਣਿਆ। ਸਿੱਖ ਵਿਚਾਰਧਾਰਾ ਅਤਿ-ਸੂਖਮ, ਸਰਵ-ਕਾਲੀ, ਸਰਵ-ਵਿਆਪੀ ਤੇ ਸਰਵ-ਸ੍ਰੇਸ਼ਟ ਹੈ। ਵਿਅਕਤੀ-ਵਿਸ਼ੇਸ਼ ਜਾਂ ਜਥੇਦਾਰ ਬਾਰੇ ਲਿਖਣਾ ਮੇਰਾ ਮਨੋਰਥ ਨਹੀਂ, ਕੇਵਲ ਸਿਧਾਂਤਕ ਸਿੱਖ ਸੋਚ ਦੇ ਵਲਵਲੇ ਨੂੰ ਉਜਾਗਰ ਕਰਨ ਲਈ ਯਤਨਸ਼ੀਲ ਹਾਂ। ਲੋਚਾ ਇੱਕ ਹੀ ਹੈ- ਸਿੱਖੀ ਸੋਚ, ਸਿਧਾਂਤ ਦੀ ਸਰਦਾਰੀ ਕਾਇਮ ਰਵ੍ਹੇ। ਸੰਗਤ ਸਿਰਮੌਰ ਹੈ, ਸ਼ਖ਼ਸੀਅਤ ਨਹੀਂ... ਮੌਜੂਦਾ ਹੁਕਮਨਾਮੇ ਜਾਰੀ ਕਰਨ ਸਬੰਧੀ 'ਤਖ਼ਤ ਸਾਹਿਬਾਨ' ਦਰਮਿਆਨ ਪੈਦਾ ਹੋਇਆ ਵਿਵਾਦ ਵੀ 'ਵਿਚਾਰਧਾਰਕ ਅਣਹੋਂਦ' ਤੇ ਸਿਆਸੀ 'ਸ਼ਖ਼ਸੀਅਤ' ਸਰਪ੍ਰਸਤੀ ਦਾ ਪ੍ਰਗਟਾ ਹੀ ਲੱਗਦਾ ਹੈ। ਸਿੱਖ ਆਮ ਕਰਕੇ 'ਸ਼ਖ਼ਸੀ-ਸਰੀਰਿਕ' ਗੁਲਾਮੀ ਤੋਂ ਨਿਜ਼ਾਤ ਨਹੀਂ ਪ੍ਰਾਪਤ ਕਰ ਸਕੇ।

ਤਖ਼ਤ ਸਾਹਿਬਾਨ ਤੇ ਪੰਜ-ਪਿਆਰੇ ਸਿਧਾਂਤਕ ਸੰਸਥਾਵਾਂ ਹਨ, 'ਜਥੇਦਾਰ' ਸਤਿਕਾਰਤ ਸ਼ਖ਼ਸੀਅਤ। ਸਿਧਾਂਤਕ ਸੰਸਥਾ ਦਾ ਮੁਖੀ ਸ਼ਖ਼ਸ ਹੋ ਹੀ ਨਹੀਂ ਸਕਦਾ। ਪੰਚ-ਪ੍ਰਧਾਨੀ ਸਿਧਾਂਤ ਅਨੁਸਾਰ 'ਪੰਜ-ਪਿਆਰੇ' ਹੀ ਤਖ਼ਤ ਦੀ ਪ੍ਰਤੀਨਿਧਤਾ ਕਰ ਸਕਦੇ ਹਨ। ਪੰਜ ਪਿਆਰਿਆਂ 'ਚੋਂ ਜੋ ਪੰਥਕ ਫ਼ੈਸਲਾ ਸੰਗਤ ਦੇ ਸਨਮੁੱਖ ਸੁਣਾਏਗਾ, ਉਹੀ ਜਥੇਦਾਰ ਸਦਵਾਏਗਾ। ਨਵੀਨ ਪੰਥ ਪ੍ਰਕਾਸ਼ ਦੀ ਇਹ ਪੰਗਤੀ, 'ਜਥੇਦਾਰ ਜੋ ਕੁਝ ਕਹਿ ਦੇਤਾ, ਸੋਈ ਪੰਥ ਮਾਨ ਸਭ ਲੇਤਾ' ਆਮ ਸੁਨਣ ਨੂੰ ਮਿਲਦੀ ਹੈ, ਪਰ ਅਸੀਂ ਇਸ ਨਾਲ ਸਬੰਧਤ ਬੰਦ ਦੀ ਪਹਿਲੀ ਤੇ ਆਖ਼ਰੀ ਪੰਗਤੀ ਨਹੀਂ ਪੜ੍ਹਦੇ- ਭਾਵ ਅਰਥ ਸ਼ਪਸ਼ਟ ਸਮਝਣ ਲਈ ਪੂਰਾ ਬੰਦ ਪੜ੍ਹਨਾ ਪਵੇਗਾ:

ਕਾਮ ਪਰਤ ਥਾ ਜੌ ਕਛੁ ਕਬ ਹੀ, ਕਰਤ 'ਗੁਰਮਤਾ' ਮਿਲ ਕਰ ਸਭ ਹੀ।

'ਜਥੇਦਾਰ ਜੋ ਕੁਝ ਕਹਿ ਦੇਤਾ, ਸੋਈ ਪੰਥ ਮਾਨ ਸਭ ਲੇਤਾ।'

ਮਨ ਤਨ ਧਨ ਸਭ 'ਗੁਰੁ' ਕਾ ਲਖ਼ਤੇ, ਦਾਈਆ ਸੀਸ ਦੇਨ ਕਉ ਰਖਤੇ।

'ਗੁਰਮਤਾ' ਫ਼ੈਸਲਾ ਸਭ ਮਿਲ ਕੇ ਕਰਦੇ, ਜਥੇਦਾਰ ਫ਼ੈਸਲਾ ਸੁਣਾ ਦਿੰਦਾ, ਜਿਸ ਨੂੰ ਸਭ ਪ੍ਰਵਾਨ ਕਰਦੇ। ਆਪਣਾ ਤਨ ਮਨ ਧਨ ਸਭ 'ਗੁਰੂ' ਨੂੰ ਸਮਰਪਿਤ ਕਰਦੇ ਸਨ ਤੇ 'ਗੁਰੂ' ਤੋਂ ਜਿੰਦ-ਜਾਨ ਵਾਰਨ ਲਈ ਹਰ ਸਮੇਂ ਤਿਆਰ ਸਨ। ਜਥੇ ਦਾ 'ਜਥੇਦਾਰ' ਹੋ ਸਕਦਾ ਹੈ। ਤਖ਼ਤ ਸਾਹਿਬਾਨ ਦੇ ਪ੍ਰਬੰਧ ਲਈ 'ਜਥੇਦਾਰ' ਨਿਯੁਕਤ ਕਰਨ ਦੀ ਪੁਰਾਤਨ ਮਰਯਾਦਾ-ਪਰੰਪਰਾ ਸਥਾਪਿਤ ਹੈ, ਪਰੰਪਰਾ ਬਰਕਰਾਰ ਰਹੇ ਪਰ ਪ੍ਰਮੁੱਖਤਾ 'ਪੰਜ ਪਿਆਰਿਆਂ' ਦੀ ਹੈ ਤੇ ਰਹਿਣੀ ਚਾਹੀਦੀ ਹੈ। ਹਾਂ 'ਜਥੇਦਾਰ' ਦੀ ਨਿਯੁਕਤੀ ਸਮੇਂ ਵੀ ਸਿੱਖ ਸਿਧਾਂਤਕ ਪਰਪੱਕਤਾ ਅਤੇ ਪੰਥ ਪ੍ਰਸਤੀ ਨੂੰ ਹੀ ਪਹਿਲ ਦੇਣੀ ਚਾਹੀਦੀ ਹੈ, ਤੇ 'ਸਿਆਸੀ' ਗਰਜ਼ਾਂ ਤੋਂ ਗੁਰੇਜ਼ ਕਰਨਾ ਜਰੂਰੀ ਹੈ... ਜਥੇਦਾਰ, 'ਪੰਜ ਪਿਆਰਿਆਂ' ਦੀ ਰਹੱਸਵਾਦੀ ਸੰਸਥਾ 'ਚ ਸ਼ਾਮਲ ਤਾਂ ਹੋ ਸਕਦਾ ਹੈ, ਪਰ 'ਪੰਜ ਪਿਆਰਿਆਂ' ਤੋਂ ਉਪਰ ਨਹੀਂ। ਗੁਰੂ-ਪੰਥ ਦੇ ਪ੍ਰਤੀਨਿੰਧ 'ਪੰਜ-ਪਿਆਰੇ' ਹੀ ਹਨ, ਜਿਨ੍ਹਾਂ ਦੇ ਸਨਮੁੱਖ ਕੋਈ ਵਿਅਕਤੀ-ਵਿਸ਼ੇਸ਼ ਨਹੀਂ ਖੜ੍ਹ ਸਕਦਾ। ਸ਼ਖ਼ਸੀਅਤਾਂ ਦਾ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਆਬਾਦੀ ਵਾਲੇ ਦੇਸ਼ਾਂ ਦੀ ਸੂਚੀ 'ਚ ਭਾਰਤ ਸਿਖਰ 'ਤੇ

ਲੰਘੀ 11 ਜੁਲਾਈ ਨੂੰ ਦੁਨੀਆ ਭਰ ਵਿੱਚ 'ਵਿਸ਼ਵ ਜਨਸੰਖਿਆ ਦਿਵਸ' ਮਨਾਇਆ ਗਿਆ। ਭਾਰਤ ਸਾਲ 2025 ਦੇ ਅੰਤ ਤੱਕ ਅੰਦਾਜ਼ਨ 1.46 ਅਰਬ ਲੋਕਾਂ ਦੀ ਆਬਾਦੀ ਨਾਲ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣਿਆ ਰਹੇਗਾ। ਹਾਲਾਂਕਿ, ਦੇਸ਼ ਦੀ ਕੁੱਲ ਪ੍ਰਜਨਨ ਦਰ 2.1 ਤੋਂ ਘਟ ਕੇ 1.9 ਰਹਿ ਗਈ ਹੈ। ਜੇਕਰ ਸਾਰੀ ਦੁਨੀਆ ਦੀ ਜਨਸੰਖਿਆ ਦੀ ਗੱਲ ਕਰੀਏ ਤਾਂ ਇਹ ਦਿਨ-ਬ-ਦਿਨ ਲਗਾਤਾਰ ਵਧ ਰਹੀ ਹੈ। ਇਸ ਦਾ ਕਾਰਨ ਹੈ ਕਿ ਮੈਡੀਕਲ ਖੇਤਰ ਤੋਂ ਲੈ ਕੇ ਰੋਜ਼ਾਨਾ ਜੀਵਨ ਵਿੱਚ ਵਰਤੀ ਜਾਣ ਵਾਲੀ ਤਕਨੀਕ ਉਤੇ ਵਿਕਾਸ ਹੋ ਰਿਹਾ ਹੈ, ਜਿਸ ਨਾਲ ਮਨੁੱਖਾਂ ਦੀ ਜੀਵਨ ਪ੍ਰਤੀਸ਼ਤਤਾ ਵਧ ਰਹੀ ਹੈ, ਜਦਕਿ ਕੁਝ ਦੇਸ਼ਾਂ ਵਿੱਚ ਪ੍ਰਜਨਨ ਦਰ ਵਿੱਚ ਵੀ ਵਾਧਾ ਹੋ ਰਿਹਾ ਹੈ। ਇੱਕ ਪਾਸੇ ਜਨਸੰਖਿਆ ਵਾਧੇ ਕਾਰਨ ਆਰਥਿਕ ਵਿਕਾਸ ਅਤੇ ਤਰੱਕੀ ਦੀਆਂ ਕਾਫੀ ਸੰਭਾਵਨਾਵਾਂ ਹਨ, ਪਰ ਦੂਜੇ ਪਾਸੇ ਰਿਹਾਇਸ਼, ਸਿਹਤ ਸੰਭਾਲ ਅਤੇ ਸਿੱਖਿਆ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਕੁਦਰਤੀ ਸਰੋਤਾਂ 'ਤੇ ਦਬਾਅ ਵਰਗੀਆਂ ਮਹੱਤਵਪੂਰਨ ਰੁਕਾਵਟਾਂ ਵੀ ਹਨ- ਯਾਨੀ ਇਹ ਦੋ-ਧਾਰੀ ਤਲਵਾਰ ਵਰਗਾ ਹੈ।

ਚਲੋ, ਤੁਹਾਨੂੰ ਇੱਥੇ ਜਨਸੰਖਿਆ ਦੇ ਹਿਸਾਬ ਨਾਲ ਦੁਨੀਆ ਦੇ ਸਿਖਰ ਦੇ 10 ਦੇਸ਼ਾਂ ਬਾਰੇ ਦੱਸਦੇ ਹਾਂ:

**ਨੰਬਰ 1. ਭਾਰਤ – 146 ਕਰੋੜ**

ਸੰਯੁਕਤ ਰਾਸ਼ਟਰ ਦੀ ਰਿਪੋਰਟ ਦਾ ਅੰਦਾਜ਼ਾ ਹੈ ਕਿ ਭਾਰਤ ਦੀ ਮੌਜੂਦਾ ਆਬਾਦੀ 1,463.9 ਮਿਲੀਅਨ ਹੈ। ਇਹ ਚੀਨ ਨੂੰ ਪਛਾੜ ਕੇ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਪਹਿਲਾਂ ਹੀ ਬਣ ਚੁੱਕਾ ਹੈ। ਇਸ ਰਿਪੋਰਟ ਅਨੁਸਾਰ, ਭਾਰਤ ਦੀ ਆਬਾਦੀ ਘਟਣ ਤੋਂ ਪਹਿਲਾਂ ਲਗਭਗ 1.7 ਬਿਲੀਅਨ ਤੱਕ ਵਧਣ ਦੀ ਉਮੀਦ ਹੈ।

**ਨੰਬਰ 2. ਚੀਨ – 141 ਕਰੋੜ**

ਚੀਨ ਦੀ ਆਬਾਦੀ 1.41 ਬਿਲੀਅਨ ਨਾਲ ਵਿਸ਼ਵ ਪੱਧਰ 'ਤੇ ਦੂਜੇ ਥਾਂ ਹੈ, ਪਰ ਇਸ ਦੀ ਵਾਧੇ ਦੀ ਦਰ ਵਿੱਚ -0.23% ਦੀ ਮਾਮੂਲੀ ਗਿਰਾਵਟ ਦੇਖੀ ਜਾ ਰਹੀ ਹੈ। ਯਾਨੀ ਇਹ ਘਟ ਰਹੀ ਹੈ।

**ਨੰਬਰ 3. ਅਮਰੀਕਾ – 34.7 ਕਰੋੜ**

34.7 ਕਰੋੜ ਲੋਕਾਂ ਦੀ ਆਬਾਦੀ ਨਾਲ ਸੰਯੁਕਤ



ਰਾਜ ਅਮਰੀਕਾ ਵਿਸ਼ਵ ਪੱਧਰ 'ਤੇ ਤੀਜੇ ਸਥਾਨ 'ਤੇ ਹੈ। ਇਸ ਦੀ ਜਨਸੰਖਿਆ ਵਾਧੇ ਦੀ ਦਰ 0.54% ਹੈ, ਯਾਨੀ ਆਬਾਦੀ ਅੱਗੇ ਵਧ ਰਹੀ ਹੈ। ਇਸ ਦੇ ਪਿੱਛੇ ਵੱਡੇ ਪੱਧਰ 'ਤੇ ਪਰਵਾਸ ਨੂੰ ਕਾਰਨ ਮੰਨਿਆ ਜਾਂਦਾ ਹੈ। ਅਮਰੀਕਾ ਵਿੱਚ ਲਗਾਤਾਰ ਵੱਡੀ ਗਿਣਤੀ ਵਿੱਚ ਪਰਵਾਸੀ ਆ ਰਹੇ ਹਨ, ਜੋ ਦੇਸ਼ 'ਚ ਰੁਜ਼ਗਾਰ ਦੇ ਬਿਹਤਰ ਮੌਕੇ ਲੱਭ ਰਹੇ ਹਨ।

**ਨੰਬਰ 4. ਇੰਡੋਨੇਸ਼ੀਆ – 28.5 ਕਰੋੜ**

ਇੰਡੋਨੇਸ਼ੀਆ ਦੁਨੀਆ ਦਾ ਚੌਥਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ। ਇੱਥੇ 28.5 ਕਰੋੜ ਲੋਕ ਰਹਿੰਦੇ ਹਨ। ਇੱਥੇ ਬਿਹਤਰ ਹੁੰਦੀ ਸਿਹਤ ਸੇਵਾ ਨੇ ਨਵਜੰਮੇ ਬੱਚਿਆਂ ਦੀ ਮੌਤ ਦਰ ਨੂੰ ਘਟਾਇਆ ਹੈ। ਇਸ ਦੱਖਣ-ਪੂਰਬੀ ਏਸ਼ੀਆਈ ਦੇਸ਼ ਵਿੱਚ ਆਬਾਦੀ 0.79% ਦੀ ਵਿਕਾਸ ਦਰ ਨਾਲ ਵਧ ਰਹੀ ਹੈ।

**ਨੰਬਰ 5. ਪਾਕਿਸਤਾਨ – 25.5 ਕਰੋੜ**

ਭਾਰਤ ਦੇ ਗੁਆਂਢੀ ਮੁਲਕ ਪਾਕਿਸਤਾਨ ਦੀ ਆਬਾਦੀ 25.5 ਕਰੋੜ ਹੈ। ਇੱਥੇ ਜਨਸੰਖਿਆ ਵਿਕਾਸ ਦਰ 1.57% ਹੈ, ਜੋ ਦੁਨੀਆ ਵਿੱਚ ਸਭ ਤੋਂ ਵੱਧ ਵਿੱਚੋਂ ਇੱਕ ਹੈ।

**ਨੰਬਰ 6. ਨਾਈਜੀਰੀਆ – 23.7 ਕਰੋੜ**

ਨਾਈਜੀਰੀਆ ਦੀ 23.7 ਕਰੋੜ ਦੀ ਆਬਾਦੀ ਪ੍ਰਤੀ ਸਾਲ 2.08% ਦੀ ਦਰ ਨਾਲ ਵਧ ਰਹੀ ਹੈ। ਇਹ ਅਫਰੀਕਾ ਵਿੱਚ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ।

**ਨੰਬਰ 7. ਬ੍ਰਾਜ਼ੀਲ – 21.2 ਕਰੋੜ**

ਬ੍ਰਾਜ਼ੀਲ ਦੀ ਜਨਸੰਖਿਆ 21.2 ਕਰੋੜ ਹੈ। ਇੱਥੇ ਜਨਸੰਖਿਆ ਵਿੱਚ 0.38% ਦੀ ਹੌਲੀ ਵਾਧੇ ਦੀ ਦਰ ਦੇਖੀ ਗਈ ਹੈ। ਵੈਸੇ ਤਾਂ ਇਤਿਹਾਸਕ ਤੌਰ 'ਤੇ ਬ੍ਰਾਜ਼ੀਲ ਵਿੱਚ ਉਚ ਜਨਮ ਦਰ ਆਮ ਸੀ, ਪਰ 1990 ਦੇ ਦਹਾਕੇ ਤੋਂ ਬਾਅਦ ਪ੍ਰਜਨਨ ਦਰ ਵਿੱਚ ਗਿਰਾਵਟ ਆਈ ਹੈ।

**ਨੰਬਰ 8. ਬੰਗਲਾਦੇਸ਼ – 17.5 ਕਰੋੜ**

ਭਾਰਤ ਦੇ ਇੱਕ ਹੋਰ ਗੁਆਂਢੀ ਦੇਸ਼ ਬੰਗਲਾਦੇਸ਼ ਵਿੱਚ 1.22% ਦੀ ਵਾਧੇ ਦਰ ਨਾਲ 17.5 ਕਰੋੜ ਲੋਕ ਰਹਿੰਦੇ ਹਨ। ਭੂਗੋਲਿਕ ਤੌਰ 'ਤੇ ਇੱਕ ਛੋਟਾ ਦੇਸ਼ ਹੋਣ ਦੇ ਬਾਵਜੂਦ, ਬੰਗਲਾਦੇਸ਼ ਦਾ ਜਨਸੰਖਿਆ ਘਣਤਵ ਵਿਸ਼ਵ ਪੱਧਰ 'ਤੇ ਸਭ ਤੋਂ ਵੱਧ ਵਿੱਚੋਂ ਇੱਕ ਹੈ।

**ਨੰਬਰ 9. ਰੂਸ – 14.4 ਕਰੋੜ**

ਰੂਸ ਦੀ ਮੌਜੂਦਾ ਆਬਾਦੀ 14.4 ਕਰੋੜ ਹੈ, ਪਰ ਇੱਥੇ ਦੀ ਜਨਸੰਖਿਆ ਸਾਲਾਂ ਤੋਂ ਗਿਰਾਵਟ ਵਿੱਚ ਹੈ, ਜਿਸ ਦੀ ਵਾਧੇ ਦੀ ਦਰ -0.57% ਹੈ। ਦੇਸ਼ ਨੂੰ ਜਨਸੰਖਿਆ ਦੇ ਆਧਾਰ 'ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਦੇਸ਼ ਦਾ ਜ਼ਿਆਦਾਤਰ ਹਿੱਸਾ ਬਰਫ ਨਾਲ ਢਕਿਆ ਰਹਿੰਦਾ ਹੈ।

**ਨੰਬਰ 10. ਇਥੋਪੀਆ – 13.5 ਕਰੋੜ**

ਇਥੋਪੀਆ ਦੀ ਜਨਸੰਖਿਆ 13.5 ਕਰੋੜ ਹੈ, ਜੋ ਸਾਲਾਨਾ 2.58% ਦੀ ਦਰ ਨਾਲ ਵਧ ਰਹੀ ਹੈ, ਜੋ ਅਫਰੀਕਾ ਵਿੱਚ ਸਭ ਤੋਂ ਵੱਧ ਵਾਧੇ ਦੀ ਦਰ ਵਿੱਚੋਂ ਇੱਕ ਹੈ।

## ਜਥੇਦਾਰਾਂ ਦੇ 'ਪਦਵੀ-ਰੁਤਬੇ' ਅਤੇ 'ਸੰਗਤੀ' ਸਿਧਾਂਤ

ਮਾਣ-ਸਤਿਕਾਰ ਕਰਦਿਆਂ 'ਸਿਧਾਂਤਕ ਸੰਸਥਾ' ਦੀ ਸਰਵ-ਉਚਤਾ ਹਰ ਸੂਰਤ ਕਾਇਮ ਰਹਿਣੀ ਬੇਹੱਦ ਜਰੂਰੀ ਹੈ। ਕਈ ਵਾਰ ਸੰਪਰਦਾਈ ਤੇ ਸਿਆਸੀ ਪ੍ਰਭਾਵ ਅਧੀਨ ਸਮੇਂ-ਸਮੇਂ ਤਖ਼ਤਾਂ ਦੇ ਜਥੇਦਾਰ ਲਾਏ, ਹਟਾਏ, ਮੁਅੱਤਲ, ਤਬਦੀਲ ਤੇ ਵਿਹਲੇ ਕੀਤੇ ਗਏ, ਇਹ ਇਤਿਹਾਸ ਦਾ ਹਿੱਸਾ ਹੈ, ਪਰ 'ਪੰਜ ਪਿਆਰਿਆਂ' ਦੇ ਸਿਧਾਂਤ ਤੇ ਸਿਧਾਂਤਕ ਸੰਸਥਾ ਦੇ ਪਵਿੱਤਰ ਰੁਤਬੇ 'ਚ ਤਬਦੀਲੀ ਕਰਨ ਦਾ ਕਿਸੇ ਪਾਸ ਅਧਿਕਾਰ ਨਹੀਂ। ਸਿਧਾਂਤ ਬਰਕਰਾਰ ਹੈ ਤਾਂ ਹੀ ਸੰਸਥਾਵਾਂ ਕਾਇਮ ਰਹਿ ਸਕਦੀਆਂ ਹਨ।

24 ਸਤੰਬਰ 2015 ਨੂੰ ਅਖੌਤੀ ਸਾਧ ਰਾਮ ਰਹੀਮ ਨੂੰ ਮੁਆਫ਼ ਕਰਨ ਕਾਰਨ ਉਠੇ ਵਿਵਾਦ ਨੂੰ ਠੱਲ੍ਹਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਪੰਜ ਪਿਆਰਿਆਂ' ਵੱਲੋਂ ਤਤਕਾਲੀ 'ਜਥੇਦਾਰ' ਪਾਸੋਂ ਸਪੱਸ਼ਟੀਕਰਨ ਮੰਗ ਲਿਆ। ਸਿਆਸੀ ਸਲਾਹਕਾਰਾਂ ਨੂੰ ਕਾਫ਼ੀ ਸੇਕ ਪਹੁੰਚਿਆ ਤੇ ਉਹ ਉਸ ਹੀ ਸਮੇਂ ਸ੍ਰੀ ਅੰਮ੍ਰਿਤਸਰ ਪਹੁੰਚ ਗਏ। ਪ੍ਰਧਾਨ, ਸ਼੍ਰੋਮਣੀ ਕਮੇਟੀ ਤੋਂ ਫ਼ੁਰਮਾਨ ਕਰਵਾ ਦਿੱਤਾ ਕਿ 'ਪੰਜ ਪਿਆਰੇ' ਤੁਰੰਤ ਮੁਅੱਤਲ ਕੀਤੇ ਜਾਣ...। ਸ. ਮਨਜੀਤ ਸਿੰਘ, 'ਮੱਕੜ' ਸਾਹਿਬ ਦੇ ਨਿੱਜੀ ਸਕੱਤਰ ਸਨ ਤੇ ਇਨ੍ਹਾਂ ਸਤਰਾਂ ਦਾ ਲੇਖਕ ਸਕੱਤਰ ਸ਼੍ਰੋਮਣੀ ਕਮੇਟੀ। ਅਸੀਂ ਦੋਨੋ ਪ੍ਰਧਾਨ ਜੀ ਦੇ ਇਸ ਫ਼ੁਰਮਾਨ ਨੂੰ ਮੰਨਣ ਤੋਂ ਇਨਕਾਰੀ ਹੋ ਗਏ ਕਿ ਇਹ ਸਰਾਸਰ ਗਲਤ ਹੈ, ਕਿਉਂਕ 'ਪੰਜ-ਪਿਆਰੇ' ਸਿਧਾਂਤਕ ਸੰਸਥਾ ਹਨ, ਜਿਸ ਨੂੰ ਮੁਅੱਤਲ ਨਹੀਂ ਕਰ ਸਕਦੇ। ਮੱਕੜ ਸਾਹਿਬ ਸ਼ਖ਼ਸੀ ਰੂਪ 'ਚ ਸਾਡੇ ਨਾਲ ਸਹਿਮਤ ਸਨ, ਪਰ ਸਿਆਸੀ ਪੱਖ ਤੋਂ ਮਜਬੂਰ...। ਆਰਡਰ ਨੰਬਰ 192, 21/10/2015 ਰਾਹੀਂ 'ਹੁਕਮ-ਅਦੂਲੀ' ਕਰਨ ਕਰਕੇ ਸਾਨੂੰ ਦੋਹਾਂ ਨੂੰ ਮੁਅੱਤਲ ਕੀਤਾ ਗਿਆ ਤੇ ਅਗਲੇ ਹੁਕਮ (193) 'ਚ 'ਪੰਜ ਪਿਆਰਿਆਂ' ਨੂੰ ਵੀ ਮੁਅੱਤਲ ਕਰ ਦਿੱਤਾ ਤੇ ਫਿਰ ਵਿਹਲੇ। ਨਵੇਂ ਲਗਾਏ ਗਏ ਮੁੱਖ ਸਕੱਤਰ ਸ. ਹਰਚਰਨ ਸਿੰਘ ਉਸ ਦਿਨ ਦਫ਼ਤਰ ਹਾਜ਼ਰ ਨਹੀਂ ਸਨ। ਅਗਲੇ ਦਿਨ ਦਫ਼ਤਰ ਦੇ ਇਨ੍ਹਾਂ 'ਹੁਕਮਾਂ' 'ਤੇ ਮੁੱਖ ਸਕੱਤਰ ਦੇ ਦਸਤਖ਼ਤ ਕਰਵਾਏ ਗਏ...।

ਜਦ 2 ਦਸੰਬਰ 2024 ਨੂੰ 'ਅਕਾਲੀ ਨੇਤਾਵਾਂ ਨੇ 'ਸਾਰੇ ਗੁਨਾਹ' ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੰਗਤੀ ਰੂਪ 'ਚ ਪ੍ਰਵਾਨ ਕਰ ਲਏ ਹਨ ਤਾਂ ਪੰਜ ਪਿਆਰਿਆਂ ਨੂੰ ਵੀ ਬਹਾਲ ਕਰ ਦੇਣਾ ਚਾਹੀਦਾ ਹੈ... 21 ਮਈ 2025 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਫ਼ੈਸਲਿਆਂ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਦੇ 'ਪੰਜ-ਪਿਆਰੇ' ਮੰਨਣ ਤੋਂ ਇਨਕਾਰੀ ਹੋ ਗਏ, ਜਿਸ ਨਾਲ ਨਵਾਂ ਵਿਵਾਦ ਸ਼ੁਰੂ ਹੋ ਗਿਆ। ਪੰਜਾਬ ਦੇ ਤਿੰਨਾਂ ਹੀ ਤਖ਼ਤ ਸਾਹਿਬਾਨ ਦੇ 'ਪੰਜ ਪਿਆਰਿਆਂ' ਤੋਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ 'ਪੰਜ ਪਿਆਰਿਆਂ' ਦੇ ਵਿਰੋਧ ਵਿੱਚ 'ਫ਼ੈਸਲੇ' ਕਰਵਾਏ ਗਏ, ਜਿਸ ਨਾਲ 2015 'ਚ ਲਏ 'ਪੰਜ ਪਿਆਰਿਆਂ' ਦੇ ਫ਼ੈਸਲੇ ਨੂੰ ਪ੍ਰਵਾਨਗੀ ਮਿਲ ਗਈ... ਪਰ ਪੱਥਰ ਪੂਜਕ ਸਿਆਸੀ, 'ਪੁਜਾਰੀ', ਸੂਖਮਤਾ ਦੀ ਸਿਖ਼ਰ 'ਪੰਜ ਪਿਆਰਿਆਂ' ਦੀ ਸਿਧਾਂਤਕ ਸੰਸਥਾ ਨੂੰ ਸਮਝਣ ਨੂੰ ਤਿਆਰ ਨਹੀਂ!!

**(ਸਮਾਪਤ)**


HARBIRINDER VIRK
Mortgage Loan Officer
ratebeat MORTGAGE
847-942-9046
harbirv@gmail.com
MLS ID: 2212343
Call For All Your Mortgage Lending Needs!







ਲੋਕ ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ ਦੇ ਮੁਦੱਈ ਪਰਚੇ ਦਾ ਦੂਜਾ ਸਾਲਾਨਾ ਸਮਾਗਮ

# ‘ਪੰਜਾਬੀ ਪਰਵਾਜ਼ ਨਾਈਟ’

## 19 ਜੁਲਾਈ 2025

(ਸ਼ਨਿਚਰਵਾਰ) ਸ਼ਾਮ 6:30 ਤੋਂ 11:00

**ਤਕਰੀਰਾਂ, ਵਿਚਾਰਾਂ ਤੇ ਗੀਤ-ਸੰਗੀਤ ਭਰੀ ਸ਼ਾਮ**

**ਸਥਾਨ: Atlantis Banquets**

**1273 North Rand Road, Arlington Heights, IL 60004**

*Food Will Served by Taste of India (Milwaukee)*

Our Proud Platinum Sponsor

U.S. Energy — a U.S. Venture company

Our Proud Gold Sponsor

5Rivers ENTERTAINMENT

ਪਹੁੰਚ ਰਹੇ ਕਲਾਕਾਰ


ਸੱਤੀ ਸਤਵਿੰਦਰ


ਪੂਜਾ ਧਾਲੀਵਾਲ


ਨਿੰਮਾ ਡੱਲੇਵਾਲ


ਪੰਮੀ ਗਿੱਲ

## ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਦਵਿੰਦਰ ਸਿੰਘ ਰੰਗੀ


ਮਨਜਿੰਦਰ ਸਿੰਘ (ਮੈਕ) ਭਮਰਾ


ਬੇਅੰਤ ਸਿੰਘ ਬੋਪਾਰਾਏ ਮਿਲਵਾਕੀ


ਜੋਧ ਸਿੰਘ ਸਿੱਧੂ


ਅਮਰੀਕ ਸਿੰਘ ਸ਼ਿਕਾਗੋ


ਕਿਰਪਾਲ ਸਿੰਘ ਰੰਧਾਵਾ


ਅੰਮ੍ਰਿਤਪਾਲ ਸਿੰਘ ਗਿੱਲ


ਬਲਵਿੰਦਰ ਸਿੰਘ ਚੱਠਾ


ਗੁਰਿੰਦਰਜੀਤ ਸਿੰਘ ਗਰੇਵਾਲ


ਦੀਦਾਰ ਸਿੰਘ ਧਨੋਆ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਅਮਰਜੀਤ ਸਿੰਘ ਢੀਂਡਸਾ


ਗੁਰਵਿੰਦਰ ਸਿੰਘ ਬੱਬੂ (ਐਪਲਟਨ)


ਦਰਸ਼ਨ ਸਿੰਘ ਪੰਮਾ


ਬਿਕਰਮ ਸਿੰਘ ਸਿੱਧੂ


ਪਰਮਜੀਤ ਸਿੰਘ ਸਿੱਧੂ (ਮਹਿਰਾਜ)


ਮਨਮਿੰਦਰ ਸਿੰਘ ਹੀਰ


ਬਲਜੀਤ ਸਿੰਘ ਸਿੱਧੂ (ਫਲੋਰਿਡਾ)


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ


ਲਾਲੀ ਧਾਲੀਵਾਲ (ਮਿਸ਼ੀਗਨ)


ਇੰਦਰ ਹੁੰਜਣ


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਅਮਨਦੀਪ ਸਿੰਘ ਕੁਲਾਰ


ਜਿਗਰਦੀਪ ਸਿੰਘ ਢਿੱਲੋਂ


ਹਰਕੇਵਲ ਸਿੰਘ ਲਾਲੀ

# 'ਪੰਜਾਬੀ ਪਰਵਾਜ਼ ਨਾਈਟ' PUNJABI PARWAZ NIGHT

## ਮੁੱਖ ਮਹਿਮਾਨ



ਲਖਬੀਰ ਸਿੰਘ ਢੀਂਡਸਾ
*(ਬਿਜ਼ਨਸਮੈਨ)*

## ਵਿਸ਼ੇਸ਼ ਮਹਿਮਾਨ



ਜੇ.ਪੀ. ਖਹਿਰਾ
*(ਬਿਜ਼ਨਸਮੈਨ)*

## ਮੁੱਖ ਬੁਲਾਰੇ



ਐਸ. ਅਸ਼ੋਕ ਭੌਰਾ
*(ਸੀਨੀਅਰ ਪੱਤਰਕਾਰ ਤੇ ਲੇਖਕ)*



ਰਵਿੰਦਰ ਸਿੰਘ ਸਹਿਰਾਅ
*(ਸ਼ਾਇਰ ਅਤੇ ਲੇਖਕ)*

## ਮਾਣਯੋਗ ਸਪਾਂਸਰ



ਜਸਵਿੰਦਰ ਸਿੰਘ ਸੰਧੂ | ਸੋਨੀ ਜੱਜ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਮੇਜਰ ਗੁਰਚਰਨ ਸਿੰਘ ਝੱਜ | ਸਰਵਣ ਸਿੰਘ ਟਿਵਾਣਾ | ਜੈਦੇਵ ਸਿੰਘ (ਸੱਤੀ) ਭੱਠਲ | ਪਰਮਿੰਦਰ ਸਿੰਘ ਵਾਲੀਆ | ਗੁਲਜ਼ਾਰ ਸਿੰਘ ਮੁਲਤਾਨੀ | ਸੰਨੀ ਕੁਲਾਰ



ਮਨਜੀਤ ਸਿੰਘ ਪਾਲੀਆ | ਰਾਣਾ ਵਿਰਕ | ਮੁਖਤਿਆਰ ਸਿੰਘ (ਹੈਪੀ) ਹੀਰ | ਲੱਕੀ ਸਹੋਤਾ | ਡਾ. ਵਿਕਰਮ ਗਿੱਲ | ਜਰਨੈਲ ਸਿੰਘ ਮੱਲ੍ਹੀ | ਹਰਿੰਦਰ ਸਿੰਘ ਰਾਣਾ | ਮਨਜੀਤ ਸਿੰਘ ਗਿੱਲ | ਮਨਮੋਹਨ ਸਿੰਘ ਮਿਨਹਾਸ | ਰੌਨੀ ਕੁਲਾਰ



ਜਗਦੀਸ਼ਰ ਸਿੰਘ ਕਲੇਰ | ਡਾ. ਗੁਰਚਰਨ ਸਿੰਘ ਗਰੇਵਾਲ | ਨਿੱਕ ਬਲਵਿੰਦਰ ਸਿੰਘ | ਡਾ. ਮੁਖਤਾਰ ਸਿੰਘ ਨੰਦਰਾ | ਡਾ. ਰਛਪਾਲ ਸਿੰਘ ਬਾਜਵਾ | ਰਘਵਿੰਦਰ ਸਿੰਘ ਮਾਹਲ | ਅਮਰਦੇਵ ਸਿੰਘ ਬੰਦੇਸ਼ਾ | ਡਾ. ਪਰਦੀਪ ਸਿੰਘ ਗਿੱਲ | ਡਾ. ਹਰਜਿੰਦਰ ਸਿੰਘ ਖਹਿਰਾ | ਭੁਪਿੰਦਰ ਸਿੰਘ ਧਾਲੀਵਾਲ



ਜਸਬੀਰ ਕੌਰ ਮਾਨ | ਜਗਜੀਤ ਸਿੰਘ ਢੀਂਡਸਾ | ਮਨਜੀਤ ਸਿੰਘ ਧਨੋਆ | ਨਿਰਭੈਅ ਸਿੰਘ ਧਨੋਆ | ਪਰਮਿੰਦਰ ਸਿੰਘ ਮਾਨ | ਗੁਰਸਾਹਿਬ ਸਿੰਘ ਤੂਰ | ਸੁਰਜੀਤ ਸਿੰਘ ਮਾਵੀ | ਪ੍ਰਦੀਪ ਸਿੰਘ ਕਾਹਲੋਂ | ਡਾ. ਗੁਰਬਖ਼ਸ਼ ਸੈਣੀ | ਜਤਿੰਦਰ (ਜੇ) ਸਿੰਘ ਸੰਘਾ



ਨੀਲ ਗਿੱਲ | ਇੰਦਰਬੰਸ ਸਿੰਘ (ਹੈਰੀ) ਬਰਾੜ | ਸੁਰਿੰਦਰ ਸਿੰਘ ਪਾਂਗਲੀ | ਨਿਰਭੈ ਸਿੰਘ ਪਾਂਗਲੀ | ਨਵਤੇਜ ਸਿੰਘ ਗਿੱਲ | ਰੇਸ਼ਮ ਸਿੰਘ | ਜਪਤੇਜ ਸਿੰਘ ਔਲਖ | ਡਾ. ਸਨੀ ਜੈਨ | ਗੁਰਦੇਵ ਸਿੰਘ ਗਿੱਲ | ਹਰਦੀਪ ਸਿੰਘ ਬੰਦੇਸ਼ਾ



ਜਿੰਦੀ ਦਿਆਲ | ਰਾਜਾ ਦਿਆਲ | ਹਰਦੀਪ ਸਿੰਘ ਗਿੱਲ | ਹਰਜੀਤ ਸਿੰਘ ਗਿੱਲ | ਲਾਲੀ ਸਿੱਧੂ ਮਿਲਵਾਕੀ | ਬਲਵਿੰਦਰ ਸਿੰਘ ਗਿਰਨ | ਵਿੱਕ ਸਿੰਘ | ਜਸਰੂਪ ਸਿੰਘ ਬਾਲਾ | ਗੁਰਮੀਤ ਸਿੰਘ ਬਾਠ | ਅਮਰੀਕ ਸਿੰਘ ਟਿਵਾਣਾ

Radio Chann Pardesi ਰੇਡੀਓ ਚੰਨ ਪ੍ਰਦੇਸੀ
Punjabi Cultural Society Chicago
PAO Punjabi American Organization
Swera Women Sup ਸਵੇਰਾ SIKH WOMEN ERA
BHANGRA RHYMES
SAKHI ATTIRE
Taste of India FINE DINING BISTRO
Regal Jewels Since 1983 Ph: 773-262-4377 www.Regaljewels.Com

# ਬਾਬਾ ਸੇਵਾ ਸਿੰਘ ਨੇ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਕੀਤੇ ਕਾਰਜਾਂ ਦੀ ਜਾਣਕਾਰੀ ਦਿੱਤੀ

## *ਗੁਰਦੁਆਰਾ ਪੈਲਾਟਾਈਨ ਦੇ ਕਾਰ ਸੇਵਕਾਂ ਨੂੰ ਵਧ-ਚੜ੍ਹ ਕੇ ਸੇਵਾ ਕਰਨ ਲਈ ਪ੍ਰੇਰਿਆ



**ਸ਼ਿਕਾਗੋ:** ਖਡੂਰ ਸਾਹਿਬ ਵਾਲੇ ਬਾਬਾ ਸੇਵਾ ਸਿੰਘ ਪਿਛਲੇ ਦਿਨੀਂ ਗੁਰਦੁਆਰਾ ਪੈਲਾਟਾਈਨ ਵਿੱਚ ਆਏ। ਇੱਥੇ ਪਹੁੰਚਣ 'ਤੇ ਸ. ਸਤਨਾਮ ਸਿੰਘ ਔਲਖ, ਸ. ਤਰਲੋਚਨ ਸਿੰਘ ਮੁਲਤਾਨੀ, ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਲਖਵਿੰਦਰ ਸਿੰਘ ਅਤੇ ਹੋਰ ਸੰਗਤਾਂ ਵੱਲੋਂ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਜੀ ਆਇਆਂ ਕਿਹਾ ਗਿਆ। ਬਾਬਾ ਸੇਵਾ ਸਿੰਘ ਵੱਲੋਂ ਦਰਬਾਰ ਹਾਲ ਵਿੱਚ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਗਏ, ਜਿਸ ਵਿੱਚ ਉਨ੍ਹਾਂ ਨੇ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਗੁਰਦੁਆਰਿਆਂ ਦੀ ਸਾਰ ਸੰਭਾਲ ਅਤੇ ਨਾਲ ਨਾਲ ਵਾਤਾਵਰਣ ਤੇ ਵਿਦਿਆ ਸਬੰਧੀ ਕੀਤੇ ਜਾ ਰਹੇ ਕਾਰਜਾਂ ਦੀ ਜਾਣਕਾਰੀ ਸਾਂਝੀ ਕੀਤੀ।

ਉਨ੍ਹਾਂ ਦੱਸਿਆ ਕਿ ਗੁਰੂ ਅੰਗਦ ਸਾਹਿਬ ਦੇ 500 ਸਾਲ ਸ਼ਤਾਬਦੀ ਸਬੰਧੀ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਉਚੇਚੇ ਕਾਰਜ ਕੀਤੇ ਗਏ। ਇਸ ਤਹਿਤ ਖਡੂਰ ਸਾਹਿਬ ਦੇ ਆਸ-ਪਾਸ 1999 ਤੋਂ 2021 ਦੇ ਸਮੇਂ ਦੌਰਾਨ 500 ਕਿਲੋਮੀਟਰ ਸੜਕਾਂ 'ਤੇ ਦਰਖ਼ਤ ਲਗਵਾਏ ਗਏ, ਜਿਸ ਵਿੱਚ ਹੋਰਨਾਂ ਦਰਖ਼ਤਾਂ ਦੇ ਨਾਲ ਨਾਲ 5000 ਪਿੱਪਲ, 5000 ਬੋਹੜ ਅਤੇ 5000 ਪੀਲਕਾਂ ਦੇ ਦਰਖ਼ਤ ਲਗਵਾਏ ਗਏ। ਇਸ ਦੇ ਨਾਲ ਹੀ 500 ਏਕੜ ਵਿੱਚ ਬਾਗ ਲਗਵਾਉਣ ਦਾ ਟੀਚਾ ਮਿਥਿਆ ਗਿਆ ਸੀ, ਜਿਸ ਤਹਿਤ 350 ਏਕੜ 'ਚ ਬਾਗ ਹੁਣ ਤਕ ਲੱਗ ਚੁੱਕਿਆ ਹੈ।

ਬਾਬਾ ਸੇਵਾ ਸਿੰਘ ਨੇ ਦੱਸਿਆ ਕਿ ਇਸ ਦੇ ਨਾਲ ਹੀ 2019 ਵਿੱਚ 550 ਜੰਗਲ ਲਗਾਉਣ ਦਾ ਕਾਰਜ ਆਰੰਭਿਆ ਗਿਆ ਸੀ, ਜਿਸ ਵਿੱਚੋਂ 345 ਜੰਗਲ ਲੱਗ ਚੁੱਕਾ ਹੈ, ਜੋ ਕਿ ਤਕਰੀਬਨ 200 ਏਕੜ ਰਕਬਾ ਬਣਦਾ ਹੈ। ਇਸ ਵਿੱਚ 10 ਲੱਖ ਤੋਂ ਉਪਰ ਬੂਟਾ ਲੱਗ ਚੁੱਕਾ ਹੈ। ਇਨ੍ਹਾਂ ਵਿੱਚ 25 ਪ੍ਰਤੀਸ਼ਤ ਫਲ, 25 ਪ੍ਰਤੀਸ਼ਤ ਦਵਾਈਆਂ ਵਾਲ਼ੇ ਬੂਟੇ, 25 ਪ੍ਰਤੀਸ਼ਤ ਪੁਰਾਣੇ ਦਰਖ਼ਤ (ਨਿੰਮ, ਕਿੱਕਰ, ਟਾਹਲੀ,) ਹਨ ਅਤੇ 25 ਪ੍ਰਤੀਸ਼ਤ ਫੁੱਲ ਹਨ।

ਇਸ ਤੋਂ ਇਲਾਵਾ ਬੱਚਿਆਂ ਦੀ ਸਿਖਿਆ ਨੂੰ ਮੁੱਖ ਰੱਖਦੇ ਹੋਏ ਖਡੂਰ ਸਾਹਿਬ ਵਿੱਚ ਲਗਭਗ 80,000 ਵਰਗ ਫੁੱਟ ਵਿੱਚ 8 ਮੰਜਿਲਾ ਕਾਲਜ 'ਨਿਸ਼ਾਨ-ਏ-ਸਿੱਖੀ' ਖੋਲ੍ਹਿਆ ਗਿਆ, ਜਿਸ ਵਿੱਚ ਬੀਐਡ ਤੱਕ ਦੀ ਸਿਖਿਆ ਦਿੱਤੀ ਜਾਂਦੀ ਹੈ ਅਤੇ ਬੱਚਿਆਂ ਨੂੰ ਸਿੱਖ ਪ੍ਰਚਾਰਕ ਬਣਨ ਲਈ ਵੀ ਸਿਖਲਾਈ ਦਿੱਤੀ ਜਾਂਦੀ ਹੈ। ਪੰਜ ਸਾਲਾਂ ਦੇ ਇਸ ਕੋਰਸ ਵਿੱਚ ਪਹਿਲੇ ਤਿੰਨ ਸਾਲਾਂ ਦੌਰਾਨ ਗੁਰਬਾਣੀ ਸੰਥਿਆ, ਕਥਾ ਕੀਰਤਨ ਦੇ ਨਾਲ ਨਾਲ ਬੱਚਾ ਬੀ.ਏ. ਦੀ ਡਿਗਰੀ ਵੀ ਲੈ ਲੈਂਦਾ ਹੈ ਤੇ ਅਗਲੇ ਦੋ ਸਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਐਮ.ਏ. ਗੁਰਮਤਿ ਦੀ ਪੜ੍ਹਾਈ ਕਾਰਵਾਈ ਜਾਂਦੀ ਹੈ। ਇਹ ਪੂਰੇ 5 ਸਾਲ ਦੀ ਸਾਰੀ ਪੜ੍ਹਾਈ, ਕਿਤਾਬਾਂ ਤੇ ਰਹਿਣ-ਸਹਿਣ ਦਾ ਖਰਚਾ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਕੀਤਾ ਜਾਂਦਾ ਹੈ। ਹੁਣ ਤੱਕ ਲਗਭਗ 90 ਬੱਚੇ ਇਹ ਡਿਗਰੀ ਹਾਸਿਲ ਕਰ ਚੁੱਕੇ ਹਨ ਅਤੇ ਇਨ੍ਹਾਂ 'ਚੋਂ ਕੁਝ ਬੱਚੇ ਅੱਗੇ ਹੋਰ ਐਮ.ਫਿਲ ਅਤੇ ਪੀਐਚ.ਡੀ. ਦੀ ਪੜ੍ਹਾਈ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਪੇਂਡੂ ਲੜਕੀਆਂ ਨੂੰ ਖਾਸ ਟਰੇਨਿੰਗ ਦਿੱਤੀ ਜਾਂਦੀ ਹੈ, ਜਿਸ ਤਹਿਤ ਹੁਣ ਤੱਕ 640 ਲੜਕੀਆਂ ਟਰੇਨਿੰਗ ਹਾਸਲ ਕਰਕੇ ਪੰਜਾਬ ਅਤੇ ਹੋਰ ਵੱਖੋ ਵੱਖ ਰਾਜਾਂ ਦੀ ਪੁਲਿਸ ਵਿੱਚ ਭਾਰਤੀ ਹੋ ਚੁਕੀਆਂ ਹਨ। 'ਨਿਸ਼ਾਨ-ਏ-ਸਿੱਖੀ' ਸੰਸਥਾ ਦੇ 5 ਬੱਚੇ ਭਾਰਤ ਦੀ ਨੈਸ਼ਨਲ ਹਾਕੀ ਟੀਮ ਲਈ ਚੁਣੇ ਜਾ ਚੁਕੇ ਹਨ ਅਤੇ ਉਨ੍ਹਾਂ ਵਿੱਚੋਂ 3 ਬੱਚੇ ਓਲੰਪਿਕ ਵੀ ਖੇਡ ਚੁਕੇ ਹਨ। 27 ਬੱਚੇ ਫੌਜ ਵਿੱਚ ਭਰਤੀ ਹੋ ਚੁਕੇ ਹਨ, ਜਿਨ੍ਹਾਂ ਵਿੱਚੋਂ ਕੁਝ ਤਾਂ ਲੈਫਟੀਨੈਂਟ ਵੀ ਬਣ ਚੁਕੇ ਹਨ ਤੇ ਕੁਝ ਬੱਚੇ ਮਰਚੈਂਟ ਨੇਵੀ ਵਿੱਚ ਵੀ ਗਏ ਹਨ।

ਇਸ ਤੋਂ ਬਾਅਦ ਸ. ਸਤਨਾਮ ਸਿੰਘ ਔਲਖ ਅਤੇ ਹੋਰ ਕਾਰ ਸੇਵਾ ਵਾਲੇ ਸਿੰਘਾਂ ਵੱਲੋਂ ਗੁਰੂਘਰ ਵਿੱਚ ਚੱਲ ਰਹੀ ਕਾਰ ਸੇਵਾ ਬਾਰੇ ਬਾਬਾ ਸੇਵਾ ਸਿੰਘ ਨੂੰ ਜਾਣੂ ਕਰਵਾਇਆ ਗਿਆ। ਬਾਬਾ ਸੇਵਾ ਸਿੰਘ ਨੇ ਗੁਰੂਘਰ ਦੇ ਚਾਰ-ਚੁਫੇਰੇ ਘੁੰਮ ਕੇ ਕਾਰ ਸੇਵਕਾਂ ਵੱਲੋਂ ਕੀਤੇ ਗਏ ਕੰਮਾਂ ਨੂੰ ਦੇਖਿਆ ਤੇ ਉਨ੍ਹਾਂ ਦੀ ਸ਼ਲਾਘਾ ਕੀਤੀ ਅਤੇ ਅੱਗੇ ਤੋਂ ਹੋਰ ਵੀ ਵਧ-ਚੜ੍ਹ ਕੇ ਕਾਰ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਜ਼ਿਕਰਯੋਗ ਹੈ ਕਿ ਬਾਬਾ ਸੇਵਾ ਸਿੰਘ ਸਥਾਨਕ ਪਤਵੰਤੇ ਸ. ਕੁਲਵਿੰਦਰ ਸਿੰਘ ਦੇ ਗ੍ਰਹਿ ਵਿਖੇ ਠਹਿਰੇ ਸਨ।


# 'ਪੰਜਾਬੀ ਪਰਵਾਜ਼ ਨਾਈਟ' PUNJABI PARWAZ NIGHT

ਮਾਣਯੋਗ ਸਪਾਂਸਰ

ਧਰਮਿੰਦਰ ਸਿੰਘ ਖੱਟੜਾ; ਕੁਲਦੀਪ ਸਿੰਘ ਲੰਗ; ਸਤਵਿੰਦਰ ਸੱਤਾ ਧਨੇਸਰ; ਜੱਗਾ ਬਾਜਵਾ; ਜੱਸੀ ਧਾਲੀਵਾਲ; ਬਲਦੀਪ ਸਿੰਘ ਮਾਨ; ਅਵਤਾਰ ਸਿੰਘ ਮਿਸ਼ੀਗਨ; ਮਨਜਿੰਦਰ ਸਿੰਘ ਬੈਣੀਪਾਲ; ਕੁਲਵਿੰਦਰ ਸਿੰਘ ਗਿੱਲ; ਸਿਕੰਦਰ ਸਿੰਘ ਔਜਲਾ; ਸੁਖਬੀਰ ਸਿੰਘ ਸੋਹੀ

ਨਵਤੇਜ ਸਿੰਘ ਸੋਹੀ; ਬਿਕਰਮ ਸਿੰਘ ਸੋਹੀ; ਗੁਰਪ੍ਰੀਤ ਸਿੰਘ ਸਿੱਧੂ; ਅੰਮ੍ਰਿਤਪਾਲ ਮਾਂਗਟ; ਇੰਦਰ ਵਿਰਕ; ਹਰਵਿੰਦਰ ਸਿੰਘ ਘੋਤੜਾ; ਹਰਜਿੰਦਰ ਸਿੰਘ ਜਿੰਦੀ; ਸੁਖਵਿੰਦਰ ਸਿੰਘ ਘੱਗਰ; ਜਸਕਰਨ ਧਾਲੀਵਾਲ; ਅੰਮ੍ਰਿਤਪਾਲ ਸੰਘਾ; ਮਨਰਾਜ ਸਿੰਘ ਗਰੇਵਾਲ

ਹੈਰੀ ਮੋਹਨ ਸ਼ਰਮਾ; ਜਸਬੀਰ ਸਿੰਘ ਰੰਧਾਵਾ; ਸੁਖਜਿੰਦਰ ਸਿੰਘ ਰੰਧਾਵਾ; ਬਲਦੇਵ ਸਿੰਘ ਰਾਜੂ; ਮੇਜਰ ਸਿੰਘ ਢਿੱਲੋਂ; ਹਰਵਿੰਦਰਪਾਲ ਸਿੰਘ ਲੈਲ; ਰਵਿੰਦਰ ਸਿੰਘ ਸੇਖੋਂ; ਤਰਲੋਚਨ ਸਿੰਘ ਗਿੱਲ; ਧਰਮਿੰਦਰ ਬਾਠ

ਹਰਿੰਦਰ ਧਾਲੀਵਾਲ; ਸੁਖਜੀਤ ਬਰਾੜ; ਤੇਜਿੰਦਰ ਜਿੱਪੀ; ਮਨਮੀਤ ਜੌਲੀ; ਪਰਮਜੀਤ ਸਿੰਘ; ਰਾਕੇਸ਼ ਰੇਹਾਨ; ਦੀਪਕ ਛੀਨਾ; ਬਲਜੀਤ ਬਰਾੜ; ਜਸਵੰਤ ਸਿੰਘ



ਪਰਮਜੋਤ (ਜੋਤੀ) ਪਰਮਾਰ ਅਤੇ ਦਲਵੀਰ ਕੌਰ ਪਰਮਾਰ

*ਸਹਿਯੋਗੀ ਸੰਸਥਾਵਾਂ: ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ (ਪਾਓ) ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਪੰਜਾਬੀ ਅਮੈਰਿਕਨ ਯੂਥ ਕਲੱਬ ਇੰਡੀਆਨਾ; ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ (ਓਹਾਇਓ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ (ਪੀ.ਸੀ.ਓ.) ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ (ਮਿਲਵਾਕੀ); ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ (ਇੰਡੀਆਨਾ); 'ਰੰਗਲਾ ਪੰਜਾਬ ਫੌਕਸ ਵੈਲੀ' (ਵਿਸਕਾਨਸਿਨ); ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; 'ਸਵੇਰਾ' ਇੰਕ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਸ਼ਿਕਾਗੋ।

ਹੋਰ ਜਾਣਕਾਰੀ ਲਈ ਸੰਪਰਕ ਕਰੋ, ਫੋਨ: 224-386-4548 ਜਾਂ ਈਮੇਲ: punjabiparwaz@gmail.com

## ਸੇਵਾ ਕਰਤ ਹੋਇ ਨਿਹਕਾਮੀ...

# ਪੈਲਾਟਾਈਨ ਗੁਰੂਘਰ 'ਚ ਸੇਵਾਦਾਰਾਂ ਨੇ ਉਤਸ਼ਾਹ ਨਾਲ ਸੇਵਾ ਕੀਤੀ

ਕੁਲਜੀਤ ਦਿਆਲਪੁਰੀ

**ਸ਼ਿਕਾਗੋ:** ਸਿੱਖ ਧਰਮ ਵਿੱਚ ਸੇਵਾ ਦੇ ਸੰਕਲਪ ਦਾ ਆਪਣਾ ਸਿਧਾਂਤ ਹੈ ਅਤੇ ਹੱਥੀਂ ਕੀਤੀ ਸੇਵਾ ਦੀ ਖਾਸ ਥਾਂ ਹੈ। ਇਹ ਸਚਮੁੱਚ ਇੱਕ ਨਿਸ਼ਕਾਮ ਸਾਧਨਾ ਹੈ, ਜਿਸਦਾ ਮਨੁੱਖਤਾ ਦੇ ਕਲਿਆਣ ਵਿੱਚ ਵਿਸ਼ੇਸ਼ ਮਹੱਤਵ ਹੈ। ਕਿਹਾ ਜਾਂਦਾ ਹੈ ਕਿ ਸੰਸਾਰ ਦੇ ਲਗਭਗ ਸਾਰੇ ਧਾਰਮਿਕ ਗ੍ਰੰਥਾਂ ਵਿੱਚ ਸੇਵਾ ਦੀ ਗੱਲ ਹੋਈ ਮਿਲ ਜਾਂਦੀ ਹੈ। 'ਸੇਵਾ' ਦੇ ਸ਼ਾਬਦਿਕ ਅਰਥ ਵੱਖ-ਵੱਖ ਹਨ, ਜਿਵੇਂ- ਖਿਦਮਤ, ਟਹਿਲ, ਸਿਮਰਨ, ਬੰਦਗੀ, ਪੂਜਾ, ਉਪਾਸਨਾ। ਫਾਰਸੀ ਵਿੱਚ ਸ਼ੇਵਹ, ਤਰੀਕਾ ਅਤੇ ਕਾਇਦਾ। ਸਿੰਧੀ ਵਿੱਚ ਸੇਵਾ ਦਾ ਅਰਥ ਪੂਜਾ ਭੇਟਾ ਵੀ ਹੈ।

ਇਤਿਹਾਸਕ ਪਰਿਪੇਖ ਤੋਂ ਮੰਨਿਆ ਜਾਂਦਾ ਹੈ ਕਿ ਸੇਵਾ ਦਾ ਮਹਾਤਮ ਸਿੱਖ ਧਰਮ ਦੇ ਆਰੰਭ ਤੋਂ ਹੀ ਪ੍ਰਤੱਖ ਹੈ। ਪ੍ਰਥਮ ਪਾਤਸ਼ਾਹ ਗੁਰੂ ਨਾਨਕ ਸਾਹਿਬ ਨੇ ਆਪਣਾ ਮਿਸ਼ਨ ਮਾਨੋ 'ਲੰਗਰ ਦੀ ਸੇਵਾ' ਨਾਲ ਆਰੰਭ ਕੀਤਾ, ਜੋ ਸਿੱਖੀ 'ਚ ਸੇਵਾ ਦੀ ਆਧਾਰਸ਼ਿਲਾ ਹੈ। ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨੂੰ ਸੇਵਾ ਦਾ ਕੇਂਦਰ ਬਣਾ ਕੇ ਲੰਗਰ, ਪੰਗਤ, ਸੰਗਤ ਨੂੰ ਸੁਰਜੀਤ ਰੱਖਿਆ। ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਨੇ ਨਗਰਾਂ ਦੀ ਸਥਾਪਨਾ ਕਰਕੇ ਸੇਵਾ ਦੇ ਮਹਾਨ ਕੇਂਦਰ ਸਥਾਪਿਤ ਕੀਤੇ। ਸੋ ਇਸੇ ਤਰ੍ਹਾਂ ਗੁਰੂ ਕਾਲ ਤੋਂ ਬਾਅਦ ਬੇਅੰਤ ਸਿੱਖਾਂ ਦੀਆਂ ਮਿਸਾਲਾਂ ਹਨ, ਜਿਨ੍ਹਾਂ ਨੇ ਮਨੁੱਖਤਾ ਦੀ ਸੇਵਾ ਲਈ ਆਪਾ ਸਮਰਪਿਤ ਕੀਤਾ ਜਾਂ ਆਪਣਾ ਆਪ ਕੁਰਬਾਨ ਕੀਤਾ ਹੈ।

ਸਿੱਖ ਧਰਮ ਦੀ ਇਸੇ ਭਾਵਨਾ ਦੇ ਮੱਦੇਨਜ਼ਰ ਗੁਰਦੁਆਰਾ ਪੈਲਾਟਾਈਨ ਵਿਖੇ ਲੰਘੇ ਸਨਿਚਰਵਾਰ ਨੂੰ ਗਰਮੀਆਂ ਦੀ ਰੁੱਤ ਦੀ ਕੀਤੀ ਗਈ ਸੇਵਾ ਦੌਰਾਨ ਸੇਵਾਦਾਰਾਂ ਨੇ ਭਾਰੀ ਉਤਸ਼ਾਹ ਨਾਲ ਸੇਵਾ ਕੀਤੀ। ਵਡੇਰੀ ਉਮਰ ਦੇ ਸੇਵਾਦਾਰ ਆਪਣੇ ਤਜਰਬੇ ਅਨੁਸਾਰ ਨੌਜਵਾਨਾਂ ਤੋਂ ਸੇਵਾ ਕਰਵਾ ਰਹੇ ਸਨ ਅਤੇ ਉਹ ਆਪ ਵੀ ਪੂਰੀ ਤਨਦੇਹੀ ਨਾਲ ਸੇਵਾ ਵਿੱਚ ਜੁਟੇ ਹੋਏ ਸਨ। ਦੂਜੇ ਪਾਸੇ ਨੌਜਵਾਨ ਵੀ ਪੂਰੇ ਜੋਸ਼ ਤੇ ਸ਼ਰਧਾ ਨਾਲ ਸੇਵਾ ਵਿੱਚ ਮਸ਼ਰੂਫ ਸਨ।

ਦਿਲਚਸਪ ਤਾਂ ਇਹ ਸੀ ਕਿ ਸੇਵਾਦਾਰ ਆਪੋ ਆਪਣੀ ਸਮਰੱਥਾ ਮੁਤਾਬਕ ਅਤੇ ਵੰਡੀਆਂ ਗਈਆਂ ਡਿਊਟੀਆਂ ਨੂੰ ਧਿਆਨ ਵਿੱਚ ਰੱਖਦਿਆਂ ਰਲ-ਮਿਲ ਕੇ ਕਾਰ ਸੇਵਾ ਵਿੱਚ ਹੱਥ ਵਟਾ ਰਹੇ ਸਨ। ਬੱਚਿਆਂ ਨੇ ਤਾਂ ਖੇਡ ਖੇਡ ਵਿੱਚ ਹੀ ਕਾਰ ਸੇਵਾ ਵਿੱਚ ਯੋਗਦਾਨ ਪਾਇਆ। ਗਤਕੇ ਦੇ ਖਿਡਾਰੀ ਬੱਚਿਆਂ ਨੇ ਗਤਕੇ ਦੌਰਾਨ ਪ੍ਰਦਰਸ਼ਿਤ ਕੀਤੇ ਜਾਂਦੇ ਸ਼ਸਤਰਾਂ ਦੀ ਸਾਫ-ਸਫਾਈ ਤੇ ਸੰਭਾਲ ਕੀਤੀ। ਕੁਝ ਬਜ਼ੁਰਗ ਕਹਿ ਰਹੇ ਸਨ ਕਿ ਮਾਪਿਆਂ ਨੂੰ ਵੱਧ ਤੋਂ ਵੱਧ ਆਪਣੇ ਬੱਚਿਆਂ ਨਾਲ ਕਾਰ ਸੇਵਾ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਸੇਵਾ ਦੀ ਜਾਗ ਲੱਗੇ ਤੇ ਉਹ ਗੁਰੂ ਘਰ ਨਾਲ ਜੁੜਨ।

ਸਵੇਰੇ ਕਰੀਬ 7 ਵਜੇ ਭਾਈ ਅਨਮੋਲ ਸਿੰਘ ਰਤਨ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੇ ਜਾਣ ਉਪਰੰਤ ਨਿਸ਼ਕਾਮ ਸੇਵਾ ਸ਼ੁਰੂ ਹੋਈ। ਮਿੱਥੀ ਯੋਜਨਾ ਅਨੁਸਾਰ ਸਭ ਤੋਂ ਪਹਿਲਾਂ ਦੂਸਰੀ ਮੰਜਲ ਦਰਬਾਰ ਹਾਲ, ਸੁਖਆਸਣ, ਅਖੰਡ ਪਾਠ ਕਮਰੇ, ਗੁਰੂ ਗ੍ਰੰਥ ਸਾਹਿਬ ਦਾ ਸਿੰਘਾਸਣ ਅਤੇ ਬਸਤਰਾਂ ਦੀ ਸੇਵਾ ਸ. ਤਰਲੋਚਨ ਸਿੰਘ ਮੁਲਤਾਨੀ ਦੀ ਅਗਵਾਈ ਵਿੱਚ ਹੋਈ। ਦਰਬਾਰ ਹਾਲ ਦੀ ਸਫ਼ਾਈ ਵਾਸਤੇ ਲੋੜੀਂਦਾ ਸਮਾਨ ਸ. ਬਲਦੇਵ ਸਿੰਘ ਗਿੱਲ ਨੇ ਸਟੋਰਾਂ ਤੋਂ ਲਿਆ ਕੇ ਦਰਬਾਰ ਹਾਲ ਵਿੱਚ ਮੁਹੱਈਆ ਕੀਤਾ; ਜਦਕਿ ਸ. ਕੇਹਰ ਸਿੰਘ ਦੀ ਟੀਮ ਨੇ ਹਮੇਸ਼ਾ ਦੀ ਤਰ੍ਹਾਂ ਕੂੜੇ ਦੇ ਡੱਬਿਆਂ ਵਿੱਚੋਂ ਕੂੜਾ ਬਾਹਰ ਕੱਢ ਪਾਵਰ ਵਾਸ਼ ਕਰ ਸੈਨੇਟਾਈਜ ਕੀਤੇ।

ਆਰ.ਕੇ. ਕਾਰਪੈਟ ਸ਼ਿਕਾਗੋ ਦੇ ਰਵਿੰਦਰ ਸਿੰਘ ਰਵੀ ਤੇ ਉਨ੍ਹਾਂ ਦੀ ਟੀਮ ਨੇ ਸ. ਭਜਨ ਸਿੰਘ ਮਾਂਗਟ ਤੇ ਹੋਰ ਸੇਵਾਦਾਰਾਂ ਦੇ ਸਹਿਯੋਗ ਨਾਲ ਮੈਟਾਂ, ਰਗਾਂ, ਗਲੀਚਿਆਂ, ਰਨਰਜ਼ ਆਦਿ ਨੂੰ ਚੰਗੀ ਤਰ੍ਹਾਂ ਸ਼ੈਮਪੋ ਕੀਤਾ ਅਤੇ ਬਾਹਰ ਧੁੱਪ ਵਿੱਚ ਸੁੱਕਾ ਕੇ ਵਾਪਿਸ ਜਗ੍ਹਾ ਜਗ੍ਹਾ ਵਿਛਾਏ। ਬਾਹਰ ਦੀ ਸੇਵਾ ਸ. ਕੁਲਜੀਤ ਸਿੰਘ ਭੰਗੂ, ਸ. ਇਕਬਾਲ ਸਿੰਘ ਜੱਜ ਅਤੇ ਸ. ਕਰਮਬੀਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਫਲਦਾਰ ਰੁੱਖਾਂ, ਪੌਦਿਆਂ, ਫੁੱਲਾਂ ਅਤੇ ਜੈਵਿਕ ਖੇਤੀ ਵਿੱਚੋਂ ਘਾਹ ਫੂਸ ਕੱਢ ਕੇ ਚੁਫੇਰੇ ਅਤੇ ਵਾੜ ਥੱਲਿਓਂ ਟ੍ਰਿਮਿੰਗ ਕੀਤੀ ਗਈ। ਮੈਡੀਕਲ ਰੂਮ ਦੀ ਝਾੜ-ਪੂੰਝ ਵੀ ਕੀਤੀ ਗਈ।




ਇਸੇ ਤਰ੍ਹਾਂ ਸ. ਅਮਰਜੀਤ ਸਿੰਘ, ਸ. ਕਿਰਪਾਲ ਸਿੰਘ ਰੰਧਾਵਾ ਤੇ ਹੋਰ ਸੇਵਾਦਾਰਾਂ ਨੇ ਅੰਦਰੋਂ-ਬਾਹਰੋਂ ਸ਼ੀਸ਼ੇ ਚਮਕਾਏ। ਸ. ਸੰਤੋਖ ਸਿੰਘ ਭਟਨੂਰਾ ਤੇ ਹੋਰ ਸੇਵਕਾਂ ਨੇ ਬਾਹਰ ਦੀਵਾਰਾਂ, ਬਿਲਡਿੰਗ ਦੇ ਬਨੇਰਿਆਂ ਆਦਿ ਨਾਲ ਲੱਗੇ ਜਾਲੇ ਪੂੰਝੇ। ਕੁਝ ਥਾਵਾਂ 'ਤੇ ਪੰਛੀਆਂ ਨੇ ਆਲ੍ਹਣੇ ਪਾਏ ਹੋਏ ਹੋਣ ਕਾਰਨ ਧਿਆਨ ਰੱਖਿਆ ਗਿਆ ਕਿ ਕਿਤੇ ਬੋਟਾਂ ਨੂੰ ਕੋਈ ਨੁਕਸਾਨ ਨਾ ਪੁੱਜੇ। ਵਸਦੇ-ਰਸਦੇ ਆਲ੍ਹਣਿਆਂ ਨੂੰ ਛੱਡ ਕੇ ਜਿਹੜੇ ਕੁਝ ਉਜਾੜ ਆਲ੍ਹਣੇ ਸਨ, ਉਹ ਲਾਹੇ ਗਏ। ਕਾਰ ਸੇਵਕਾਂ ਲਈ ਚਾਹ-ਪਾਣੀ ਤੇ ਲੰਗਰ ਤਿਆਰ ਕਰਨ ਦੀ ਸੇਵਾ ਹਰਜੀਤ ਸਿੰਘ ਨੇ ਨਿਭਾਈ। ਗੁਰਮਿਤ ਸਕੂਲ ਵਿੱਚ ਸ. ਜਸਵਿੰਦਰ ਸਿੰਘ ਜੌਹਲ ਦੇ ਪਰਿਵਾਰ ਅਤੇ ਸ. ਮੱਖਣ ਸਿੰਘ ਜੌਹਲ ਤੇ ਸੇਵਕਾਂ ਨੇ ਕਮਰਿਆਂ ਅਤੇ ਹਾਲਵੇਅ ਦੀ ਸਫ਼ਾਈ ਕੀਤੀ। ਗੁਰਦੁਆਰਾ ਸਾਹਿਬ ਦੇ ਸੀਨੀਅਰ ਫਾਊਂਡਰ ਮੈਂਬਰ ਡਾ. ਬਲਵੰਤ ਸਿੰਘ ਉਚੇਚੇ ਤੌਰ 'ਤੇ ਨਿਸ਼ਕਾਮ ਸੇਵਾ ਵਿੱਚ ਸ਼ਾਮਲ ਹੋਏ ਅਤੇ ਮਾਇਆ ਭੇਟਾ ਕਰਨ ਦੇ ਨਾਲ ਨਾਲ ਨਿਸ਼ਕਾਮ ਸੇਵਕਾਂ ਦੀ ਭਰਵੀਂ ਹੌਸਲਾ ਅਫ਼ਜਾਈ ਵੀ ਕੀਤੀ।

ਸਨਿਚਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਕਿਸੇ ਦੀ ਮਰਗਤ ਦੇ ਭੋਗ ਅਤੇ ਅੰਤਿਮ ਅਰਦਾਸ ਸਮਾਗਮ ਨੂੰ ਮੱਦੇਨਜ਼ਰ ਰੱਖਦਿਆਂ ਸੇਵਕਾਂ ਨੇ ਸੇਵਾ ਤੋਂ ਇੱਕ ਦਿਨ ਪਹਿਲਾਂ ਸ਼ੁੱਕਰਵਾਰ ਸ਼ਾਮ ਨੂੰ ਸਫ਼ਾਈ ਦਾ ਸਮਾਨ ਅਤੇ ਰੁੱਖਾਂ ਪੌਦਿਆਂ ਦੀ ਸੰਭਾਲ ਦੇ ਔਜ਼ਾਰ ਤਿਆਰ ਕਰ ਸੇਵਾ ਹੋਣ ਵਾਲੀ ਜਗ੍ਹਾ ਲਾਗੇ ਰੱਖ ਜੰਗੀ ਪੱਧਰ 'ਤੇ ਤਿਆਰੀ ਸ਼ੁਰੂ ਕਰ ਦਿੱਤੀ ਸੀ। ਖਾਸ ਕਰ ਦਰਬਾਰ ਹਾਲ, ਰਸੋਈ ਤੇ ਲੰਗਰ ਹਾਲ ਨਾਲ ਜੁੜੀਆਂ ਸੇਵਾਵਾਂ ਨੂੰ ਪਹਿਲ ਦੇ ਆਧਾਰ ਉਤੇ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਕਾਰਸੇਵਾ ਜਥੇ ਦੇ ਕਰੀਬ ਕਰੀਬ ਸਾਰੇ ਮੈਂਬਰ ਸੇਵਾ ਵਿੱਚ ਲੱਗੇ ਹੋਏ ਸਨ।

ਕਾਰ ਸੇਵਾ ਜਥੇ ਦੇ ਮੋਢੀ ਸ. ਸਤਨਾਮ ਸਿੰਘ ਔਲਖ ਨੇ ਗੁਰਦੁਆਰਾ ਸਾਹਿਬ ਵਿਖੇ ਨਿਸ਼ਕਾਮ ਸੇਵਾ ਵਿੱਚ ਤਨ, ਮਨ ਅਤੇ ਧਨ ਨਾਲ ਯੋਗਦਾਨ ਪਾਉਣ ਲਈ ਸੇਵਕਾਂ ਦਾ ਉਚੇਚਾ ਧੰਨਵਾਦ ਕੀਤਾ ਹੈ। ਇੱਕ ਪਰਿਵਾਰ ਵੱਲੋਂ ਸਵੇਰ ਤੋਂ ਦੁਪਹਿਰ ਤੱਕ ਗੁਰਦੁਆਰਾ ਸਾਹਿਬ ਵਿਖੇ ਬੜੀ ਰੀਝ ਨਾਲ ਸੇਵਾ ਕੀਤੀ ਗਈ। ਬਾਅਦ ਵਿੱਚ ਇਸ ਪਰਿਵਾਰ ਦੇ ਬੱਚਿਆਂ ਨੂੰ ਕਾਰ ਸੇਵਾ ਕਮਰੇ ਵਿੱਚ ਸ. ਔਲਖ ਨੇ ਆਪਣੀ ਪੁਸਤਕ 'ਸਿੱਖ ਵਾਰੀਅਰਜ਼ ਇਨ ਵਰਲਡ ਵਾਰਜ਼' ਭੇਟ ਕੀਤੀ।

ਇੱਥੇ ਜ਼ਿਕਰਯੋਗ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਗੁਰਦੁਆਰਾ ਸਾਹਿਬ ਵਿਖੇ ਨਿਰੰਤਰ ਕਾਰ ਸੇਵਾ ਚੱਲਦੀ ਆ ਰਹੀ ਹੈ, ਜਿਸ ਦੌਰਾਨ ਗੁਰੂ ਘਰ ਦੇ ਵਧੇਰੇ ਗਿਣਤੀ ਕਾਰਜ ਹੱਥੀਂ ਸੇਵਾ ਕਰ ਕੇ ਸੰਵਾਰ ਲਏ ਜਾਂਦੇ ਹਨ। ਇਸ ਤੋਂ ਇਲਾਵਾ ਰੋਜ਼ਮੱਰਾ ਵੀ ਨਿੱਕੀ-ਮੋਟੀ ਚੱਲਦੀ ਸੇਵਾ ਵਿੱਚ ਗੁਰੂਘਰ ਨਾਲ ਜੁੜੇ ਬਜ਼ੁਰਗ ਰੁੱਝੇ ਰਹਿੰਦੇ ਹਨ।



















ਅਹਿਮ

*1955 ਵਿੱਚ ਦਰਬਾਰ ਸਾਹਿਬ 'ਤੇ ਪੁਲਿਸ ਹਮਲੇ ਦੀ ਯਾਦ ਮਨਾਉਣ ਦਾ ਮਾਮਲਾ*

# ਪੰਜਾਬੀ ਸੂਬਾ ਐਜੀਟੇਸ਼ਨ ਦਾ ਇਤਿਹਾਸ ਸੱਚਰ-ਨਹਿਰੂ ਤੱਕ ਹੀ ਮਹਿਦੂਦ ਕਿਉ?

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000

ਦਰਬਾਰ ਸਾਹਿਬ 'ਤੇ 4 ਜੁਲਾਈ 1955 ਨੂੰ ਕੀਤੇ ਗਏ ਪੁਲਿਸ ਹਮਲੇ ਨੂੰ ਚੇਤੇ ਕਰਨ ਲਈ 4 ਜੁਲਾਈ ਨੂੰ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਵਿਸ਼ੇਸ਼ ਸਮਾਗਮ ਕਰਾਇਆ, ਜਿਸ ਵਿੱਚ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਅਤੇ ਜਥੇਦਾਰ ਅਕਾਲ ਤਖਤ ਸਾਹਿਬ ਨੇ ਵੀ ਤਕਰੀਰਾਂ ਕੀਤੀਆਂ। ਤਕਰੀਰਾਂ ਵਿੱਚ ਪੰਜਾਬੀ ਸੂਬੇ ਦੀ ਹੱਕੀ ਮੰਗ ਨੂੰ ਨਾ ਮਨਜ਼ੂਰ ਕਰਨ ਲਈ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਇਸ ਖ਼ਾਤਰ ਅਕਾਲੀ ਦਲ ਵੱਲੋਂ ਕੀਤੀ ਜਾ ਰਹੀ ਐਜੀਟੇਸ਼ਨ ਕੁਚਲਣ ਖ਼ਾਤਰ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਉਸ ਮੌਕੇ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਦੀ ਆਲੋਚਨਾ ਕੀਤੀ ਗਈ। ਬੀਬੀ ਜਗੀਰ ਕੌਰ ਅਨੁਸਾਰ, ਇਸ ਸਾਕੇ ਦਾ ਤਸਵੀਰਾਂ ਸਣੇ ਇਤਿਹਾਸ ਲਿਖਿਆ ਜਾਵੇਗਾ।

ਨਹਿਰੂ-ਸੱਚਰ ਦਾ ਜ਼ਿਕਰ ਕਰਨ ਵੇਲੇ ਨਹਿਰੂ-ਸੱਚਰ ਦੀ ਸਰਕਾਰ ਨੂੰ 'ਕਾਂਗਰਸੀ ਸਰਕਾਰ' ਕਿਹਾ ਗਿਆ, ਜੋ ਕਿ ਸਿੱਧੀ ਨਿਗਾਹ ਨਾਲ ਦੇਖਿਆਂ ਗਲਤ ਨਹੀਂ ਜਾਪਦਾ, ਪਰ ਟੇਡੇ ਤਰੀਕੇ ਨਾਲ ਅਧੂਰਾ ਸੱਚ ਬੋਲਦਿਆਂ ਇਹਦੀ ਖ਼ਾਤਰ ਸਿਰਫ ਰਾਜ ਕਰ ਰਹੀ ਪਾਰਟੀ 'ਤੇ ਤੋੜਾ ਝਾੜ ਕੇ ਪੂਰੇ ਸੱਚ ਉਤੇ ਪੜਦਾ ਪਾਇਆ ਗਿਆ ਹੈ; ਜਦਕਿ ਪੰਜਾਬੀ ਸੂਬੇ ਦੀ ਮੁਖ਼ਾਲਫ਼ਤ ਕਰ ਰਹੀ ਦੂਜੀ ਧਿਰ ਜਨਸੰਘ ਉਰਫ ਬੀ.ਜੇ.ਪੀ. ਸੰਘ ਪਾੜਵੀਂ ਆਵਾਜ਼ 'ਚ ਕਾਂਗਰਸ ਦੀ ਇਸ ਗੱਲੋਂ ਆਲੋਚਨਾ ਕਰਦੀ ਸੀ ਕਿ ਉਹ ਪੰਜਾਬੀ ਸੂਬੇ ਦੀ ਮੰਗ ਨੂੰ ਪੁਲਿਸ ਦੇ ਜ਼ੋਰ ਨਾਲ ਮਸਲਣ 'ਚ ਢਿੱਲ ਦਿਖਾ ਰਹੀ ਹੈ। ਇਸੇ ਬੀ.ਜੀ.ਪੀ. ਨੇ ਇਹੀ ਰੋਲ ਹੀ ਮੁੜ 1984 'ਚ ਅਦਾ ਕੀਤਾ, ਉਸ ਮੌਕੇ ਬੀ.ਜੇ.ਪੀ. ਦੇ ਪ੍ਰਧਾਨ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਦੀ ਕਿਤਾਬ 'ਚ ਬੜਾ ਹੁੱਬ ਕੇ ਕਿਹਾ ਹੈ ਕਿ ਸਾਡੀ ਪਾਰਟੀ ਨੇ ਹੀ ਇੰਦਰਾ ਗਾਂਧੀ ਨੂੰ ਦਰਬਾਰ 'ਤੇ ਫ਼ੌਜੀ ਹਮਲੇ ਲਈ ਮਜਬੂਰ ਕੀਤਾ।

4 ਜੁਲਾਈ ਨੂੰ ਕੀਤੇ ਦਰਬਾਰ ਸਾਹਿਬ 'ਤੇ ਹਮਲੇ ਲਈ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ ਜਦੋਂ 10 ਅਕਤੂਬਰ 1955 ਨੂੰ ਮੰਜੀ ਸਾਹਿਬ 'ਤੇ ਪੇਸ਼ ਹੋ ਕੇ ਬਾਕਾਇਦਾ ਮਾਫ਼ੀ ਮੰਗ ਲਈ ਤਾਂ ਪੰਜਾਬੀ ਸੂਬਾ ਵਿਰੋਧੀਆਂ ਨੇ ਸੱਚਰ ਦੇ ਖ਼ਿਲਾਫ਼ ਇਹ ਕਹਿ ਕੇ ਖਰੂਦ ਪਾਇਆ ਕਿ ਹਾਂ-ਹਾਂ ਪੁਲਿਸ ਹਮਲੇ ਦੀ ਮਾਫ਼ੀ ਕਿਉਂ ਮੰਗੀ। ਇਹ ਖਰੂਦ ਏਨਾ ਜ਼ੋਰਦਾਰ ਸੀ ਕਿ ਮੁੱਖ ਮੰਤਰੀ ਸੱਚਰ ਨੂੰ ਅਸਤੀਫ਼ਾ ਦੇਣਾ ਪਿਆ। ਇਸ ਖਰੂਦ 'ਚ ਜਨਸੰਘੀਆਂ ਨੇ ਵਧ-ਚੜ੍ਹ ਕੇ ਖੌਰੂ ਪਾਇਆ ਸੀ। ਪੰਜਾਬੀ ਸੂਬੇ ਖ਼ਾਤਰ ਸ਼੍ਰੋਮਣੀ ਅਕਾਲੀ ਦਲ ਨੇ ਐਜੀਟੇਸ਼ਨ ਕੀਤਾ ਸੀ ਤੇ ਅਕਾਲੀ ਦਲ ਦਾ ਸ਼੍ਰੋਮਣੀ ਕਮੇਟੀ ਨਾਲ਼ੋਂ ਵੀ ਪਹਿਲਾਂ ਫਰਜ ਬਣਦਾ ਸੀ ਇਸ ਸਾਕੇ ਦੀ ਯਾਦ ਮਨਾਉਣੀ। ਚਲੋ ਖ਼ੈਰ! ਆਓ ਦੇਖੀਏ ਕਿ ਉਦੋਂ



*ਜਨਸੰਘ ਉਰਫ ਬੀ.ਜੇ.ਪੀ. ਦਾ ਰੋਲ ਇਸ ਇਤਿਹਾਸ 'ਚੋਂ ਮਨਫੀ ਕਿਉਂ ਹੋਵੇ?

■ ਫਾਈਟ ਫੋਟੋ: 1984 ਦੌਰਾਨ ਲਾਲ ਕ੍ਰਿਸ਼ਨ ਅਡਵਾਨੀ ਤੇ ਬੀ.ਜੇ.ਪੀ. ਵਰਕਰ ਫੌਜ ਭੇਜਣ ਲਈ ਜਲੂਸ ਕੱਢਦੇ ਹੋਏ

ਦੀ ਜਨਸੰਘ ਜਿਹਦਾ ਬਦਲਿਆ ਨਾਂ ਭਾਰਤੀ ਜਨਤਾ ਪਾਰਟੀ ਹੈ, ਦਾ ਪੰਜਾਬੀ ਸੂਬਾ ਐਜੀਟੇਸ਼ਨ 'ਚ ਕੀ ਰੋਲ ਸੀ।

ਜਨਸੰਘ ਪੰਜਾਬੀ ਸੂਬੇ ਦੀ ਮੰਗ ਨੂੰ ਕੁਚਲਣ ਲਈ ਨਹਿਰੂ ਤੋਂ ਵੀ ਦੋ ਰੱਤੀਆਂ ਅਗਾਂਹ ਸੀ। ਪੰਜਾਬੀ ਸੂਬੇ ਦੀ ਮੰਗ ਮੌਕੇ ਭਾਰਤੀ ਜਨਤਾ ਪਾਰਟੀ ਦਾ ਨਾਓਂ ਜਨਸੰਘ ਸੀ। ਜਨਸੰਘੀਆਂ ਨੇ ਪੰਜਾਬੀ ਸੂਬੇ ਦੇ ਸਿਆਸੀ ਵਿਰੋਧ ਤੋਂ ਵੀ ਅਗਾਂਹ ਜਾ ਕੇ ਇਹਦਾ ਹਿੰਸਕ ਵਿਰੋਧ ਕਰਦੇ ਹੋਏ ਸਿੱਖਾਂ ਅਤੇ ਸਿੱਖੀ 'ਤੇ ਵੀ ਹਮਲੇ ਕੀਤੇ। ਪੰਜਾਬੀ ਸੂਬੇ ਦੀ ਮੰਗ ਨੂੰ ਅੱਧ-ਪਚੱਧੀ ਸ਼ਕਲ 'ਚ ਮੰਨਦਿਆਂ ਕੇਂਦਰ ਸਰਕਾਰ ਨੇ ਪੰਜਾਬ ਦੇ ਰਿਜਨ (ਖੇਤਰ) ਬਣਾ ਦਿੱਤੇ, ਇਨ੍ਹਾਂ ਨੂੰ ਹਿੰਦੀ ਰਿਜਨ ਅਤੇ ਪੰਜਾਬੀ ਰਿਜਨ ਕਿਹਾ ਗਿਆ। ਪੰਜਾਬੀ ਰਿਜਨ ਵਿੱਚ ਪੰਜਾਬੀ ਅਤੇ ਹਿੰਦੀ ਰਿਜਨ ਵਿੱਚ ਹਿੰਦੀ ਲਾਗੂ ਹੋਈ ਸੀ। ਹਾਲਾਂਕਿ ਮੁਕੰਮਲ ਪੰਜਾਬੀ ਸੂਬੇ ਦੀ ਥਾਂ ਪੰਜਾਬੀਆਂ ਨੂੰ ਇਹ ਇੱਕ ਛੋਟੀ ਜਿਹੀ ਹੀ ਰਿਆਇਤ ਦਿੱਤੀ ਗਈ ਸੀ, ਪਰ ਪੰਜਾਬੀਆਂ ਨੂੰ ਦਿੱਤੀ ਗਈ ਇਹ ਛੋਟੀ ਜਿਹੀ ਰਿਆਇਤ ਵੀ ਜਨਸੰਘੀਆਂ ਤੋਂ ਬਰਦਾਸ਼ਤ ਨਾ ਹੋਈ। ਪੰਜਾਬ ਜਨਸੰਘ ਦੇ ਪ੍ਰਧਾਨ ਲਾਲ ਚੰਦ ਸਭਰਵਾਲ ਨੇ ਆਖਿਆ ਕਿ ਜੇ ਪੰਜਾਬੀ ਲਾਗੂ ਕਰਨ ਦੀ ਕੋਸ਼ਿਸ਼ ਜਬਰਦਸਤੀ ਕੀਤੀ ਗਈ ਤਾਂ ਸ਼ਹਿਰਾਂ ਦੇ ਗਲੀਆਂ ਬਾਜਾਰਾਂ 'ਚ ਲੜਾਈ ਹੋਵੇਗੀ। ਇੱਕ ਹੋਰ ਉਘੇ ਜਨਸੰਘੀ ਆਗੂ ਬਲਰਾਮਜੀਦਾਸ ਟੰਡਨ ਨੇ ਰਿਜਨਲ ਫਾਰਮੂਲੇ ਦੇ ਖਿਲਾਫ 27 ਮਾਰਚ 1956 ਤੋਂ 9 ਅਪ੍ਰੈਲ 56 ਤੱਕ ਵਰਤ ਰੱਖਿਆ। ਜਨਸੰਘ ਨੇ ਮਹਾਂ ਪੰਜਾਬ ਵਾਲਿਆਂ ਨਾਲ ਮਿਲ ਕੇ ਅਪ੍ਰੈਲ 1956 ਤੋਂ ਜੂਨ 1956 ਤੱਕ ਪੰਜਾਬ ਦੇ ਵੱਡੇ ਸ਼ਹਿਰਾਂ 'ਚ ਰਿਜਨਲ ਫਾਰਮੂਲੇ ਦੇ ਖਿਲਾਫ ਜਲੂਸ ਕੱਢੇ, ਜਿਨ੍ਹਾਂ 'ਚ ਸਿੱਖਾਂ 'ਤੇ ਹਮਲੇ ਕਰਦਿਆਂ ਪੁਲਿਸ ਨਾਲ ਝਗੜੇ ਵੀ ਕੀਤੇ। ਇਨ੍ਹਾਂ ਜਲੂਸਾਂ 'ਚ ਪੰਜਾਬੀ ਸੂਬੇ ਦੇ ਖਿਲਾਫ ਗੰਦੇ ਨਾਹਰੇ ਲਾਏ ਜਾਂਦੇ ਰਹੇ। ਇਹੀ ਬਲਰਾਮਜੀਦਾਸ ਟੰਡਨ, ਪ੍ਰਕਾਸ਼ ਸਿੰਘ ਬਾਦਲ ਦੀ ਵਜਾਰਤ ਵਿੱਚ ਤਿੰਨ ਵਾਰ ਪਹਿਲੇ ਨੰਬਰ ਵਾਲਾ ਵਜੀਰ ਰਿਹਾ।

ਅਕਾਲੀ ਦਲ ਦੀ ਲੰਮੀ ਜੱਦੋਜਹਿਦ ਤੋਂ ਬਾਅਦ ਜਦੋਂ ਕਾਂਗਰਸ ਵਰਕਿੰਗ ਕਮੇਟੀ ਨੇ 9 ਮਾਰਚ 1966 ਨੂੰ ਪੰਜਾਬੀ ਸੂਬੇ ਦੇ ਹੱਕ ਵਿੱਚ ਮਤਾ ਪਾਸ ਕਰ ਦਿੱਤਾ ਤਾਂ ਜਨਸੰਘੀ ਲੋਕ ਕਾਂਗਰਸ 'ਤੇ ਇੰਨੇ ਲੋਹੇ-ਲਾਖੇ ਹੋਏ ਕਿ ਕਾਂਗਰਸੀਆਂ ਦੀ ਮਾਰ-ਕੁਟਾਈ ਦੇ ਨਾਲ ਨਾਲ ਸਿੱਖਾਂ ਅਤੇ ਗੁਰਦੁਆਰਿਆਂ 'ਤੇ ਹਮਲੇ ਸ਼ੁਰੂ ਕਰ ਦਿੱਤੇ। ਜਨਸੰਘ ਦੇ ਜਨਰਲ ਸਕੱਤਰ ਯੱਗ ਦੱਤ ਸ਼ਰਮਾ ਨੇ ਪੰਜਾਬੀ ਸੂਬੇ ਦੇ ਖਿਲਾਫ ਮਰਨ ਵਰਤ ਰੱਖ ਲਿਆ। ਇਹੀ ਯੱਗ ਦੱਤ ਸ਼ਰਮਾ 1977 'ਚ ਅਕਾਲੀਆਂ ਦੀ ਸਰਗਰਮ ਹਮਾਇਤ ਨਾਲ ਗੁਰਦਾਸਪੁਰ ਤੋਂ ਲੋਕ ਸਭਾ ਦੀ ਚੋਣ ਜਿੱਤਿਆ।

ਪੰਜਾਬੀ ਸੂਬੇ ਦੀ ਮੰਗ ਮੰਨਣ ਦਾ ਕਾਂਗਰਸ ਨੇ ਅਜੇ ਐਲਾਨ ਹੀ ਕੀਤਾ ਸੀ, ਪਰ ਜਨਸੰਘ ਵੱਲੋਂ ਇਹਦਾ ਏਨਾ ਹਿੰਸਕ ਪੱਧਰ 'ਤੇ ਵਿਰੋਧ ਕੀਤਾ ਗਿਆ ਕਿ ਦਿੱਲੀ ਸਮੇਤ ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ 'ਚ ਕਰਫਿਊ ਲਾਉਣਾ ਪਿਆ। ਪੰਜਾਬੀ ਸੂਬੇ ਦੀ ਮੰਗ ਮੰਨਣ ਖਾਤਰ ਜਨਸੰਘੀਆਂ ਤੇ ਇਹਦੇ ਹੋਰ ਸਾਥੀਆਂ ਦਾ ਗੁੱਸਾ ਇਸ ਕਦਰ ਭੜਕਿਆ ਸੀ ਕਿ 15 ਮਾਰਚ 1966 ਨੂੰ ਪਾਣੀਪਤ ਵਿੱਚ ਕਾਂਗਰਸੀ ਪ੍ਰਧਾਨ ਦੀਵਾਨ ਚੰਦ ਟੱਕਰ, ਕਰਾਂਤੀ ਕੁਮਾਰ ਅਤੇ ਇੱਕ ਹੋਰ ਜਣੇ ਨੂੰ ਦੁਕਾਨ ਅੰਦਰ ਡੱਕ ਕੇ ਸਾੜ ਮਾਰਿਆ। ਜਨਸੰਘੀਆਂ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਨਾਲ ਮਚਾਏ ਗਏ ਇਸ ਊਧਮ ਦੇ 6 ਦਿਨਾਂ ਦੌਰਾਨ ਪੰਜਾਬ 'ਚ 9 ਜਾਣੇ ਮਾਰੇ ਗਏ, 200 ਜਖ਼ਮੀ ਹੋਏ, ਸਿੱਖਾਂ ਦੇ ਘਰਾਂ ਅਤੇ ਗੁਰਦੁਆਰਿਆਂ 'ਤੇ ਹਮਲੇ ਹੋਏ। ਇਸੇ ਰੌਲ਼ੇ ਕਰਕੇ ਜਨਸੰਘ ਦੇ 2528 ਬੰਦੇ ਗ੍ਰਿਫਤਾਰ ਹੋਏ। ਇੱਥੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ, ਜਨਸੰਘੀਆਂ ਨੇ ਪੰਜਾਬੀ ਸੂਬੇ ਦੇ ਖ਼ਿਲਾਫ਼ ਕਿਸ ਕਦਰ ਸਿੰਗਾਂ 'ਤੇ ਮਿੱਟੀ ਚੁੱਕੀ ਸੀ!

ਪਾਣੀਪਤ ਦੀ ਘਟਨਾ ਤੋਂ ਬਾਅਦ ਜਨਸੰਘ ਪੰਜਾਬੀ ਸੂਬੇ ਨੂੰ ਕੌੜੇ ਘੁੱਟ ਵਾਂਗੂ ਪੀ ਕੇ ਚੁੱਪ ਕਰ ਗਈ ਅਤੇ ਯੱਗ ਦੱਤ ਸ਼ਰਮਾ ਨੇ ਵੀ ਆਪਦਾ ਮਰਨ ਵਰਤ ਛੱਡ ਦਿੱਤਾ। ਜਨਸੰਘ ਦੇ ਇਸ ਰੋਲ ਤੋਂ ਨਾ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਨਾ ਹੀ ਅਕਾਲ ਤਖਤ ਦੇ ਜਥੇਦਾਰ ਸਾਹਿਬ ਮੁਨਕਰ ਹੋ ਸਕਦੇ ਹਨ, ਪਰ ਸਾਫ ਦਿਸਦੀ ਮਜਬੂਰੀ ਕਾਰਨ ਉਹ ਪੰਜਾਬੀ ਸੂਬਾ ਐਜੀਟੇਸ਼ਨ ਦਾ ਇਤਿਹਾਸ ਨਹਿਰੂ-ਸੱਚਰ ਤੱਕ ਸਮੇਟ ਕੇ ਅਧੂਰਾ ਸੱਚ ਬੋਲ ਰਹੇ ਹਨ। ਇੱਥੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਇਸ ਸਾਕੇ ਦੇ ਸ਼੍ਰੋਮਣੀ ਕਮੇਟੀ ਵੱਲੋਂ ਲਿਖਾਏ ਜਾਣ ਵਾਲੇ ਇਤਿਹਾਸ 'ਚ ਪੂਰਾ ਸੱਚ ਦੇਖਣ ਨੂੰ ਨਹੀਂ ਮਿਲ ਸਕਦਾ।

# ਸਿਫ਼ਤੀ ਦਾ ਘਰ: ਇਤਿਹਾਸਕ ਅਤੇ ਸੱਭਿਆਚਾਰਕ ਮਹੱਤਤਾ

ਜਾਣਕਾਰੀ

*ਸਰਕਾਰੀ, ਸਿਆਸੀ ਤੇ ਪ੍ਰਬੰਧਕੀ ਸਮੱਸਿਆਵਾਂ ਕਾਰਨ ਸਮਾਰਟ ਸਿਟੀ ਪ੍ਰਭਾਵਤ

ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607

ਸਮਾਰਟ ਸਿਟੀ ਅੰਮ੍ਰਿਤਸਰ ਭਾਰਤ ਸਰਕਾਰ ਦੇ ਸਮਾਰਟ ਸਿਟੀ ਮਿਸ਼ਨ ਅਧੀਨ ਚੁਣੇ ਗਏ ਪੰਜਾਬ ਦੇ ਤਿੰਨ ਸ਼ਹਿਰਾਂ (ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ) ਵਿੱਚੋਂ ਇੱਕ ਹੈ। ਅੰਮ੍ਰਿਤਸਰ ਨੂੰ 20 ਸਤੰਬਰ 2016 ਨੂੰ ਸਮਾਰਟ ਸਿਟੀ ਮਿਸ਼ਨ ਦੀ ਤੀਜੀ ਸੂਚੀ ਵਿੱਚ 27 ਸ਼ਹਿਰਾਂ ਦੇ ਨਾਲ ਸ਼ਾਮਲ ਕੀਤਾ ਗਿਆ ਸੀ। ਇਸ ਮਿਸ਼ਨ ਦਾ ਉਦੇਸ਼ ਅੰਮ੍ਰਿਤਸਰ ਨੂੰ ਨਾਗਰਿਕ ਕੇਂਦਰਿਤ, ਟਿਕਾਊ ਅਤੇ ਤਕਨੀਕੀ ਤੌਰ 'ਤੇ ਉਨੱਤ ਸ਼ਹਿਰ ਵਜੋਂ ਵਿਕਸਿਤ ਕਰਨਾ ਸੀ, ਜੋ ਸੁਥਰੇ ਵਾਤਾਵਰਣ, ਬੁਨਿਆਦੀ ਸਹੂਲਤਾਂ ਅਤੇ ਸਮਾਰਟ ਗਤੀਵਿਧੀਆਂ ਨਾਲ ਸ਼ਹਿਰ ਵਾਸੀਆਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਹੈ।

ਅੰਮ੍ਰਿਤਸਰ ਸਮਾਰਟ ਸਿਟੀ ਦੇ ਮੁੱਖ ਉਦੇਸ਼ ਹਨ- ਖੇਤਰ ਆਧਾਰਤ ਵਿਕਾਸ ਅਤੇ ਪੈਨ ਸਿਟੀ ਗਤੀਵਿਧੀਆਂ ਰਾਹੀਂ ਸ਼ਹਿਰ ਦੀ ਸਮੁੱਚੀ ਜੀਵਨ ਸ਼ੈਲੀ ਨੂੰ ਸੁਧਾਰਨਾ, ਦਰਬਾਰ ਸਾਹਿਬ ਅਤੇ ਜਲਿਆਂਵਾਲਾ ਬਾਗ ਵਰਗੀਆਂ ਇਤਿਹਾਸਕ ਤੇ ਵਿਰਾਸਤੀ ਥਾਵਾਂ ਦੀ ਸੁਰੱਖਿਆ; ਸੁੰਦਰੀਕਰਨ, ਪਾਣੀ ਸਪਲਾਈ, ਸੀਵਰੇਜ, ਸੜਕਾਂ ਅਤੇ ਸਮਾਰਟ ਆਵਾਜਾਈ ਦੀਆਂ ਸਹੂਲਤਾਂ ਤੇ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨਾ; ਸਮਾਰਟ ਸਰਵੇਲੈਂਸ, ਪਬਲਿਕ ਵਾਈ ਫਾਈ ਅਤੇ ਈ-ਗਵਰਨੈਂਸ ਜਿਹੀਆਂ ਤਕਨੀਕੀ ਗਤੀਵਿਧੀਆਂ ਨੂੰ ਉਤਸ਼ਾਹਤ ਕਰਨਾ, ਸਿਫਤੀ ਦੇ ਘਰ-ਅੰਮ੍ਰਿਤਸਰ ਸ਼ਹਿਰ ਵਿੱਚ ਰੋਜ਼ਾਨਾ ਇੱਕ ਲੱਖ ਤੋਂ ਵਧੇਰੇ ਸੈਲਾਨੀਆਂ ਦੀ ਆਮਦ ਨੂੰ ਧਿਆਨ ਵਿੱਚ ਰੱਖਦੇ ਹੋਏ ਸੈਲਾਨੀ-ਅਨੁਕੂਲ ਸਹੂਲਤਾਂ ਦੇਣੀਆਂ ਅਤੇ ਟੂਰਿਜ਼ਮ ਨੂੰ ਉਤਸ਼ਾਹਿਤ ਕਰਨਾ, ਆਦਿ।

ਅੰਮ੍ਰਿਤਸਰ ਵਿੱਚ ਸਮਾਰਟ ਸਿਟੀ ਪ੍ਰੋਜੈਕਟ ਨੂੰ ਚਲਾਉਣ ਲਈ ਅੰਮ੍ਰਿਤਸਰ ਸਮਾਰਟ ਸਿਟੀ ਲਿਮਟਿਡ ਏਜੰਸੀ ਵੱਲੋਂ ਸ਼ਹਿਰ ਵਿੱਚ ਵੱਖ ਵੱਖ ਪ੍ਰੋਜੈਕਟ ਸ਼ੁਰੂ ਕੀਤੇ ਗਏ, ਪਰ ਪ੍ਰੋਜੈਕਟਾਂ ਦੀ ਰਫਤਾਰ ਬੜੀ ਹਲਕੀ ਰਹੀ। ਉਪਲਬੱਧ ਜਾਣਕਾਰੀ ਅਨੁਸਾਰ ਖੇਤਰ ਆਧਾਰਤ ਵਿਕਾਸ ਅਧੀਨ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੀ ਸਫਾਈ, ਸੜਕਾਂ ਦਾ ਸੁੰਦਰੀਕਰਨ ਅਤੇ ਸਟਾਰਮ ਵਾਟਰ ਡਰੇਨੇਜ਼ ਲਈ 13 ਕਰੋੜ ਰੁਪਏ ਖਰਚੇ ਗਏ; 7.4 ਕਿਲੋਮੀਟਰ ਲੰਬੀ ਸੜਕ, ਜੋ ਵਾਲਡ ਸਿਟੀ ਨੂੰ ਇਤਿਹਾਸਕ ਦਰਵਾਜ਼ਿਆਂ ਨਾਲ ਜੋੜਦੀ ਹੈ। ਸੁੰਦਰੀਕਰਨ ਲਈ 133 ਕਰੋੜ ਖਰਚੇ ਗਏ, ਪਾਰਕਾਂ ਤੇ ਖੁੱਲ੍ਹੀਆਂ ਥਾਵਾਂ ਦੇ ਵਿਕਾਸ ਅਤੇ 17 ਪਾਰਕਾਂ ਦੇ ਸੁੰਦਰੀਕਰਨ ਉਤੇ 3.7 ਕਰੋੜ ਰੁਪਏ ਖਰਚੇ ਗਏ। ਪੈਨ ਸਿਟੀ ਵਿਕਾਸ ਲਈ ਇੰਟੀਗ੍ਰੇਟਿਡ ਕਮਾਂਡ ਐਂਡ ਕੰਟਰੋਲ ਸੈਂਟਰ, ਜਿਸ ਵਿੱਚ 409 ਥਾਵਾਂ 'ਤੇ 1168 ਸੀ.ਸੀ.ਟੀ.ਵੀ. ਕੈਮਰਿਆਂ ਅਤੇ 50 ਬੇਸ ਡਿਟੈਕਸ਼ਨ ਕੈਮਰਿਆਂ ਨਾਲ ਸੁਰੱਖਿਆਂ ਤੇ ਟਰੈਫਿਕ ਪ੍ਰਬੰਧਨ ਉਤੇ 19 ਕਰੋੜ ਰੁਪਏ ਰੱਖੇ ਗਏ। ਜੂਨ 2023 ਤੱਕ 890 ਕੈਮਰੇ ਸਥਾਪਤ ਹੋਏ ਅਤੇ 117 ਨੂੰ ਸੈਂਟਰ ਨਾਲ 12000 ਡੀਜ਼ਲ ਆਟੋ ਰਿਕਸ਼ਾ ਨੂੰ ਜੋੜਿਆ ਗਿਆ। ਈ-ਆਟੋ ਨਾਲ ਬਦਲਣ ਲਈ 75,000 ਰੁਪਏ ਪ੍ਰਤੀ ਆਟੋ ਸਬਸਿਡੀ ਉਤੇ 108.33 ਕਰੋੜ ਰੁਪਏ ਖਰਚੇ ਗਏ। 17 ਸਰਕਾਰੀ ਇਮਾਰਤਾਂ 'ਤੇ 140 ਕੇ.ਵੀ. ਸੋਲਰ ਪੈਨਲਾਂ ਉਤੇ 10 ਕਰੋੜ ਰੁਪਏ ਅਤੇ ਸ਼ਹਿਰ ਵਿੱਚ ਊਰਜਾ ਕੁਸ਼ਲ ਲਾਈਟਿੰਗ ਉਤੇ 35 ਕਰੋੜ ਰੁਪਏ ਖਰਚੇ ਜਾਣ ਦਾ ਅਨੁਮਾਨ ਹੈ। ਇਸ ਤੋਂ ਇਲਾਵਾ ਐਸੇ ਹੋਰ ਪ੍ਰੋਜੈਕਟ ਜਿਵੇਂ ਦਰਬਾਰ ਸਾਹਿਬ ਦੇ ਹੈਰੀਟੇਜ ਯਾਤਰਾ ਖੇਤਰ ਵਿੱਚ ਮੁਫਤ ਪਬਲਿਕ ਵਾਈ-ਫਾਈ ਦੀ ਸਹੂਲਤ, ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਵਾਟਰ ਮੀਟਰ ਏ.ਟੀ.ਐਮ. ਅਤੇ ਸੈਨੇਟਰੀ ਨੈਪਕਿਨ ਵੈਂਡਿੰਗ ਮਸ਼ੀਨਾਂ ਲਗਾਉਣ, ਸਫ਼ਾਈ ਅਤੇ ਸੁਰੱਖਿਆ ਪਬਲਿਕ ਥਾਵਾਂ 'ਤੇ ਬੋਤਲ ਕਰੱਸ਼ਰ ਮਸ਼ੀਨਾਂ ਅਤੇ ਫਾਇਰ ਫਾਈਟਿੰਗ ਸਾਜੋ-ਸਮਾਨ ਲਾਉਣਾ, ਬਰਲਟਨ ਪਾਰਕ ਵਿੱਚ ਸਪੋਰਟਸ ਹੱਬ ਅਧੀਨ ਨੌਜਵਾਨਾਂ ਲਈ ਖੇਡ ਸਹੂਲਤਾਂ ਉਪੱਲਬਧ ਕਰਵਾਉਣੀਆਂ ਸ਼ਾਮਲ ਹੈ।




ਪਬਲਿਕ ਡੋਮੇਨ ਵਿੱਚ ਉਪਲਬੱਧ ਜਾਣਕਾਰੀ ਅਨੁਸਾਰ ਮਾਰਚ 2025 ਤੱਕ 35 ਪ੍ਰੋਜੈਕਟਾਂ ਵਿੱਚੋਂ 29 ਪ੍ਰੋਜੈਕਟਾਂ ਉਤੇ 142.84 ਕਰੋੜ ਰੁਪਏ ਖਰਚ ਕਰਕੇ ਪ੍ਰੋਜੈਕਟ ਪੂਰੇ ਕੀਤੇ ਗਏ। ਸਰਕਾਰ ਵਲੋਂ 912 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਸਨ, ਪਰ ਸਿਰਫ 60 ਕਰੋੜ ਰੁਪਏ ਦੇ ਪ੍ਰੋਜੈਕਟ ਸ਼ੁਰੂ ਹੋਏ ਅਤੇ 600 ਕਰੋੜ ਰੁਪਏ ਦੇ ਪ੍ਰੋਜੈਕਟ ਟੈਂਡਰ ਪੜਾਅ 'ਤੇ ਸਨ। ਅਕਤੂਬਰ 2020 ਤੱਕ 32 ਪ੍ਰੋਜੈਕਟਾਂ ਵਿੱਚ ਸਿਰਫ 5 ਪੂਰੇ ਹੋਏ, 18 ਸ਼ੁਰੂ ਹੀ ਨਹੀਂ ਕੀਤੇ ਗਏ ਅਤੇ ਬਾਕੀ ਪ੍ਰੋਜੈਕਟ ਅਧੂਰੇ ਰਹੇ। ਸਰਕੂਲਰ ਰੋਡ ਸੁੰਦਰੀਕਰਨ, ਜਿਸ ਉਤੇ 36 ਕਰੋੜ ਰੁਪਏ ਖਰਚ ਹੋਣੇ ਸਨ, ਮਾਰਚ 2022 ਤੋਂ ਬਾਅਦ ਅਧੂਰਾ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਮੋਰਾਂ ਸਰਕਾਰ: ਕੰਜਰੀ ਤੋਂ ਮਹਾਰਾਣੀ ਦਾ ਸਫਰ

**ਪੈੜਾਂ**

**ਸੰਤੋਖ ਸਿੰਘ ਮੰਡੇਰ (ਕੈਨੇਡਾ)**
**ਵੱਟਸਐਪ: 604-505-7000**



ਮੋਰਾਂ ਸਰਕਾਰ, ਇੱਕ ਨੱਚਣ ਵਾਲੀ ਕੰਜਰੀ ਭਰ ਜੁਆਨ ਤੇ ਨਿਹਾਇਤ ਅੱਤ ਦੀ ਹੁਸੀਨ ਮੁਸਲਮਾਨ ਕੁੜੀ ਸੀ, ਜੋ ਸ਼ੇਰੇ ਪੰਜਾਬ ਲਾਹੌਰ ਖਾਲਸਾ ਦਰਬਾਰ ਦੇ ਇੱਕ ਅੱਖ ਵਾਲੇ ਤੇ ਛੋਟੇ ਕੱਦ ਦੇ ਭਰ ਜੁਆਨ ਸਿੱਖ ਬਾਦਸ਼ਾਹ ਮਹਾਰਾਜਾ ਰਣਜੀਤ ਸਿੰਘ ਦੇ ਮਨ ਵਿੱਚ ਖੁੱਭ ਗਈ ਸੀ। ਮੋਰਾਂ, ਜੋ ਬਹੁਤ ਵਾਦ-ਵਿਵਾਦ ਤੇ ਵਿਰੋਧ ਦੇ ਬਾਵਜੂਦ ਉਸ ਦੀ ਘਰਵਾਲੀ ਯਾਨੀ ਰਾਣੀ, ਫਿਰ ਮਹਾਰਾਣੀ ਸਾਹਿਬਾਂ ਤੇ ਆਖਰ 'ਮੋਰਾਂ ਸਰਕਾਰ' ਨਾਲ ਪਛਾਣ ਬਣਾ ਗਈ। ਜਿਸ ਮੋਰਾਂ ਸਰਕਾਰ ਦੇ ਨਾਂ ਦਾ ਸਿੱਕਾ ਵੀ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਨੇ ਚਲਾਇਆ, ਉਹ ਕੀ 'ਸ਼ੈ' ਸੀ?

ਮੋਰਾਂ ਅੰਮ੍ਰਿਤਸਰ ਸਾਹਿਬ ਦੇ ਨਜਦੀਕ 'ਵੱਲਾ ਪਿੰਡ' ਤੋਂ ਕਸਬਾ 'ਕੱਥੂ ਨੰਗਲ' ਨੂੰ ਜਾਂਦੀ ਸੜਕ ਉਪਰ ਪੈਂਦੇ ਪਿੰਡ 'ਫਤਿਹਗੜ ਸੁਕਰਚੱਕ' ਤੇ 'ਰਾਏਪੁਰ ਕਲਾਂ' ਵਿਚਕਾਰ ਪੈਂਦੇ ਇੱਕ ਛੋਟੇ ਜਿਹੇ ਪਿੰਡ 'ਮੱਖਣਵਿੰਡੀ' ਦੇ ਆਮ ਗਰੀਬ ਮੁਸਲਮਾਨ ਘਰ ਦੀ ਇੱਕ ਕੁੜੀ ਸੀ, ਜੋ ਅੱਲ੍ਹਾ ਵੱਲੋਂ ਨਿਹਾਇਤ ਹੀ ਖੂਬਸੂਰਤ ਤੇ ਅੰਤਾਂ ਦੀ ਨੱਚਣ ਵਾਲੀ ਕੰਜਰਾਂ ਦੇ ਘਰ ਜੰਮੀ ਕੰਜਰੀ 'ਡਾਂਸਰ' ਸੀ। ਮੁਸਲਮਾਨ ਕੁੜੀ ਮੋਰਾਂ ਦਾ ਜਨਮ 1781 ਦਾ ਮੰਨਿਆ ਜਾਂਦਾ ਹੈ, ਜਦੋਂ ਕਿ ਕਾਕਾ ਰਣਜੀਤ ਸਿੰਘ ਦਾ ਜਨਮ 1780 ਵਿੱਚ ਹੋਇਆ ਸੀ। ਸੰਨ 1801 ਵਿੱਚ ਗੁਜਰਾਂਵਾਲਾ ਦੀ ਸੁਕਰਚੱਕ ਮਿਸਲ ਦੇ ਸੰਧਾਵਾਲੀਆ ਜੱਟ ਸਿੱਖ ਖਾਨਦਾਨ ਦੇ ਲਾਜਵਾਬ ਸਿਪਾਹਸਾਲਾਰ ਤੇ ਘੋੜਸਵਾਰ, 21 ਸਾਲਾ ਨੌਜਵਾਨ ਸਿੱਖ ਸਰਦਾਰ ਕਾਕਾ ਰਣਜੀਤ ਸਿੰਘ ਨੂੰ ਲਾਹੌਰ ਵਾਸੀਆਂ ਨੇ ਬਿਨਾ ਕਿਸੇ ਜੰਗ ਯੁੱਧ ਦੇ 'ਸਰਕਾਰ ਖਾਲਸਾ ਜੀ' ਦਾ ਆਗੂ ਮੰਨ ਲਿਆ ਗਿਆ। 12 ਅਪਰੈਲ 1801 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਰਬਾਰ ਸਾਹਿਬ ਵਿੱਚ ਪੰਜਾਬ ਦੇ ਪਹਿਲੇ ਸਿੱਖ ਬਾਦਸ਼ਾਹ ਨੌਜਵਾਨ ਰਣਜੀਤ ਸਿੰਘ ਨੂੰ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੀੜ੍ਹੀਕਾਰ ਬਾਬਾ ਸਾਹਿਬ ਸਿੰਘ ਬੇਦੀ ਨੇ ਰਾਜ ਤਿਲਕ ਲਾਇਆ, ਜਿਸ ਨਾਲ 21 ਸਾਲਾਂ ਦੇ ਰਣਜੀਤ ਸਿੰਘ ਦੀ 'ਪੰਜਾਬ ਦੇ ਬਾਦਸ਼ਾਹ' ਵਜੋਂ ਤਾਜਪੋਸ਼ੀ ਹੋ ਗਈ। ਪੰਜਾਬ ਵਿੱਚ ਬੰਦਾ ਬਹਾਦਰ ਤੋਂ ਬਾਅਦ ਮੁਗਲ ਰਾਜ ਦੇ ਖਾਤਮੇ ਪਿੱਛੋਂ ਪਹਿਲੀ ਵਾਰ ਖਾਲਸ 'ਸਿੱਖ ਸਲਤਨਤ' ਹੋਂਦ ਵਿੱਚ ਆਈ। ਪੰਜਾਬ ਵਿੱਚ ਇਸ ਸਮੇਂ ਸਿੱਖਾਂ ਦੀ ਆਬਾਦੀ 10% ਸੀ, ਮੁਸਲਮਾਨ ਧਰਮ ਨੂੰ ਮੰਨਣ ਵਾਲੇ 80% ਸਨ ਅਤੇ 10% ਹਿੰਦੂ ਧਰਮ ਦੇ ਲੋਕ ਰਹਿੰਦੇ ਸਨ। ਆਮ ਲੋਕ ਪੰਜਾਬੀ ਤੇ ਫਾਰਸੀ ਬੋਲਦੇ ਸਨ, ਕੋਰਟ ਕਚਹਿਰੀਆਂ ਵਿੱਚ ਫਾਰਸੀ, ਡੋਗਰੀ, ਕਾਂਗੜੀ ਤੇ ਕਸ਼ਮੀਰੀ ਬੋਲੀ ਵਰਤੀ ਜਾਂਦੀ ਸੀ।

ਪੰਜਾਬ ਦਾ ਨੌਜਵਾਨ ਸਿੱਖ ਬਾਦਸ਼ਾਹ ਰਣਜੀਤ ਸਿੰਘ ਸਿੱਖ ਧਰਮ ਵਿੱਚ ਪੂਰਾ ਨਿਤਨੇਮੀ ਸੀ, ਪਰ ਮੁਸਲਮਾਨ ਸ਼ਾਸਕਾਂ ਵਾਂਗ ਕੱਟੜ ਬਿਲਕੁਲ ਨਹੀਂ ਸੀ। ਰਣਜੀਤ ਸਿੰਘ ਸਿੱਖ ਧਰਮ ਦੇ ਪਵਿਤਰ ਸਥਾਨ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਅਕਸਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਣਨ ਤੇ ਅਰਦਾਸ ਕਰਨ ਆਮ ਹੀ ਆਉਂਦਾ-ਜਾਂਦਾ ਰਹਿੰਦਾ ਸੀ। ਦਰਬਾਰ ਸਾਹਿਬ ਵਿੱਚ ਸੋਨੇ ਦੀ ਸੇਵਾ ਵੀ ਬਾਦਸ਼ਾਹ ਰਣਜੀਤ ਸਿੰਘ ਨੇ ਹੀ ਕਰਵਾਈ ਸੀ। ਪੰਜਾਬ ਦੇ ਬਾਦਸ਼ਾਹ ਨੇ ਆਪਣੇ ਆਰਾਮ ਤੇ ਮਨਪ੍ਰਚਾਵੇ ਲਈ ਲਾਹੌਰ ਤੇ ਅੰਮ੍ਰਿਤਸਰ ਦੇ ਰਾਹ ਉਪਰ ਅੰਮ੍ਰਿਤਸਰ ਤੋਂ 35 ਕਿਲੋਮੀਟਰ ਦੇ ਫਾਸਲੇ ਨਾਲ ਧਨੋਏ ਕਲਾਂ ਤੇ ਧਨੋਏ ਖੁਰਦ ਪਿੰਡਾਂ ਦੇ ਲਾਗੇ, ਲਾਹੌਰ ਦੇ ਸ਼ਾਲਾਮਾਰ ਬਾਗ ਵਰਗੀ ਇੱਕ ਸ਼ਾਨਦਾਰ ਅਰਾਮਗਾਹ (ਬਾਰਾਂਦਰੀ) ਬਣਵਾਈ, ਜੋ ਅੱਜ ਵੀ ਚੜ੍ਹਦੇ ਪੰਜਾਬ ਵਿੱਚ ਅਟਾਰੀ ਬਾਰਡਰ ਦੇ ਨਜ਼ਦੀਕ 'ਬਾਰਾਂਦਰੀ ਮਹਾਰਾਜਾ ਰਣਜੀਤ ਸਿੰਘ' ਦੇ ਨਾਂ ਨਾਲ ਟੂਰਿਸਟ ਪਲੇਸ ਹੈ, ਜੋ 'ਪੁਲ ਕੰਜਰੀ' ਦੇ ਨਾਂ ਨਾਲ ਵੀ ਮਸ਼ਹੂਰ ਹੈ।

ਇਸੇ ਸ਼ਾਨਦਾਰ ਬਾਰਾਂਦਰੀ-ਪੁਲ ਕੰਜਰੀ ਵਿੱਚ ਨੌਜਵਾਨ ਬਾਦਸ਼ਾਹ ਦਾ ਕਾਫਲਾ ਆਉਂਦੇ-ਜਾਂਦੇ ਕਈ ਕਈ ਦਿਨ ਰੁਕਦਾ, ਜਿਸ ਵਿੱਚ ਦਿਨ ਵੇਲੇ ਜਨਤਾ ਦਾ ਦਰਬਾਰ ਲਗਦਾ, ਫਰਿਆਦਾਂ ਸੁਣੀਆਂ ਜਾਂਦੀਆਂ, ਫੈਸਲੇ ਕੀਤੇ ਜਾਂਦੇ, ਸਜ਼ਾਵਾਂ ਹੁੰਦੀਆਂ। ਸ਼ਾਮ ਨੂੰ ਨੌਜਵਾਨ ਰਣਜੀਤ ਸਿੰਘ ਤੇ ਉਸ ਦੇ ਖਾਸਮਖਾਸ ਅਹਿਲਕਾਰਾਂ ਦੇ ਮਨਪ੍ਰਚਾਵੇ ਲਈ ਨੱਚਣ ਗਾਉਣ ਦਾ ਉਚੇਚਾ ਪ੍ਰੋਗਰਾਮ ਹੁੰਦਾ ਸੀ। ਇਸ ਬਾਰਾਂਦਰੀ ਵਿੱਚ ਲਾਹੌਰ, ਅੰਮ੍ਰਿਤਸਰ, ਸਿਆਲਕੋਟ, ਪਸਰੂਰ, ਬਟਾਲਾ, ਪਠਾਨਕੋਟ ਦੇ ਫਨਕਾਰ, ਸਾਰੰਗੀ ਵਾਦਕ, ਨਕਲੀਏ, ਨੱਚਣ ਗਾਉਣ ਵਾਲੀਆਂ ਤਵਾਇਫਾਂ-ਕੰਜਰੀਆਂ ਆਪੋ-ਆਪਣਾ ਪ੍ਰੋਗਰਾਮ ਪੇਸ਼ ਕਰਦੇ ਅਤੇ ਨੌਜਵਾਨ ਬਾਦਸ਼ਾਹ ਪਾਸੋਂ ਇਨਾਮ ਪ੍ਰਾਪਤ ਕਰਦੇ। ਇਲਾਕੇ ਦੇ ਪਿੰਡ ਮੱਖਣਵਿੰਡੀ ਦਾ 'ਮੀਆਂ ਸਮਦੂ' ਹੁਸਨਾਂ ਦੀ ਪਰੀ ਤੇ ਅੰਤਾਂ ਦੀ ਛੋਹਲੀ, ਤੇਜ਼ ਤਰਾਰ, ਹੁਸਨ ਦੀ ਮਲਕਾ, ਅੱਲ੍ਹੜ ਮੁਟਿਆਰ




> ***ਬੀ.ਬੀ.ਸੀ. ਲੰਡਨ ਨੇ ਪੰਜਾਬ ਦੀ ਸਿੱਖ ਸਲਤਨਤ ਨੂੰ ਸੰਸਾਰ ਦੀ ਸਭ ਤੋਂ ਵੱਧ ਲੋਕਪ੍ਰਿਆ ਸਰਕਾਰ ਦਾ ਦਰਜਾ ਦਿੱਤਾ ਹੈ, ਜਿਸ ਰਾਜ ਵਿੱਚ ਸਭ ਧਰਮਾਂ ਦੇ ਲੋਕ ਬਹੁਤ ਪਿਆਰ, ਸਤਿਕਾਰ ਤੇ ਬਿਨਾ ਭੇਦਭਾਵ ਦੇ ਰਹਿੰਦੇ ਸਨ। ਪੰਜਾਬ ਦੇ 40 ਸਾਲਾਂ ਦੇ ਸਿੱਖ ਰਾਜ ਵਿੱਚ ਕਿਸੇ ਅਪਰਾਧੀ ਨੂੰ ਫਾਂਸੀ ਜਾਂ ਮੌਤ ਦੀ ਸਜ਼ਾ ਨਹੀਂ ਦਿੱਤੀ ਗਈ।***

'ਮੋਰਾਂ' ਨੂੰ ਵੀ ਬਾਰਾਂਦਰੀ ਵਿੱਚ ਨੱਚਣ ਗਾਉਣ ਲਈ ਲੈ ਕੇ ਆਉਂਦਾ ਸੀ। ਮੀਆਂ ਸਮਦੂ ਤੇ ਮੋਰਾਂ ਅਕਸਰ ਆਪਣਾ ਕਾਰੋਬਾਰ ਅੰਮ੍ਰਿਤਸਰ ਹੀ ਕਰਦੇ ਸਨ, ਪਰ ਜਦੋਂ ਵੀ ਨੌਜਵਾਨ ਬਾਦਸ਼ਾਹ ਦਾ ਕਾਫਲਾ ਬਾਰਾਂਦਰੀ ਰੁਕਦਾ ਤਾਂ ਮੀਆਂ ਸਮਦੂ ਤੇ ਮੋਰਾਂ ਦੇ ਸਾਥੀਆਂ ਦੀ ਹਵਾ ਹੀ ਬਦਲ ਜਾਂਦੀ ਤੇ ਉਹ ਕਈ ਕਈ ਦਿਨ ਬਾਦਸ਼ਾਹ ਪੰਜਾਬ ਨੂੰ ਉਂਗਲਾਂ 'ਤੇ ਨਚਾਉਂਦੇ ਅਤੇ ਉਸ ਦੇ ਸਰਵਾਲੇ ਬਣ ਬਾਰਾਂਦਰੀ ਵਿੱਚ ਠਹਿਰਦੇ। ਇਸੇ ਬਾਰਾਂਦਰੀ ਵਿੱਚ 22 ਸਾਲਾਂ ਦਾ ਪੰਜਾਬ ਦਾ ਨੌਜਵਾਨ ਬਾਦਸ਼ਾਹ, ਸੰਧਾਵਾਲੀਆ ਮਿਸਲ ਦਾ ਸਰਦਾਰ ਰਣਜੀਤ ਸਿੰਘ, 21 ਸਾਲਾਂ ਦੀ ਇੱਕ ਮੁਸਲਿਮ ਤਵਾਇਫ-ਕੰਜਰੀ, ਨੱਚਣ ਵਾਲੀ ਗਰੀਬ ਘਰ ਦੀ ਕੁੜੀ 'ਮੋਰਾਂ' ਦਾ ਆਸ਼ਕ ਹੋ ਗਿਆ ਅਤੇ ਉਹਦੇ ਨਾਲ ਬਾਰਾਂਦਰੀ ਵਿੱਚ ਰਾਤਾਂ ਬਿਤਾਉਣ ਲੱਗਾ। ਜੱਟ ਸਿੱਖ ਰਣਜੀਤ ਸਿੰਘ ਨੇ ਇਸ਼ਕ ਤੇ ਹੁਸਨ ਵਿੱਚ ਦੀਵਾਨਾ ਹੋ ਕੇ ਮੋਰਾਂ ਨਾਲ ਵਿਆਹ ਕਰਵਾਉਣ ਦੀ ਗੱਲ ਕੀਤੀ, ਜੋ ਆਖਰ 'ਕਾਕਾ ਜੀ' ਤੋਂ ਭਾਰੀ ਲੈਣ-ਦੇਣ ਨਾਲ ਸਿਰੇ ਚੜ੍ਹੀ। ਸੰਨ 1802 ਵਿੱਚ ਆਖਰਕਾਰ ਆਸ਼ਿਕ ਕਾਕਾ ਰਣਜੀਤ ਸਿੰਘ ਨੇ ਵਿਚੋਲੇ ਪਾ ਕੇ ਮੋਰਾਂ ਨਾਲ ਲਾਹੌਰ ਦੇ ਸ਼ਾਲਾਮਾਰ ਬਾਗ ਵਿੱਚ ਬਹੁਤ ਹੀ ਸ਼ਾਨੋ ਸ਼ੌਕਤ ਨਾਲ ਨਿਕਾਹ ਕਰ ਲਿਆ, ਜਿਸ ਦਾ ਸਾਰਾ ਪ੍ਰਬੰਧ ਅਟਾਰੀ ਵਾਲੇ ਸਿੱਖ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਕੀਤਾ ਸੀ। ਮੋਰਾਂ ਦੇ ਖਾਨਦਾਨ ਵੱਲੋਂ ਅੰਮ੍ਰਿਤਸਰ ਦਾ ਰਹਿਣ ਵਾਲਾ ਇੱਕ ਅਮੀਰ ਤਾਰੀਨ ਨੋਬਲ ਮੁਸਲਿਮ ਵਪਾਰੀ 'ਜਨਾਬ ਸਾਮਾਦ ਜੋ ਕਸ਼ਮੀਰੀ' ਮੋਰਾਂ ਦਾ ਪਿਉ ਬਣਿਆ। ਕਾਕੀ ਮੋਰਾਂ ਤੇ ਕਾਕਾ ਰਣਜੀਤ ਸਿੰਘ ਦਾ ਨਿਕਾਹ ਅੰਮ੍ਰਿਤਸਰ ਸ਼ਹਿਰ ਵਿੱਚ ਮੀਆਂ ਸਾਮਾਦ ਦੀ ਸ਼ਾਨਦਾਰ ਹਵੇਲੀ ਵਿੱਚ ਹੀ ਹੋਇਆ। ਵਿਆਹ ਤੋਂ ਬਾਅਦ ਮੋਰਾਂ ਤੇ ਰਣਜੀਤ ਸਿੰਘ ਲਾਹੌਰ ਚਲੇ ਗਏ। ਸਿੱਖ ਜਥੇਦਾਰ ਅਕਾਲੀ ਫੂਲਾ ਸਿੰਘ ਨੇ ਨੌਜਵਾਨ ਮਹਾਰਾਜਾ ਰਣਜੀਤ ਸਿੰਘ ਨੂੰ ਸਿੱਖ ਧਰਮ ਦੀ ਪਰੰਪਰਾ ਦੇ ਉਲਟ ਇਹ ਨਾਜਾਇਜ਼ ਨਿਕਾਹ/ਵਿਆਹ ਕਰਵਾਉਣ ਲਈ ਕੋਰੜਿਆਂ ਦੀ ਸਜ਼ਾ ਵੀ ਲਾਈ ਸੀ। 'ਵਾਲਿਡ ਸਿਟੀ' ਜਾਂ ਅੰਦਰੂਨ ਲਾਹੌਰ ਵਿੱਚ ਰਣਜੀਤ ਸਿੰਘ ਨੇ ਨਵੀਂ ਦੁਲਹਨ ਰਾਣੀ ਮੋਰਾਂ ਲਈ ਪਹਿਲਾਂ ਹੀ ਇੱਕ ਬਹੁਤ ਖੂਬਸੂਰਤ ਹਵੇਲੀ, ਸ਼ਾਹ ਆਲਮ ਗੇਟ (ਸ਼ਾਲਮੀ ਦਰਵਾਜ਼ਾ) ਦੇ ਅੰਦਰ ਪਾਪੜ ਮੰਡੀ ਵਿੱਚ ਤਿਆਰ ਕਰਵਾ ਰੱਖੀ ਸੀ। ਲਾਹੌਰ ਦੀ ਇਸ ਸ਼ਾਨਦਾਰ ਹਵੇਲੀ ਵਿੱਚ 'ਮਹਾਰਾਣੀ ਮੋਰਾਂ ਸਾਹਿਬਾਂ' ਕਈ ਸਾਲ ਰਹੀ ਤੇ ਆਖਰ 'ਚ 'ਮੋਰਾਂ ਸਰਕਾਰ' ਦੇ ਨਾਂ ਨਾਲ ਜਾਣੀ ਗਈ।

ਮੋਰਾਂ ਸਰਕਾਰ ਅੰਤਾਂ ਦੀ ਬੁੱਧੀਮਾਨ ਔਰਤ ਸੀ, ਜੋ ਮਹਾਰਾਜਾ ਦੇ 'ਸਿੱਖ ਦਰਬਾਰ' ਦੀ ਇੱਕ ਵਿਸ਼ੇਸ਼ ਸਲਾਹਕਾਰ ਮੁਸਲਮਾਨ ਔਰਤ ਸੀ, ਜਿਸ ਨੂੰ ਅੰਗਰੇਜ਼ੀ ਵਿੱਚ 'ਫਿਲਨਥਰੋਪਿਕ' ਕਿਹਾ ਜਾਂਦਾ ਹੈ। ਮਹਾਰਾਜਾ ਸਿੱਖ ਰਾਜ ਦੇ ਗੁੰਝਲਦਾਰ ਤੇ ਪੇਚੀਦਾ ਮਸਲਿਆਂ ਵਿੱਚ ਅਖੀਰਲਾ ਫੈਸਲਾ 'ਮੋਰਾਂ ਸਰਕਾਰ' ਨਾਲ ਸਲਾਹ ਲੈ ਕੇ ਕਰਦਾ ਸੀ। ਮੋਰਾਂ ਸਰਕਾਰ ਦੇ ਗੁਣਾਂ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿੱਚ ਚਾਂਦੀ ਦਾ 'ਮੋਰਾਂ ਸ਼ਾਹੀ ਸਿੱਕਾ' ਵੀ ਚਲਾਇਆ। ਮੋਰਾਂ ਤੇ ਮਹਾਰਾਜਾ ਬ੍ਰਿਟਿਸ਼ ਭਾਰਤੀ ਸਾਮਰਾਜ ਵਿੱਚ ਹਿੰਦੂ ਤੀਰਥ ਇਸ਼ਨਾਨ ਕਰਨ ਬਨਾਰਸ ਦੀ ਸੈਰ ਲਈ ਵੀ ਗਏ।

ਲਾਹੌਰ ਦਾ ਪੁਰਾਣਾ ਸ਼ਾਲਮੀ ਦਰਵਾਜ਼ਾ, ਸਰਕੂਲਰ ਰੋਡ ਦੇ ਉਪਰ ਭਾਟੀ ਦਰਵਾਜ਼ਾ ਲੰਘ ਕੇ, ਲਾਹੌਰ ਰੇਲਵੇ ਸਟੇਸ਼ਨ ਨੂੰ ਜਾਂਦੇ ਹੋਏ, ਪੁਰਾਣੀ ਅਨਾਰਕਲੀ ਤੇ ਉਰਦੂ ਬਾਜ਼ਾਰ ਦਾ ਚੌਕ ਪਾਰ ਕਰ ਕੇ ਬਾਂਸ ਬਾਜ਼ਾਰ ਵਾਲੇ ਚੌਕ ਦੇ ਖੱਬੇ ਹੱਥ ਹੈ। 'ਚੌਕ ਸ਼ਾਲਮੀ' ਦੇ ਸੱਜੇ ਹੱਥ ਮਸਜਿਦ ਦੇ ਨਾਲ ਮੀਜਾਨ ਜ਼ੱਰਈ ਬੈਂਕ ਦੇ ਨਾਲ ਸ਼ੇਰਾਂ ਵਾਲੇ ਪਹਿਲਵਾਨਾਂ- ਬਹੀ ਪਹਿਲਵਾਨ, ਚਾਂਦ ਪਹਿਲਵਾਨ ਤੇ ਨੌਜਵਾਨ ਹਸਨ ਪਹਿਲਵਾਨ ਦਾ ਡੇਰਾ ਵੀ ਹੈ, ਜੋ ਇਸ ਖੁੱਲ੍ਹੇ ਹਾਤੇ ਵਿੱਚ ਪਹਿਲਵਾਨੀ ਦੇ ਅਖਾੜੇ ਵਿੱਚ ਕੁਸ਼ਤੀ ਕਰਨ ਦੇ ਨਾਲ 'ਆਜ਼ਾਦ ਪਾਕਿਸਤਾਨ ਗੁਡਜ਼ ਟਰਾਂਸਪੋਰਟ' ਦੇ ਨਾਂ ਨਾਲ ਪੂਰੇ ਪਾਕਿਸਤਾਨ ਵਿੱਚ ਸਮਾਨ ਦੀ ਢੋਆ ਢੁਆਈ ਦਾ ਕਾਰੋਬਾਰ ਕਰਦੇ ਹਨ। ਮੇਰਾ ਤੇ ਜਲੰਧਰ ਦੇ ਰੁਸਤਮੇ ਹਿੰਦ ਪਹਿਲਵਾਨ, ਸਾਬਕਾ ਆਈ.ਜੀ. ਪੰਜਾਬ ਪੁਲਿਸ ਸਰਦਾਰ ਕਰਤਾਰ ਸਿੰਘ ਦਾ ਲਾਹੌਰ ਵਿੱਚ ਰਹਿਣ ਸਮੇਂ 'ਮੰਜੇ ਬਿਸਤਰੇ ਤੇ ਖਾਣ ਪੀਣ' ਦਾ ਇੰਤਜ਼ਾਮ ਵੀ ਇਸੇ ਡੇਰੇ ਵਿੱਚ ਹੁੰਦਾ ਹੈ। ਦੁਆਬੇ ਦੇ ਜੱਟ ਭੱਜਣ ਵਾਲੇ ਨਾਗੌਰੀ ਬਲਦ ਪਾਲਦੇ ਹਨ ਤੇ ਲਾਹੌਰ ਦੇ ਕਸ਼ਮੀਰੀ ਬੱਟਾਂ ਦਾ ਡੇਰਾ ਜੰਗਲੀ ਖੂੰਖਾਰ ਸ਼ੇਰ ਰੱਖਣ ਦਾ ਸ਼ੌਕੀਨ ਹੈ। ਅੰਦਰੂਨ ਲਾਹੌਰ ਦੇ ਸ਼ਾਲਮੀ ਦਰਵਾਜ਼ੇ ਦੇ ਅੰਦਰ ਖੱਬੇ ਹੱਥ ਪਾਪੜ ਮੰਡੀ ਵਿੱਚ 'ਮਸਜਿਦ-ਏ-ਤਵਾਇਫਾਂ' 'ਮਸਜਿਦ ਮੋਰਾਂ' ਹੁਣ 'ਮਾਈ ਮੋਰਾਂ ਦੀ ਮਸਜਿਦ' ਹਾਲੀ ਵੀ ਮੌਜੂਦ ਹੈ। ਸੱਜੇ ਹੱਥ 'ਵਾਲਿਡ ਸਿਟੀ ਲਾਹੌਰ' ਦੇ ਸ਼ਾਹ ਆਲਮ ਹੁਣ 'ਸ਼ਾਲਮੀ ਦਰਵਾਜ਼ੇ' ਅੰਦਰ ਇਰਾਨ ਦੇ ਸ਼ਹਿਰ ਤਬਰੀਜ ਵਿੱਚ ਧਰਤੀ ਅੰਦਰ ਬਣੇ ਏਸ਼ੀਆ ਦੇ ਖੂਬਸੂਰਤ ਤੇ ਅਨੋਖੇ 'ਤਬਰੀਜ ਬਾਜ਼ਾਰ' ਵਾਂਗ ਲਾਹੌਰ ਦੇ ਭੀੜੇ ਤੰਗ ਬਾਜ਼ਾਰਾਂ ਵਿੱਚ ਮੀਂਹ ਹਨੇਰੀ ਤੇ ਧੁੱਪ ਠੰਢ ਤੋਂ ਬਚਣ ਲਈ ਪਰਛੱਤੀਆਂ ਤੇ ਟੀਨ ਦੀਆਂ ਚਾਦਰਾਂ ਨਾਲ ਢਕੀ ਬੱਰ-ਏ-ਸਗੀਰ-ਹਿੰਦ ਮਹਾਂਦੀਪ ਦੀ ਰਾਜਧਾਨੀ ਦਿੱਲੀ ਦੇ ਬਾਜ਼ਾਰਾਂ/ਮਾਰਕੀਟਾਂ ਵਰਗੀ 'ਸ਼ਾਲਮੀ ਮਾਰਕੀਟ' ਹੈ, ਜਿੱਥੋਂ ਦੇ ਬਾਜ਼ਾਰਾਂ ਵਿੱਚ ਦੁਨੀਆਂ ਦੀ ਹਰ ਨਕਲੀ ਤੇ ਅਸਲੀ ਚੀਜ਼ ਬੜੇ ਵਾਜਿਬ ਦਾਮ ਨਾਲ ਮਿਲਦੀ ਹੈ।

ਸੰਨ 1811 ਵਿੱਚ ਮੋਰਾਂ ਸਰਕਾਰ 11 ਸਾਲਾਂ ਬਾਅਦ ਲਾਹੌਰ ਤੋਂ ਰੁਖਸਤ ਹੋ ਕੇ ਪਠਾਨਕੋਟ ਇੱਕ ਹਵੇਲੀ ਵਿੱਚ ਚਲੀ ਗਈ ਅਤੇ ਉਥੇ ਹੀ ਬਿਨਾ ਕਿਸੇ ਔਲਾਦ ਦੇ ਸੰਨ 1862 ਵਿੱਚ 81 ਸਾਲ ਦੀ ਸ਼ਾਹੀ ਉਮਰ ਭੋਗ ਕੇ ਅੱਲ੍ਹਾ ਨੂੰ ਪਿਆਰੀ (ਫੌਤ) ਹੋ ਗਈ। ਮਹਾਰਾਜਾ ਰਣਜੀਤ ਸਿੰਘ ਨੇ 39 ਸਾਲ ਇੱਕ ਵੱਡੇ ਪੰਜਾਬ ਉਪਰ ਖਾਲਸਾਈ ਰਾਜ ਕੀਤਾ। ਸੰਨ 1839 'ਚ 59 ਸਾਲ ਦੀ ਉਮਰ ਵਿੱਚ ਪੰਜਾਬ ਦਾ ਸਿੱਖ ਮਹਾਰਾਜਾ ਸਦਾ ਲਈ ਪਰਲੋਕ ਸਿਧਾਰ ਗਿਆ।

ਬੀ.ਬੀ.ਸੀ. ਲੰਡਨ ਨੇ ਪੰਜਾਬ ਦੀ ਸਿੱਖ ਸਲਤਨਤ ਨੂੰ ਸੰਸਾਰ ਦੀ ਸਭ ਤੋਂ ਵੱਧ ਲੋਕਪ੍ਰਿਆ ਸਰਕਾਰ ਦਾ ਦਰਜਾ ਦਿੱਤਾ ਹੈ, ਜਿਸ ਰਾਜ ਵਿੱਚ ਸਭ ਧਰਮਾਂ ਦੇ ਲੋਕ ਬਹੁਤ ਪਿਆਰ, ਸਤਿਕਾਰ ਤੇ ਬਿਨਾ ਭੇਦਭਾਵ ਦੇ ਰਹਿੰਦੇ ਸਨ। ਪੰਜਾਬ ਦੇ 40 ਸਾਲਾਂ ਦੇ ਸਿੱਖ ਰਾਜ ਵਿੱਚ ਕਿਸੇ ਅਪਰਾਧੀ ਨੂੰ ਫਾਂਸੀ ਜਾਂ ਮੌਤ ਦੀ ਸਜ਼ਾ ਨਹੀਂ ਦਿੱਤੀ ਗਈ। ਮੋਰਾਂ ਸਰਕਾਰ ਨੇ ਸਿੱਖ ਸਲਤਨਤ (ਰਾਜ) ਵਿੱਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਚਹੇਤੀ ਤੇ ਜਹੀਨ (ਸਮਝਦਾਰ) ਮਹਾਰਾਣੀ ਹੋਣ ਦਾ ਮਾਣ ਪ੍ਰਾਪਤ ਕੀਤਾ। ਮਹਾਰਾਜਾ ਰਣਜੀਤ ਸਿੰਘ ਮੋਰਾਂ ਸਰਕਾਰ ਨੂੰ ਸ਼ਾਹੀ ਪ੍ਰਸਾਦੀ ਹਾਥੀ ਦੇ ਦੰਦਾਂ ਨਾਲ ਲਾਲਟੈਣਾਂ ਬੰਨ ਕੇ, ਹੀਰੇ ਮੋਤੀਆਂ ਨਾਲ ਜੜੇ ਸੁਨਹਿਰੀ ਹੌਦੇ ਵਿੱਚ ਬੈਠਾ ਕੇ ਰਾਤਾਂ ਨੂੰ ਅੰਦਰੂਨ ਲਾਹੌਰ ਦੇ ਬਾਜ਼ਾਰਾਂ ਵਿੱਚ ਤਫਰੀ (ਸੈਰ) ਕਰਵਾਉਂਦਾ ਹੁੰਦਾ ਸੀ। ਮਹਾਰਾਜਾ ਰਣਜੀਤ ਸਿੰਘ ਹਰ ਸੋਹਣੀ ਵਸਤੂ ਤੇ ਸੁੰਦਰ ਸ਼ੈ ਦਾ ਅੱਤ ਦਾ ਸ਼ੌਕੀਨ ਸੀ। ਉਸ ਦੇ ਹਰਮ-ਜਨਾਨਖਾਨੇ ਵਿੱਚ 20 ਰਾਣੀਆਂ, ਰਾਣੀ ਮਹਿਤਾਬ ਕੌਰ, ਰਾਜ ਕੌਰ, ਰਤਨ ਕੌਰ, ਦਿਆ ਕੌਰ, ਜਿੰਦ ਕੌਰ ਤੇ ਮਹਾਰਾਣੀਆਂ, ਬੇਗਮਾਂ, ਪਹਾੜਨ ਦੇਵੀਆਂ ਤੇ ਠੁਕਰਾਣੀਆਂ ਦੇ ਨਾਲ 23 ਹੋਰ ਸ਼ਾਹੀ ਔਰਤਾਂ ਵੀ ਸਨ, ਜਿਨ੍ਹਾਂ ਵਿੱਚੋਂ ਕੁਝ 'ਤੇ ਬਾਦਸ਼ਾਹ ਨੇ 'ਚਾਦਰ' ਪਾਈ ਹੋਈ ਸੀ।

ਇੱਕ ਅੱਖ ਵਾਲੇ ਬਦਸੂਰਤ ਪਰ ਪੰਜਾਬ ਦੀ ਖੂਬਸੂਰਤ ਪਰਜਾ ਦਾ ਸੱਚਾ ਸੁੱਚਾ ਨਿਆਂਪਾਲਿਕ ਸਿੱਖ ਬਾਦਸ਼ਾਹ ਰਣਜੀਤ ਸਿੰਘ ਅਤੇ ਹੁਸਨ ਦੀ ਮਲਿਕਾ ਤੇ ਮਹਾਨ ਬੁੱਧੀ ਦੀ ਮਾਲਿਕ 'ਮੋਰਾਂ ਸਰਕਾਰ' ਦੀਆਂ ਅਣਗਿਣਤ ਬਖਸ਼ਿਸਾਂ ਦਾ ਵਰਨਣ ਸ਼ੇਰੇ ਪੰਜਾਬ ਦਾ ਮੁਸਲਿਮ ਵਜ਼ੀਰ ਫਕੀਰ ਅਜੀਜਊਦੀਨ ਆਪਣੀ ਫਾਰਸੀ ਦੀ ਹੱਥ ਲਿਖਤ 'ਮਹਾਰਾਜਾ ਰਣਜੀਤ ਸਿੰਘ ਦਾ ਅਸਲੀ ਰੂਪ' ਵਿੱਚ ਖੁੱਲ੍ਹ ਕੇ ਕਰਦਾ ਹੈ। 18ਵੀਂ ਸਦੀ ਵਿੱਚ ਖਾਲਸਾ ਫੌਜਾਂ ਵਿੱਚ ਇੱਕ ਮੁਸਲਮਾਨ ਸੂਹੀਆ (ਖੁਫੀਆ ਜਾਸੂਸ) ਕਾਜੀ ਨੂਰ ਮੁਹੰਮਦ, ਪਰਸ਼ੀਅਨ ਕਵੀ ਸਿੱਖਾਂ ਦੇ ਭੇਸ ਵਿੱਚ, ਸਿੱਖਾਂ ਦੀਆਂ ਲਾਸਾਨੀ ਬਹਾਦਰੀਆਂ ਤੇ ਕੁਰਬਾਨੀਆਂ ਦਾ ਵਰਨਣ ਆਪਣੀ ਲਿਖਤ 'ਜੰਗਨਾਮਾ' ਵਿੱਚ ਆਪਣੇ ਸ਼ਬਦਾਂ ਰਾਹੀਂ ਕਰਦਾ ਨਹੀਂ ਥੱਕਦਾ।

## ਸਿਫ਼ਤੀ ਦਾ ਘਰ: ਇਤਿਹਾਸਕ ਅਤੇ ਸੱਭਿਆਚਾਰਕ ਮਹੱਤਤਾ

ਪਿਆ ਹੈ। ਕੈਰੋਂ ਮਾਰਕਿਟ ਅਤੇ ਮੱਛੀ ਮੰਡੀ ਵਿੱਚ ਮਲਟੀ ਸਟੋਰੀ ਪਾਰਕਿੰਗ 2018 ਤੋਂ ਟੈਂਡਰ ਪੜਾਅ 'ਤੇ ਅਟਕੇ ਪਏ ਹਨ। ਲਗਭਗ ਐਸਾ ਹੀ ਹਾਲ ਸਮਾਰਟ ਸਿਟੀ ਜਲੰਧਰ ਅਤੇ ਲੁਧਿਆਣਾ ਦੇ ਸਮਾਰਟ ਪ੍ਰੋਜੈਕਟਾਂ ਦਾ ਹੈ।

ਸਮਾਰਟ ਸਿਟੀ ਅੰਮ੍ਰਿਤਸਰ ਪ੍ਰੋਜੈਕਟਾਂ ਦੀ ਹੌਲੀ ਰਫਤਾਰ ਕਾਰਨ ਅਕਤੂਬਰ 2020 ਤੱਕ ਸਿਰਫ 12.1% ਹੀ ਪੂਰੇ ਹੋਏ; ਕਾਰਨ ਰਾਜ ਸਰਕਾਰ ਅਤੇ ਸਥਾਨਕ ਸਰਕਾਰ ਵੱਲੋਂ ਫੰਡਿਗ ਵਿੱਚ ਦੇਰੀ, ਸਿਆਸੀ ਤੇ ਪ੍ਰਬੰਧਕੀ ਸਮੱਸਿਆਵਾਂ ਅਤੇ ਸਥਾਨਕ ਲੋਕਾਂ ਦੀ ਸਹਿਭਾਗਿਰਤਾ ਦੀ ਕਮੀ ਨੇ ਸਮਾਰਟ ਸਿਟੀ ਪ੍ਰੋਜੈਕਟ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਅੰਮ੍ਰਿਤਸਰ ਸਮਾਰਟ ਸਿਟੀ ਪ੍ਰੋਜੈਕਟ ਨੇ ਸੋਲਰ ਪੈਨਲ, ਐਲ.ਈ.ਡੀ. ਲਾਈਟਾਂ ਅਤੇ ਕੁਝ ਹੋਰ ਪ੍ਰੋਜੈਕਟਾਂ ਵਿੱਚ ਵਿਕਾਸ ਦਿਖਾਈ ਦਿੱਤਾ, ਪਰ ਵੱਡੇ ਪ੍ਰੋਜੈਕਟਾਂ ਜਿਵੇਂ ਇੰਟੀਗ੍ਰੇਟਿਡ ਕਮਾਂਡ ਐਂਡ ਕੰਟਰੋਲ ਸੈਂਟਰ ਸਰਕੂਲਰ ਰੋਡ ਅਤੇ ਮਲਟੀ ਲੈਵਲ ਪਾਰਕਿੰਗ ਅਧੂਰੇ ਰਹੇ। ਸ਼ਹਿਰ ਵਿੱਚ ਵਾਟਰ ਲੌਗਿੰਗ, ਗੰਦਗੀ ਅਤੇ ਟਰੈਫ਼ਿਕ ਵਰਗੀਆਂ ਸਮੱਸਿਆ ਅਜੇ ਵੀ ਜਾਰੀ ਹਨ। ਸਿਫਤੀ ਦਾ ਘਰ-ਅੰਮ੍ਰਿਤਸਰ ਸ਼ਹਿਰ ਸਫ਼ਾਈ, ਸੁੰਦਰੀਕਰਨ, ਟਰੈਫਿਕ ਪ੍ਰਬੰਧਕ, ਆਈ.ਟੀ. ਹੱਬ, ਵੇਸਟ ਮੈਨੇਜਮੈਂਟ ਆਦਿ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਹੈ।

ਅੰਮ੍ਰਿਤਸਰ ਦਾ ਇੰਟੀਗ੍ਰੇਟਿਡ ਕਮਾਂਡ ਐਂਡ ਕੰਟਰੋਲ ਸੈਂਟਰ, ਜੋ ਅੰਮ੍ਰਿਤਸਰ ਸਮਾਰਟ ਸਿਟੀ ਮਿਸ਼ਨ ਦਾ ਇੱਕ ਮਹੱਤਵਪੂਰਨ ਹਿੱਸਾ ਸੀ, ਜਿਸਦਾ ਮੁੱਖ ਉਦੇਸ਼ ਸ਼ਹਿਰ ਦੀ ਸੁਰੱਖਿਆ, ਟਰੈਫਿਕ ਪ੍ਰਬੰਧਨ ਤੇ ਨਾਗਰਿਕ ਸਹੂਲਤਾਂ ਦੀ ਨਿਗਰਾਨੀ ਲਈ ਇੱਕ ਕੇਂਦਰੀਕ੍ਰਿਤ ਅਤੇ ਤਕਨੀਕੀ ਤੌਰ 'ਤੇ ਉਨਤ ਪਲੈਟਫਾਰਮ ਸਥਾਪਤ ਕਰਨਾ ਸੀ, ਪਰ ਸਮੇਂ ਦੀ ਦੇਰੀ, ਸਥਾਨਕ ਵਿਰੋਧ, ਸਿਆਸੀ ਅਵੇਸਲੇਪਨ, ਪ੍ਰਬੰਧਕੀ ਸਮੱਸਿਆਵਾਂ ਕਾਰਨ ਇਸ ਨੂੰ ਪੂਰਾ ਲਾਭ ਨਹੀਂ ਮਿਲ ਸਕਿਆ। ਸਮਾਰਟ ਸਿਟੀ ਮਿਸ਼ਨ ਦੀ ਮਿਆਦ ਮਾਰਚ 2025 ਵਿੱਚ ਖਤਮ ਹੋਣ ਦੇ ਬਾਵਜੂਦ ਇੰਟੀਗ੍ਰੇਟਿਡ ਕਮਾਂਡ ਐਂਡ ਕੰਟਰੋਲ ਸੈਂਟਰ ਦੀ ਸਫਲਤਾ ਲਈ ਸਰਕਾਰ ਨੂੰ ਤਕਨੀਕੀ ਅਤੇ ਸਮਾਜਿਕ ਚੁਣੌਤੀਆਂ ਨੂੰ ਹੱਲ ਕਰਨ 'ਤੇ ਜ਼ੋਰ ਦੇਣਾ ਚਾਹੀਦਾ ਹੈ, ਕਿਉਂਕਿ ਇਹ ਸੈਂਟਰ ਕ੍ਰਾਈਮ ਐਂਡ ਕ੍ਰਿਮੀਨਲ ਟਰੈਕਿੰਗ ਨੈਟਵਰਕ ਐਂਡ ਸਿਸਟਮ, ਗ੍ਰਹਿ ਮੰਤਰਾਲਾ, ਭਾਰਤ ਸਰਕਾਰ ਦੇ ਨੈਟਵਰਕ ਨਾਲ ਜੋੜਿਆ ਗਿਆ ਹੈ, ਜੋ ਅਪਰਾਧੀਆਂ ਦੀ ਟਰੈਕਿੰਗ ਅਤੇ ਸੁਰੱਖਿਆ ਵਿੱਚ ਸਹਾਇਤਾ ਕਰਦਾ ਹੈ। ਮਹਾਂਮਾਰੀ ਕੋਵਿਡ-19 ਵੇਲੇ ਇਸ ਸੈਂਟਰ ਨੂੰ ਵਾਰਰੂਮ ਵਜੋਂ ਵਰਤਿਆ ਗਿਆ ਅਤੇ ਇਸਦੇ ਨਾਲ ਹੀ ਇਸ ਨੂੰ ਸ਼ਹਿਰ ਦੀਆਂ ਸਮਾਰਟ ਸੇਵਾਵਾਂ ਜਿਵੇਂ ਐਲ.ਈ.ਡੀ. ਸਟਰੀਟ ਲਾਈਟਸ, ਸਮਾਰਟ ਪਾਰਕਿੰਗ, ਵਾਈ-ਫਾਈ, ਪਾਣੀ ਅਤੇ ਬਿਜਲੀ ਸਪਲਾਈ ਟਰੈਫਿਕ ਪ੍ਰਬੰਧਨ, ਸਫ਼ਾਈ ਪ੍ਰਬੰਧਾਂ ਦੀ ਨਿਗਰਾਨੀ ਆਦਿ ਲਈ ਇੱਕ ਕੇਂਦਰੀ ਪਲੈਟਫਾਰਮ ਵਜੋਂ ਕੰਮ ਕਰਦਾ ਹੈ।

50 ਮੁੱਖ ਚੌਕਾਂ 'ਤੇ ਅਲਰਟ ਸਿਸਟਮ ਸਥਾਪਤ ਕਰਨ ਦੀ ਯੋਜਨਾ, ਜੋ ਕੁਦਰਤੀ ਆਫ਼ਤਾਂ ਅਤੇ ਐਮਰਜੈਂਸੀ ਸਥਿਤੀਆਂ ਵਿੱਚ ਜਾਣਕਾਰੀ ਦੇਣ ਲਈ ਵਰਤਿਆ ਜਾਵੇਗਾ। 50 ਫੇਸ ਡਿਟੈਕਸ਼ਨ ਕੈਮਰੇ ਸ਼ਹਿਰ ਵਿੱਚ ਅਪਰਾਧੀਆਂ ਦੀ ਪਛਾਣ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਲਗਾਏ ਜਾਣੇ ਸਨ। ਸੈਂਟਰ, ਟਰੈਫਿਕ ਪ੍ਰਬੰਧਨ ਲਈ ਇੰਟੈਲੀਜੈਂਸ ਟਰੈਫਿਕ ਮੈਨੇਜਮੈਂਟ ਸਿਸਟਮ ਨੂੰ ਵਧੇਰੇ ਉਪਯੋਗੀ ਬਣਾਵੇਗਾ। ਉਪੱਲਬਧ ਸੂਚਨਾ ਅਨੁਸਾਰ ਇਸ ਸੈਂਟਰ ਦੀ ਸਥਾਪਨਾ ਲਈ 110 ਕਰੋੜ ਰੁਪਏ ਖਰਚੇ ਗਏ। ਇਸ ਪ੍ਰੋਜੈਕਟ ਦੀ ਸ਼ੁਰੂਆਤ ਅਕਤੂਬਰ 2022 ਵਿੱਚ ਹੋਈ, ਪਰ ਅਗਸਤ 2024 ਦੀ ਮਿਆਦ ਤੱਕ ਇਹ ਅਧੂਰਾ ਰਿਹਾ।

ਅੰਮ੍ਰਿਤਸਰ ਸਮਾਰਟ ਸਿਟੀ ਮਿਸ਼ਨ ਦੇ ਅਧੀਨ ਸਮਾਰਟ ਪਾਰਕਿੰਗ ਸਿਸਟਮ ਸ਼ਹਿਰ ਵਿੱਚ ਟਰੈਫਿਕ ਭੀੜ ਅਤੇ ਪਾਰਕਿੰਗ ਸਮੱਸਿਆਵਾਂ ਨੂੰ ਹੱਲ ਕਰਨ ਲਈ ਇੱਕ ਮਹੱਤਵਪੂਰਨ ਪਹਿਲਕਦਮੀ ਸੀ। ਅੰਮ੍ਰਿਤਸਰ ਵਿੱਚ ਵਧਦੀ ਮੋਟਰ ਗੱਡੀਆਂ ਦੀ ਸੰਖਿਆ ਅਤੇ ਸੀਮਤ ਪਾਰਕਿੰਗ ਸਥਾਨਾਂ ਖਾਸ ਕਰ ਵਾਲਡ ਸਿਟੀ ਅਤੇ ਦਰਬਾਰ ਸਾਹਿਬ, ਦੁਰਗਿਆਨਾ ਮੰਦਰ ਤੇ ਹੋਰ ਅਹਿਮ ਸਥਾਨਾਂ ਦੇ ਨੇੜੇ ਸਮਾਰਟ ਪਾਰਕਿੰਗ ਸਿਸਟਮ ਨੂੰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾਵੇ। ਸਿਫਤੀ ਦੇ ਘਰ- ਅੰਮ੍ਰਿਤਸਰ ਦੀ ਇਤਿਹਾਸਕ ਤੇ ਸੱਭਿਆਚਾਰਕ ਮਹੱਤਤਾ ਨੂੰ ਵੇਖਦਿਆਂ ਇਸ ਨੂੰ ਸਫ਼ਲ ਸਮਾਰਟ ਸਿਟੀ ਬਣਾਉਣ ਦੀ ਬੇਹਦ ਲੋੜ ਹੈ।

# ਜਿਨ੍ਹਾਂ ਦੇ ਹੌਸਲੇ ਅੱਗੇ ਸਮੱਸਿਆਵਾਂ ਹਾਰ ਗਈਆਂ...

ਜਾਣਕਾਰੀ

ਅਸ਼ਵਨੀ ਚਤਰਥ
ਫੋਨ:+91-6284220595



## ਸਮਾਜ ਲਈ ਪ੍ਰੇਰਨਾ-ਸਰੋਤ ਬਣਿਆ ਨੋਲੈਂਡ ਅਰਬਾਘ

ਕਈ ਵਾਰ ਜ਼ਿੰਦਗੀ ਵਿੱਚ ਅਜਿਹੀਆਂ ਕੁਝ ਸ਼ਖ਼ਸੀਅਤਾਂ ਵੇਖਣ-ਸੁਣਨ ਨੂੰ ਮਿਲਦੀਆਂ ਹਨ, ਜੋ ਸਮੁੱਚੀ ਦੁਨੀਆ ਲਈ ਪ੍ਰੇਰਨਾ-ਸਰੋਤ ਹੋ ਨਿਬੜਦੀਆਂ ਹਨ। ਨਿਕ ਵੂਜੀਸਿਕ (NICK VUJICIC) ਅਜਿਹੀ ਹੀ ਇੱਕ ਸ਼ਖ਼ਸੀਅਤ ਹੈ, ਜੋ ਦੁਨੀਆ ਦੇ ਕਰੋੜਾਂ ਲੋਕਾਂ, ਖ਼ਾਸ ਕਰਕੇ ਅਪਾਹਜਾਂ ਲਈ ਪ੍ਰੇਰਨਾ-ਸਰੋਤ ਬਣਿਆ ਹੋਇਆ ਹੈ। ਉਹ ਜਨਮ ਤੋਂ ਹੀ ਇੱਕ ਅਜਿਹੀ ਬਿਮਾਰੀ ਨਾਲ ਪੀੜਤ ਹੈ, ਜਿਸ ਕਰਕੇ ਉਸ ਦੀਆਂ ਲੱਤਾਂ ਅਤੇ ਬਾਹਾਂ ਨਹੀਂ ਹਨ-ਭਾਵ ਉਸ ਦਾ ਜਨਮ ਹੀ ਲੱਤਾਂ-ਬਾਹਾਂ ਤੋਂ ਬਗੈਰ ਹੋਇਆ ਸੀ। ਸਰੀਰਕ ਤੌਰ 'ਤੇ ਇੰਨੀ ਵੱਡੀ ਘਾਟ (ਅਪਾਹਜਤਾ) ਹੋਣ ਦੇ ਬਾਵਜੂਦ ਉਹ ਇੱਕ ਜ਼ਬਰਦਸਤ 'ਪ੍ਰੇਰਨਾਮਈ ਬੁਲਾਰਾ' ਹੈ, ਜਿਸ ਨੂੰ ਸੁਣਨ ਲਈ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੁੰਦੇ ਹਨ। ਦੁਨੀਆ ਦੇ ਕਰੋੜਾਂ ਲੋਕ ਉਸ ਦੇ 'ਫੈਨ' ਭਾਵ ਪ੍ਰਸ਼ੰਸਕ ਹਨ। ਇਸੇ ਤਰ੍ਹਾਂ ਸਟੀਫ਼ਨ ਹਾਕਿੰਗ (STEPHEN HAWKING) ਇੰਗਲੈਂਡ ਦਾ ਇੱਕ ਮਸ਼ਹੂਰ ਵਿਗਿਆਨੀ ਸੀ, ਜਿਸ ਵੱਲੋਂ ਕੀਤੀਆਂ ਗਈਆਂ ਖੋਜਾਂ ਆਉਣ ਵਾਲੇ ਵਿਗਿਆਨੀਆਂ ਲਈ ਰਾਹ ਦਸੇਰਾ ਬਣੀਆਂ ਰਹਿਣਗੀਆਂ। ਉਸ ਦੀ 'ਸਰੀਰਕ ਅਪਾਹਜਤਾ' ਦੇ ਹੁੰਦਿਆਂ ਵੀ ਉਸ ਨੇ ਇਸ ਨੂੰ ਕਦੇ ਆਪਣੀਆਂ ਵਿਗਿਆਨਕ ਖੋਜਾਂ ਦੇ ਰਸਤੇ ਵਿੱਚ ਰੋੜਾ ਨਹੀਂ ਸੀ ਬਣਨ ਦਿੱਤਾ। ਇਸੇ ਤਰ੍ਹਾਂ ਜੌਹਨ ਨੈਸ਼ (JOHN NASH) ਅਮਰੀਕਾ ਦਾ ਅਰਥਸ਼ਾਸਤਰ ਅਤੇ ਹਿਸਾਬ ਦੇ ਵਿਸ਼ਿਆਂ ਦਾ ਇੱਕ ਉਘਾ ਪ੍ਰੋਫ਼ੈਸਰ ਤੇ ਖੋਜੀ ਸੀ। ਪੈਰਾਨੋਇਆ (PARANOIA DISORDER) ਨਾਂ ਦੀ 'ਮਾਨਸਿਕ ਪ੍ਰੇਸ਼ਾਨੀ' ਤੋਂ ਪੀੜਤ ਹੋਣ ਦੇ ਬਾਵਜੂਦ ਉਸ ਨੇ ਅਨੇਕਾਂ ਖੋਜਾਂ ਕੀਤੀਆਂ ਸਨ, ਜਿਸ ਦੇ ਸਿੱਟੇ ਵਜੋਂ ਉਸ ਨੂੰ 1994 ਦੇ ਅਰਥਸ਼ਾਸਤਰ ਵਿਸ਼ੇ ਦੇ 'ਨੋਬਲ ਪੁਰਸਕਾਰ' ਨਾਲ ਸਤਿਕਾਰਿਆ ਗਿਆ ਸੀ।

ਸਰੀਰਕ ਅਪਾਹਜਤਾ ਦੀ ਅਜਿਹੀ ਹੀ ਇੱਕ ਉਦਾਹਰਨ ਅਮਰੀਕਾ ਦੇ ਐਰੀਜ਼ੋਨਾ ਰਾਜ ਦੇ 29 ਸਾਲਾ ਨੌਜਵਾਨ ਨੋਲੈਂਡ ਅਰਬਾਘ (NOLAND ARBAUGH) ਦੀ ਹੈ। ਉਹ ਇੱਕ ਵਧੀਆ ਤੈਰਾਕ ਸੀ। ਸਾਲ 2016 ਵਿੱਚ ਤੈਰਾਕੀ ਦੌਰਾਨ ਇੱਕ ਦੁਰਘਟਨਾ ਵਿੱਚ ਉਸ ਨੂੰ ਸੱਟ ਲਗ ਗਈ ਸੀ। ਹੁਣ ਮੋਢਿਆਂ ਤੋਂ ਥੱਲੇ ਉਸ ਦਾ ਕੋਈ ਵੀ ਅੰਗ ਕੰਮ ਨਹੀਂ ਕਰਦਾ ਹੈ। ਅਮਰੀਕਾ ਦੇ ਉੱਘੇ ਉਦਯੋਗਪਤੀ ਐਲਨ ਮਸਕ ਦੀ ਕੰਪਨੀ 'ਨਿਊਰਾਲਿੰਕ' ਵੱਲੋਂ ਅਰਬਾਘ ਦੇ ਦਿਮਾਗ ਵਿੱਚ ਇੱਕ 'ਕੰਪਿਊਟਰ ਚਿੱਪ' ਫ਼ਿਟ ਕਰ ਦਿੱਤੀ ਗਈ ਹੈ। ਇਸ ਚਿੱਪ ਨੂੰ 'ਟੈਲੀਪੈਥੀ' ਦਾ ਨਾਂ ਦਿੱਤਾ ਗਿਆ ਹੈ। ਇਹ ਇੱਕ ਤਰ੍ਹਾਂ ਦਾ ਛੋਟਾ ਕੰਪਿਊਟਰ ਹੀ ਹੈ, ਜਿਸ ਵਿੱਚ ਅਤੀ ਸੰਵੇਦਨਸ਼ੀਲ ਸੈਂਸਰ ਲੱਗੇ ਹੋਏ ਹਨ। ਕੰਪਨੀ ਦਾ ਮੰਨਣਾ ਹੈ ਕਿ ਇਹ ਚਿੱਪ ਬਾਜ਼ਾਰ ਵਿਚ ਅੱਜ ਕੱਲ੍ਹ ਮਿਲਦੇ ਕੰਪਿਊਟਰਾਂ ਨਾਲੋਂ ਕਿਤੇ ਵੱਧ ਤੇਜ਼ੀ ਨਾਲ ਕੰਮ ਕਰਦੀ ਹੈ। ਇਸ ਨੂੰ ਕੰਨ ਦੇ ਪਿੱਛੇ ਲਗਾਇਆ ਜਾਂਦਾ ਹੈ। ਇਹ ਚਿੱਪ ਬਿਨਾ ਕਿਸੇ ਤਾਰ ਦੇ ਕੰਮ ਕਰਦੀ ਹੈ। ਨਿਊਰਾਲਿੰਕ ਨੇ ਇਹ ਚਿੱਪ ਲਗਾ ਕੇ ਇਤਿਹਾਸ ਰਚ ਦਿੱਤਾ ਹੈ, ਕਿਉਂਕਿ ਇਸ ਤਰ੍ਹਾਂ ਦਾ ਕਾਰਨਾਮਾ ਕਿਸੇ ਵੀ ਕੰਪਨੀ ਵੱਲੋਂ ਪਹਿਲੀ ਵਾਰ ਕੀਤਾ ਗਿਆ ਹੈ। ਵਿਸ਼ੇਸ਼ਤਾ ਇਹ ਹੈ ਕਿ ਜਿਸ ਆਦਮੀ ਦੇ ਦਿਮਾਗ ਵਿੱਚ ਇਹ ਚਿੱਪ ਲੱਗੀ ਹੋਈ ਹੈ, ਉਹ ਆਦਮੀ ਜੋ ਕੁਝ ਵੀ ਸੋਚਦਾ ਹੈ, ਚਿੱਪ ਉਸ ਨੂੰ ਅਮਲ ਵਿੱਚ ਲਿਆਉਂਦੀ ਹੈ ਅਤੇ ਉਹ ਵੀ ਆਦਮੀ ਦੇ ਹੱਥਾਂ-ਪੈਰਾਂ ਦੇ ਹਿਲਜੁਲ ਕਰਨ ਤੋਂ ਬਗੈਰ। ਬਿਨਾਂ ਹੱਥ ਹਿਲਾਉਣ ਭਾਵ ਮਹਿਜ਼ ਸੋਚ ਕੇ ਹੀ ਕੰਮ ਕੀਤੇ ਜਾ ਸਕਦੇ ਹਨ, ਜਿਵੇਂ ਕਿ ਕੋਈ ਆਦਮੀ, ਜਿਸ ਦੇ ਦਿਮਾਗ ਵਿੱਚ ਚਿੱਪ ਫਿੱਟ ਕੀਤੀ ਜਾ ਚੁੱਕੀ ਹੋਵੇ, ਬਿਨਾ ਹੱਥ ਲਗਾਇਆਂ ਕੇਵਲ ਸੋਚ ਕੇ ਹੀ ਆਪਣੇ ਮੋਬਾਇਲ, ਕੰਪਿਊਟਰ ਅਤੇ ਲੈਪਟਾਪ ਨੂੰ ਚਲਾ ਸਕਦਾ ਹੈ। ਭਵਿੱਖ ਵਿੱਚ ਇਸ ਕਾਢ ਦੀ ਸਾਡੇ ਜੀਵਨ ਦੇ ਅਨੇਕਾਂ ਖੇਤਰਾਂ ਵਿੱਚ ਇਸਤੇਮਾਲ ਕੀਤੇ ਜਾਣ ਦੀ ਸੰਭਾਵਨਾ ਨਜ਼ਰ ਆ ਰਹੀ ਹੈ। ਵਿਗਿਆਨੀਆਂ ਵੱਲੋਂ ਇਸ ਖੋਜ ਨੂੰ ਮਨੁੱਖੀ ਬਿਮਾਰੀਆਂ ਦੇ ਇਲਾਜ ਲਈ ਇੱਕ ਅਹਿਮ ਨੀਂਹ ਦਾ ਪੱਥਰ ਦੱਸਿਆ ਜਾ ਰਿਹਾ ਹੈ।



'ਨਿਊਰਾਲਿੰਕ' ਦੇ ਵਿਗਿਆਨੀਆਂ ਨੇ ਸਪਸ਼ਟ ਕੀਤਾ ਹੈ ਕਿ ਰੋਗੀ ਅਰਬਾਘ ਡਾਕਟਰਾਂ ਦੀਆਂ ਆਸਾਂ-ਉਮੀਦਾਂ ਮੁਤਾਬਕ ਆਪਣੀਆਂ ਪ੍ਰਤਿਕ੍ਰਿਆਵਾਂ ਠੀਕ-ਠਾਕ ਦੇ ਰਿਹਾ ਹੈ। ਇਸ ਆਧੁਨਿਕ ਕਾਢ ਨਾਲ ਜੁੜੇ ਵਿਗਿਆਨੀਆਂ ਵੱਲੋਂ ਦੱਸਿਆ ਗਿਆ ਹੈ ਕਿ ਰੋਗੀ ਦਾ ਆਪ੍ਰੇਸ਼ਨ ਰੋਬੋਟ ਮਸ਼ੀਨਾਂ ਦੁਆਰਾ ਕੀਤਾ ਗਿਆ ਸੀ ਅਤੇ ਇਸ ਵਿੱਚ ਰੋਗੀ ਦੇ ਦਿਮਾਗ ਅੰਦਰ ਲਗਾਈ ਗਈ ਚਿੱਪ ਦਿਮਾਗ ਦੀਆਂ ਸੋਚਾਂ ਨੂੰ ਰਿਕਾਰਡ ਕਰਦੀ ਹੈ ਅਤੇ ਇੱਕ ਐਪ ਦੁਆਰਾ ਸਾਹਮਣੇ ਪਏ ਕੰਪਿਊਟਰ ਨੂੰ ਚਲਾਉਂਦੀ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਤਿਆਰ ਕੀਤੀ ਗਈ ਚਿੱਪ ਉਨ੍ਹਾਂ ਮਰੀਜਾਂ ਲਈ ਵਿਸ਼ੇਸ਼ ਤੌਰ 'ਤੇ ਲਾਹੇਵੰਦ ਹੋਏਗੀ, ਜਿਨ੍ਹਾਂ ਦੀਆਂ ਲੱਤਾਂ-ਬਾਹਾਂ ਕਿਸੇ ਬਿਮਾਰੀ ਕਾਰਨ ਅਪੰਗ ਹੋ ਗਈਆਂ ਹਨ। ਮਾਨਸਿਕ ਬਿਮਾਰੀਆਂ ਦੇ ਡਾਕਟਰਾਂ ਵੱਲੋਂ ਇਸ ਖੋਜ ਉੱਤੇ ਬੜੀਆਂ ਉਮੀਦਾਂ ਲਾਈਆਂ ਜਾ ਰਹੀਆਂ ਹਨ। ਉਨ੍ਹਾਂ ਦਾ ਖ਼ਿਆਲ ਹੈ ਕਿ ਨਵੀਂ ਕਾਢ ਨਾਲ ਉਹ ਮਿਰਗੀ, ਪਾਰਕਿਨਸਨ ਰੋਗ (ਅਜਿਹਾ ਰੋਗ ਜਿਸ ਵਿੱਚ ਰੋਗੀ ਦੀਆਂ ਮਾਸਪੇਸ਼ੀਆਂ ਕਮਜ਼ੋਰ ਹੋਣ ਕਾਰਨ ਮਾਸਪੇਸ਼ੀਆਂ ਵਿੱਚ ਅਕੜਨ ਆਉਣਾ, ਲਿਖਣ 'ਚ ਮੁਸ਼ਕਲ ਆਉਣਾ, ਅੱਖਾਂ ਦਾ ਘੱਟ ਝਪਕਣਾ, ਖਾਣਾ ਨਿਗਲਨ 'ਚ ਪ੍ਰੇਸ਼ਾਨੀ, ਕੁੱਬਾ ਹੋਣਾ, ਸਰੀਰ ਦੇ ਅੰਗਾਂ ਦਾ ਕੰਬਣਾ ਆਦਿ ਜਿਹੇ ਲੱਛਣ ਵੇਖਣ ਨੂੰ ਮਿਲਦੇ ਹਨ); ਡਿਸਟਾਨੀਆ ਰੋਗ (ਜਿਸ ਵਿੱਚ ਗਰਦਨ ਦਾ ਇੱਕ ਪਾਸੇ ਟੇਢਾ ਹੋਣਾ, ਅੱਖਾਂ ਦਾ ਵਾਰ-ਵਾਰ ਝਪਕਣਾ, ਆਵਾਜ਼ ਦਾ ਮੱਧਮ ਪੈਣਾ ਅਤੇ ਖਾਣਾ ਨਿਗਲਨ 'ਚ ਸਮੱਸਿਆ ਆਦਿ) ਅਤੇ ਓ.ਸੀ.ਡੀ. ਰੋਗ (ਜਿਸ ਵਿੱਚ ਗੁੱਸਾ ਆਉਣਾ, ਚਿੰਤਾ ਕਰਨਾ ਅਤੇ ਕਿਸੇ ਇੱਕ ਕੰਮ ਨੂੰ ਵਾਰ-ਵਾਰ ਦੁਹਰਾਉਣਾ ਆਦਿ) ਜਿਹੀਆਂ ਬਿਮਾਰੀਆਂ ਦਾ ਇਲਾਜ ਆਸਾਨੀ ਨਾਲ ਕਰ ਸਕਣਗੇ।

ਰੋਗੀ ਦੇ ਦਿਮਾਗ ਵਿਚ ਚਿੱਪ ਫਿੱਟ ਕਰਨ ਤੋਂ ਬਾਅਦ ਐਲਨ ਮਸਕ ਨੇ ਇੱਕ ਸਿੱਧੇ ਪ੍ਰਸਾਰਨ ਰਾਹੀਂ ਚਿੱਪ ਲੱਗੇ ਰੋਗੀ ਨੂੰ ਸ਼ਤਰੰਜ ਦੀ ਖੇਡ ਖੇਡਦਿਆਂ ਵਿਖਾਇਆ ਸੀ, ਜਿਸ ਵਿਚ ਰੋਗੀ ਬਿਨਾ ਹੱਥ ਹਿਲਾਇਆਂ ਅਤੇ ਕੇਵਲ ਦਿਮਾਗ ਨਾਲ ਸੋਚ ਕੇ ਹੀ ਸ਼ਤਰੰਜ ਦੇ ਮੋਹਰੇ ਚਲਾ ਰਿਹਾ ਸੀ। ਚਿੱਪ ਲੱਗਣ ਤੋਂ ਬਾਅਦ ਰੋਗੀ ਨੋਲੈਂਡ ਅਰਬਾਘ ਨੇ ਖ਼ੁਦ ਆਪਣੀ ਬਿਮਾਰੀ ਦੇ ਠੀਕ ਹੋਣ ਬਾਰੇ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਉਤੇ ਜਾਣਕਾਰੀ ਸਾਂਝੀ ਕੀਤੀ ਸੀ। ਉਸ ਨੇ ਇਹ ਪੋਸਟ ਮਹਿਜ਼ ਸੋਚ ਕੇ ਹੀ ਅਤੇ ਬਿਨਾ ਹੱਥ-ਪੈਰ ਹਿਲਾਉਣ ਤੋਂ ਸਾਂਝੀ ਕੀਤੀ ਸੀ। ਅਰਬਾਘ ਨੇ ਆਪਣੇ ਦਿਮਾਗ ਵਿੱਚ ਲੱਗੀ ਚਿੱਪ ਨੂੰ 'ਈਵ' ਦਾ ਨਾਂ ਦਿੱਤਾ ਹੈ। ਉਹ ਰੋਜ਼ਾਨਾ ਚਾਰ ਘੰਟੇ ਨਿਊਰਾਲਿੰਕ ਦੇ ਕੰਪਿਊਟਰਾਂ 'ਤੇ ਕੰਮ ਕਰਦਾ ਹੈ। ਉਹ ਮਹਿਜ਼ ਸੋਚ ਕੇ ਹੀ ਕੰਪਿਊਟਰ ਦੇ ਅੱਖਰਾਂ ਨੂੰ ਚਲਾਉਂਦਾ ਹੈ ਅਤੇ ਸ਼ਬਦ ਟਾਈਪ ਕਰਦਾ ਹੈ। ਸਿਰਫ਼ ਦਿਮਾਗ ਦੀ ਸੋਚ ਨਾਲ ਹੀ ਪੈਨਸਿਲ ਫੜ ਕੇ ਉਹ ਕੰਪਿਊਟਰ ਦੀ ਸਕਰੀਨ 'ਤੇ ਲਿਖਣ ਦਾ ਕੰਮ ਕਰਦਾ ਹੈ।

ਦਿਲਚਸਪੀ ਦੀ ਗੱਲ ਇਹ ਹੈ ਕਿ ਸਰੀਰਕ ਤੌਰ 'ਤੇ ਅਪੰਗ ਹੋਣ ਦੇ ਬਾਵਜੂਦ ਉਹ ਦੂਜੇ ਦੇਸ਼ਾਂ ਦੀਆਂ ਭਾਸ਼ਾਵਾਂ ਸਿੱਖ ਰਿਹਾ ਹੈ। ਉਹ ਵਿਸ਼ਵ ਦੇ ਚੋਟੀ ਦੇ ਲੇਖਕਾਂ ਜਿਵੇਂ ਬਰੈਂਡਨ ਐਂਡਰਸਨ, ਸਟੀਗ ਲਾਰਸਨ, ਟਾਲਕਿਨ ਤੇ ਵਿਕਟਰ ਹੂਗੋ ਆਦਿ ਦੀਆਂ ਰਚਨਾਵਾਂ ਪੜ੍ਹ ਰਿਹਾ ਹੈ ਅਤੇ ਭਵਿੱਖ ਵਿੱਚ ਉਹ ਆਪਣੀ ਕਿਤਾਬ ਲਿਖਣ ਬਾਰੇ ਵੀ ਸੋਚ ਰਿਹਾ ਹੈ। ਉਹ ਬਾਈਬਲ ਦਾ ਅਧਿਐਨ ਵੀ ਕਰ ਰਿਹਾ ਹੈ। ਆਮ ਲੋਕਾਂ ਨੂੰ ਉਸ ਕੋਲੋਂ ਸਿੱਖਣ ਦੀ ਲੋੜ ਹੈ, ਕਿਉਂਕਿ ਸਰੀਰਕ ਤੌਰ 'ਤੇ ਅਸਮਰੱਥ ਹੋਣ ਦੇ ਬਾਵਜੂਦ ਆਉਣ ਵਾਲੇ ਸਮੇਂ ਵਿੱਚ ਉਸ ਨੇ ਸਮਾਜ ਭਲਾਈ ਦੇ ਕੰਮ ਕਰਨ ਦਾ ਮਨ ਬਣਾਇਆ ਹੋਇਆ ਹੈ।

ਜ਼ਿਕਰਯੋਗ ਹੈ ਕਿ ਅਰਬਾਘ ਆਪਣੀ ਪੜ੍ਹਾਈ ਇੱਕ ਵਾਰ ਫਿਰ ਤੋਂ ਸ਼ੁਰੂ ਕਰਨ ਜਾ ਰਿਹਾ ਹੈ ਅਤੇ ਉਸ ਨੇ 'ਨਿਊਰੋਸਾਇੰਸ' ਭਾਵ ਦਿਮਾਗੀ ਬਿਮਾਰੀਆਂ ਨਾਲ ਸਬੰਧਿਤ ਵਿਗਿਆਨ ਨੂੰ ਪਸੰਦੀਦਾ ਵਿਸ਼ਾ ਵੀ ਚੁਣ ਲਿਆ ਹੈ। ਸਰੀਰਕ ਤੌਰ 'ਤੇ ਅਸਮਰੱਥ ਹੋਣ ਦੇ ਬਾਵਜੂਦ ਅਰਬਾਘ ਵਿੱਚ ਐਨੇ ਜ਼ਿਆਦਾ ਕੰਮ ਕਰਨ ਦੀ ਭਾਵਨਾ ਅਤੇ ਸਮਾਜ ਲਈ ਕੰਮ ਕਰਨ ਦਾ ਜਜ਼ਬਾ ਸਮਾਜ ਦੇ ਸਰੀਰਕ ਤੌਰ 'ਤੇ ਸਮਰੱਥ ਲੋਕਾਂ ਲਈ ਪ੍ਰੇਰਨਾ ਦਾ ਸਰੋਤ ਬਣ ਸਕਦਾ ਹੈ।

ਐਲਨ ਮਸਕ ਨੇ ਆਪਣੀਆਂ ਭਵਿੱਖ ਦੀਆਂ ਯੋਜਨਾਵਾਂ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਕੰਪਨੀ ਰੀੜ੍ਹ ਦੀ ਹੱਡੀ ਦੇ ਟੁੱਟੇ ਹੋਏ ਰੋਗੀਆਂ ਦੇ ਇਲਾਜ ਲਈ ਯਤਨਸ਼ੀਲ ਹੈ, ਜਿਸ ਨਾਲ ਪਾਸਾ ਮਾਰੇ ਰੋਗੀਆਂ ਨੂੰ ਚੱਲਣ ਫਿਰਨ ਯੋਗ ਬਣਾਇਆ ਜਾ ਸਕੇਗਾ। 'ਨਿਊਰਾਲਿੰਕ' ਕੰਪਨੀ ਦਾ ਅਨੁਮਾਨ ਹੈ ਕਿ ਜੇ ਤੈਅ ਯੋਜਨਾ ਅਨੁਸਾਰ ਕੰਮ ਚੱਲਦਾ ਰਿਹਾ ਤਾਂ ਮੈਡੀਕਲ ਖੇਤਰ ਵਿੱਚ ਇੱਕ ਵੱਡੀ ਕ੍ਰਾਂਤੀ ਵੇਖਣ ਨੂੰ ਮਿਲ ਸਕਦੀ ਹੈ। ਜਿਵੇਂ ਕਿ ਬਾਜ਼ਾਰ ਵਿਚ ਮਿਲਦੀ 'ਫਿੱਟਨੈੱਸ ਘੜੀ' ਆਦਮੀ ਦੇ ਦਿਲ ਦੀ ਧੜਕਣ ਬਾਰੇ, ਉਸ ਦੇ ਸ਼ੂਗਰ ਦੇ ਪੱਧਰ ਬਾਰੇ, ਆਦਮੀ ਦੇ ਸਰੀਰ ਵੱਲੋਂ ਖਪਤ ਕੀਤੀ ਗਈ ਊਰਜਾ ਬਾਰੇ ਦੱਸਦੀ ਹੈ; ਉਸੇ ਤਰ੍ਹਾਂ ਦਿਮਾਗੀ ਚਿੱਪਾਂ ਮਨੁੱਖ ਦੇ ਵੱਖ-ਵੱਖ ਅੰਗਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਡਾਟਾ ਪ੍ਰਦਾਨ ਕਰਿਆ ਕਰਨਗੀਆਂ।

'ਨਿਊਰਾਲਿੰਕ' ਅਮਰੀਕਾ ਦੇ ਅਰਬਪਤੀ ਐਲਨ ਮਸਕ ਦੀ ਇੱਕ ਪ੍ਰਾਈਵੇਟ ਕੰਪਨੀ ਹੈ, ਜਿਸ ਦਾ ਮੁੱਖ ਕੰਮ ਹੈ- ਕੰਪਿਊਟਰ ਨੂੰ ਰੋਗੀ ਦੇ ਦਿਮਾਗ ਨਾਲ ਜੋੜਨਾ ਅਤੇ ਮਰੀਜ਼ ਦੀਆਂ ਅਜਿਹੀਆਂ ਸਰੀਰਕ ਅੰਗਾਂ ਦੀਆਂ ਬਿਮਾਰੀਆਂ ਦੇ ਹਲ ਲੱਭਣਾ, ਜਿਨ੍ਹਾਂ ਅੰਗਾਂ ਦਾ ਕੰਟਰੋਲ ਦਿਮਾਗ ਤੋਂ ਹੁੰਦਾ ਹੋਵੇ। ਇਸ ਕੰਪਨੀ ਦਾ ਮੁੱਖ ਦਫ਼ਤਰ ਫਰੀਮਾਂਟ (ਕੈਲੀਫੋਰਨੀਆ) ਵਿੱਚ ਸਥਿਤ ਹੈ। ਕੰਪਨੀ ਵੱਲੋਂ ਤਿਆਰ ਕੀਤੇ ਗਏ ਉਪਕਰਨਾਂ ਨੂੰ ਮਨੁੱਖਾਂ ਵਿੱਚ ਲਗਾਉਣ ਤੋਂ ਪਹਿਲਾਂ ਬਾਂਦਰਾਂ ਤੇ ਸੂਰਾਂ ਵਿੱਚ ਅਜ਼ਮਾਇਆ ਜਾਂਦਾ ਹੈ। ਕੰਪਨੀ ਦੀ ਦਿਮਾਗੀ ਚਿੱਪ ਤੋਂ ਬਾਅਦ ਹੁਣ ਇਹ ਕੰਪਨੀ ਨੇਤਰਹੀਣ ਲੋਕਾਂ ਲਈ 'ਬਲਾਂਈਡਸਾਈਟ' ਨਾਂ ਦੀ ਚਿੱਪ ਬਣਾਉਣ ਦੀ ਤਿਆਰੀ ਵਿੱਚ ਲੱਗੀ ਹੋਈ ਹੈ।

---

ਵਿਚਾਰ

ਗੁਰਚਰਨਜੀਤ ਸਿੰਘ ਲਾਂਬਾ
santsipahi@gmail.com



# 'ਏਕ ਗ੍ਰੰਥ-ਏਕ ਪੰਥ' ਸੇਵਾ ਜਾਂ ਸਾਜ਼ਿਸ਼?

*ਸਿੱਖ ਪੰਥ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਸਮ ਗ੍ਰੰਥ ਦੇ ਰੁਤਬੇ ਨੂੰ ਦਰਜਾ ਦੇਣ ਜਾਂ ਦੋਹਾਂ ਗ੍ਰੰਥਾਂ ਦੀ ਬਾਣੀ ਨੂੰ ਰਲਗੱਡ ਕਰਨ ਬਾਬਤ ਦੁਬਿਧਾ ਹੈ, ਇਸ ਸਬੰਧੀ ਵੱਖ-ਵੱਖ ਵਿਦਵਾਨਾਂ ਦੇ ਵੱਖੋ-ਵੱਖਰੇ ਮੱਤ ਹਨ। ਇਹ ਲਿਖਤ ਲੇਖਕ ਦੇ ਨਿੱਜੀ ਵਿਚਾਰ ਤਾਂ ਹੋ ਸਕਦੇ ਹਨ ਅਤੇ ਇਸ ਨਾਲ ਪਾਠਕਾਂ/ਸੰਗਤ ਦਾ ਇੱਕ ਹਿੱਸਾ ਸਹਿਮਤ/ਅਸਹਿਮਤ ਹੋ ਸਕਦਾ ਹੈ। ਇਹ ਲਿਖਤ ਸਿਰਫ ਵਿਚਾਰ-ਵਟਾਂਦਰੇ ਦੇ ਮਕਸਦ ਨਾਲ ਛਾਪੀ ਜਾ ਰਹੀ ਹੈ ਅਤੇ 'ਪੰਜਾਬੀ ਪਰਵਾਜ਼' ਦਾ ਸਹਿਮਤ ਹੋਣਾ/ਨਾ ਹੋਣਾ ਜ਼ਰੂਰੀ ਨਹੀਂ ਹੈ। -ਪ੍ਰਬੰਧਕੀ ਸੰਪਾਦਕ*

ਇਸ ਵਿੱਚ ਕੋਈ ਦੁਬਿਧਾ ਨਹੀਂ ਅਤੇ ਨਾ ਹੀ ਕਿਸੇ ਨੇ ਕਦੇ ਵੀ ਇਸ ਇਲਾਹੀ ਹੁਕਮ ਤੋਂ ਇਨਕਾਰ ਕੀਤਾ ਹੈ ਕਿ ਜੁਗੋ ਜੁਗ ਅਟਲ ਗੁਰੂ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਹਨ। ਸੰਮਤ 1755 (ਈ. ਸੰਨ 1698) ਖਾਲਸੇ ਦੀ ਸਿਰਜਣਾ ਤੋਂ ਇੱਕ ਸਾਲ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਦੀ ਇੱਕ ਇਤਿਹਾਸਕ ਘਟਨਾ ਦਾ ਹਵਾਲਾ ਭਾਈ ਕੇਸਰ ਸਿੰਘ ਛਿੱਬਰ ਦਿੰਦੇ ਹਨ ਕਿ ਉੱਥੇ ਦੋ ਗ੍ਰੰਥ ਸਨ ਅਤੇ ਸਿੱਖਾਂ ਨੇ ਸਤਿਗੁਰ ਜੀ ਨੂੰ ਬੇਨਤੀ ਕੀਤੀ ਕਿ ਇਨ੍ਹਾਂ ਦੋਹਾਂ ਨੂੰ ਰਲਾ ਦਿੱਤਾ ਜਾਏ। ਕਲਗੀਧਰ ਪਿਤਾ ਦਾ ਜਵਾਬ ਬਹੁਤ ਹੀ ਸਪਸ਼ਟ ਸੀ ਅਤੇ ਦੋਹਾਂ ਗ੍ਰੰਥਾਂ ਦੇ ਰੁਤਬੇ ਨੂੰ ਪੂਰੀ ਤਰ੍ਹਾਂ ਸਪਸ਼ਟ ਕਰ ਦਿੰਦਾ ਹੈ।

ਸੰਮਤ ਸਤਾਰਾਂ ਸੈ ਪਚਵੰਜੇ ਸਿਖਾਂ ਸਾਹਿਬ ਆਗੈ ਬਿਨਤੀ ਸੀ ਕੀਤੀ।

ਗ੍ਰੀਬ ਨਿਵਾਜ਼! ਜੇ ਬਚਨ ਹੋਵੇ ਤਾਂ ਦੁਹਾਂ ਗ੍ਰੰਥਾਂ ਦੀ ਜਿਲਦ ਚਾਹੀਐ ਇਕ ਕਰ ਲੀਤੀ।

ਸਾਹਿਬ ਬਚਨ ਕੀਤਾ, 'ਆਦਿ ਗੁਰੂ ਹੈ ਗ੍ਰੰਥ।

ਇਹ ਅਸਾਡੀ ਹੈ ਖੇਡ, ਜੁਦਾ ਰਹੇ ਮਨ ਮੰਥ। (399) (ਦਸਵਾਂ ਚਰਣ)

ਇਸ ਤੋਂ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੇ ਰੁਤਬੇ ਬਾਰੇ ਕੋਈ ਦੁਬਿਧਾ ਨਹੀਂ ਰਹਿ ਜਾਂਦੀ, ਪਰ ਫਿਰ ਵੀ ਡੂੰਘੀ ਸਾਜ਼ਿਸ਼ ਤਹਿਤ 'ਏਕ ਗ੍ਰੰਥ-ਏਕ ਪੰਥ' ਦੀ ਸ਼ਰਾਰਤ ਭਰਪੂਰ ਟਿੱਪਣੀ ਵਾਰ ਵਾਰ ਉਭਾਰੀ ਜਾਂਦੀ ਹੈ। ਇਹ ਸਵਾਲ ਕਰਨ ਵਾਲਾ ਜਾਂ ਤਾਂ ਖੁਦ ਹੀ ਸਿੱਖ ਨਹੀਂ ਹੈ ਤੇ ਜਾਂ ਫਿਰ ਉਸ ਨੇ ਜ਼ਿੰਦਗੀ ਵਿੱਚ ਕਦੇ ਵੀ ਨਾ ਤਾਂ ਨਿਤਨੇਮ ਕੀਤਾ ਹੈ, ਨਾ ਹੀ ਅੰਮ੍ਰਿਤ ਛਕਿਆ ਹੈ ਅਤੇ ਨਾ ਹੀ ਕਦੇ ਅਰਦਾਸ ਵੀ ਕੀਤੀ ਹੈ ਜਾਂ ਸੁਣੀ ਹੈ। ਕੀ ਨਿਤਨੇਮ ਵਿੱਚ ਜਾਪ ਸਾਹਿਬ, ਬੇਨਤੀ ਚੌਪਈ, ਅਰਦਾਸ ਦੀ ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ) ਦੀ ਪਹਿਲੀ ਪੌੜੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੈ? ਇਹ ਦਸਮ ਗ੍ਰੰਥ ਸਾਹਿਬ ਦੀ ਬਾਣੀ ਹੈ। ਇਸ ਤਰ੍ਹਾਂ 'ਏਕ ਗ੍ਰੰਥ-ਏਕ ਪੰਥ' ਕਹਿਣਾ ਸਿੱਧੇ ਰੂਪ ਵਿੱਚ ਸਿੱਖੀ 'ਤੇ ਹਮਲਾ ਹੈ। ਇਸ ਸ਼ਰਾਰਤ ਤੋਂ ਬਚਣ ਦੀ ਲੋੜ ਹੈ।

ਸਿੱਖ ਨੂੰ ਸਿੱਖ ਬਣਾਉਣ ਲਈ ਅਤੇ ਸਿੱਖੀ ਕਾਇਮ ਰੱਖਣ ਲਈ ਦੋ ਗ੍ਰੰਥਾਂ- ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਲੋੜ ਹੈ। ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਖਾਲਸੇ ਦੀ ਸਿਰਜਣਾ ਦੇ ਸ੍ਰੋਤ ਹਨ। ਇਨ੍ਹਾਂ ਪਾਵਨ ਗ੍ਰੰਥਾਂ ਵਿੱਚ ਦਰਜ ਰਚਨਾ ਗੁਰਬਾਣੀ ਹੈ। ਇਤਨਾ ਹੀ ਨਹੀਂ, ਇੱਕ ਹੋਰ ਗੱਲ ਵਿਚਾਰਨ ਵਾਲੀ ਹੈ ਕਿ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਮੁਤਾਬਕ ਇਨ੍ਹਾਂ ਦੋਹਾਂ ਪਾਵਨ ਗ੍ਰੰਥਾਂ ਦੇ ਇਲਾਵਾ ਭਾਈ ਨੰਦ ਲਾਲ ਦੀਆਂ ਗਜ਼ਲਾਂ ਤੇ ਭਾਈ ਗੁਰਦਾਸ ਦੀਆਂ ਰਚਨਾਵਾਂ ਨੂੰ ਵੀ ਪ੍ਰਵਾਨਗੀ ਦਿੱਤੀ ਹੈ ਅਤੇ ਸਤਿਕਾਰ ਵਜੋਂ ਇਨ੍ਹਾਂ ਦਾ ਪਾਠ, ਕਥਾ, ਕੀਰਤਨ ਬਾਣੀ ਕਰਕੇ ਕੀਤਾ ਜਾ ਸਕਦਾ ਹੈ; ਪਰ ਇਨ੍ਹਾਂ ਨੂੰ ਗੁਰਬਾਣੀ ਨਹੀਂ ਕਿਹਾ ਗਿਆ।

ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਵਿੱਚ ਵੀ ਕੇਵਲ ਇੱਕ ਗ੍ਰੰਥ ਦੀ ਗੱਲ ਨਹੀਂ ਕੀਤੀ ਗਈ। ਇੱਥੇ ਸਪਸ਼ਟ ਤੌਰ 'ਤੇ ਅੰਕਤ ਹੈ, "ਗੁਰਬਾਣੀ ਦੀ ਕਥਾ: (ੲ) ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ ਜਾਂ ਭਾਈ ਗੁਰਦਾਸ, ਭਾਈ ਨੰਦ ਲਾਲ ਜਾਂ ਕਿਸੇ ਹੋਰ ਪ੍ਰਮਾਣਿਕ ਪੰਥਕ ਪੁਸਤਕ ਜਾਂ ਇਤਿਹਾਸਕ ਦੀਆਂ ਪੁਸਤਕਾਂ (ਜੋ ਗੁਰਮਤਿ ਅਨੁਕੂਲ ਹੋਣ) ਦੀ ਹੋ ਸਕਦੀ ਹੈ, ਪਰ ਅਨਮਤ ਦੀ ਕਿਸੇ ਪੁਸਤਕ ਦੀ ਨਹੀਂ ਹੋ ਸਕਦੀ। ਹਾਂ, ਪ੍ਰਮਾਣ ਕਿਸੇ ਮਹਾਤਮਾ ਜਾਂ ਪੁਸਤਕ ਦੀ ਉੱਤਮ ਸਿਖਿਆ ਦਾ ਲਿਆ ਜਾ ਸਕਦਾ ਹੈ।"

ਸੋ 'ਏਕ ਗ੍ਰੰਥ-ਏਕ ਪੰਥ' ਕਹਿਣਾ ਸਿੱਖੀ 'ਤੇ ਸਿੱਧਾ ਹਮਲਾ ਹੈ। ਇਹ ਹੁੱਜਤ ਸਭ ਤੋਂ ਪਹਿਲਾਂ ਬਾਬੂ ਤੇਜਾ ਸਿੰਘ ਭਸੌੜ ਨੇ ਸ਼ੁਰੂ ਕੀਤੀ ਅਤੇ ਪੰਥ ਵਿੱਚੋਂ ਦਰ-ਬਦਰ ਕੀਤਾ ਗਿਆ। ਉਪਰੰਤ (ਭਾਈ) ਦਰਸ਼ਨ ਸਿੰਘ ਰਾਗੀ ਨੇ ਤਾਂ ਇਸ ਲਈ ਇੱਕ ਮੁਹਿੰਮ ਹੀ ਵਿੱਢ ਦਿੱਤੀ। ਹੁਣ ਗਾਹੇ-ਬਗਾਹੇ ਉਸ ਦੇ ਪੈਰੋਕਾਰ ਸਿੱਧੇ-ਅਸਿੱਧੇ ਰੂਪ ਵਿੱਚ ਇਹ ਰਾਗ ਅਲਾਪਦੇ ਰਹਿੰਦੇ ਹਨ।

ਇਸਲਾਮ ਪੂਰੇ ਅਕੀਦੇ ਨਾਲ ਕੁਰਆਨ 'ਤੇ ਇਤਕਾਦ ਰੱਖਦਾ ਹੈ। ਇਸ ਨੂੰ ਵਹੀ (ਨਾਜ਼ਲ) ਹੋਇਆ ਮੰਨਦੇ ਹਨ। ਇਸ ਦਾ ਕੋਈ ਬਦਲ ਨਹੀਂ ਹੈ, ਪਰ ਇਸਦੇ ਬਾਵਜੂਦ ਕੁਰਆਨ ਦੇ ਨਾਲ ਨਾਲ ਹਦੀਸ ਵੀ ਇਸਲਾਮ ਦੇ ਗ੍ਰੰਥ ਹਨ। ਇਨ੍ਹਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਇਹ ਸੁਣ ਕੇ ਹੈਰਾਨੀ ਹੋਏਗੀ ਕੇ ਨਮਾਜ਼ ਲਈ ਜੋ ਆਜ਼ਾਨ (ਬਾਂਗ) ਦਿੱਤੀ ਜਾਂਦੀ ਹੈ, ਉਸਦੇ ਲਫ਼ਜ਼ ਹਨ,

"ਅੱਲ੍ਹਾਹੁ ਅਕਬਰ, ਅੱਲ੍ਹਾਹੁ ਅਕਬਰ, ਅਸ਼ਹਾਦੁ ਅੱਨ ਲਾ ਇਲਾਹਾ ਇਲੱਅੱਲ੍ਹਾ, ਅਸ਼ਹਾਦੁ ਅੱਨ ਲਾ ਇਲਾਹਾ ਇਲੱਅੱਲ੍ਹਾ, ਅਸ਼ਹਦੁ ਅੱਨਾ ਮੁਹੰਮਦੁ ਰਸੂਲ ਅੱਲ੍ਹਾ, ਅਸ਼ਹਦੁ ਅੱਨਾ ਮੁਹੰਮਦੁ ਰਸੂਲ ਅੱਲ੍ਹਾ, ਹੀ ਅਲਸਾਲਾਹ, ਹੀ ਅਲਸਾਲਾਹ, ਹੀ ਅੱਲਲਫ਼ਲਾਹ, ਹੀ ਅੱਲਲਫ਼ਲਾਹ, ਅੱਲ੍ਹਾਹੁ ਅਕਬਰ, ਅੱਲ੍ਹਾਹੁ ਅਕਬਰ, ਲਾ ਇਲਾਹਾ ਇਲ ਅੱਲ੍ਹਾ।"

ਇਸਲਾਮ ਦੀਆਂ ਇਹ ਮਹੱਤਵਪੂਰਨ ਤੁਕਾਂ ਵੀ ਕੁਰਆਨ ਜਾਂ ਹਦੀਸ ਵਿੱਚ ਨਹੀਂ ਹਨ, ਬਲਕਿ ਸੁੰਨਤ ਅਤੇ ਪਰੰਪਰਾ ਵਿੱਚੋਂ ਹਨ; ਪਰ ਕਿਸੇ ਨੇ ਕਦੇ ਵੀ ਇਸ 'ਤੇ ਇਤਰਾਜ਼ ਨਹੀਂ ਕੀਤਾ।

ਕੀ ਇਹ 'ਏਕ ਗ੍ਰੰਥ-ਏਕ ਪੰਥ' ਦੀ ਸ਼ਰਾਰਤ ਪੂਰਨ ਨਾਸਤਿਕਤਾ ਦੀ ਰਟ ਸਾਡੇ ਹਿੱਸੇ ਹੀ ਆਈ ਹੈ? ਸੁਚੇਤ ਹੋਣ ਦੀ ਲੋੜ ਹੈ। ਇਹ ਦ੍ਰਿੜ ਹੋਵੇ ਕਿ ਗੁਰੂ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਹਨ, ਪਰ ਇਸਦੇ ਨਾਲ ਗੁਰਬਾਣੀ ਦਾ ਦੂਸਰਾ ਸੋਮਾ ਦਸਮ ਗ੍ਰੰਥ ਸਾਹਿਬ ਹੈ ਅਤੇ ਬਾਕੀ ਹੋਰ ਪੰਥ ਦੀ ਅਹਿਮ ਧਰੋਹਰ ਪਾਵਨ ਗ੍ਰੰਥ ਹਨ।

ਦੁੱਖੜੇ ਬਟਵਾਰੇ ਦੇ



ਸਾਂਵਲ ਧਾਮੀ
ਫੋਨ:+91-9781843444

# ਜਦੋਂ ਪਾਕਿਸਤਾਨੋਂ ਮਕਾਣ ਆਈ!



*1947 ਦੇ ਦੁਖੜਿਆਂ ਦੀ ਵਾਰਤਾ ਬਹੁਤ ਲੰਮੀ ਹੈ। ਉਦੋਂ ਐਸੀ ਹਨੇਰੀ ਵਗੀ ਕਿ ਧਰਮ ਦੇ ਨਾਂ ਹੇਠ ਬੰਦਾ ਹੀ ਬੰਦੇ ਉਤੇ ਜ਼ੁਲਮ ਢਾਹੁਣ ਲੱਗ ਪਿਆ ਸੀ, ਬਹੁਤੇ ਨੌਜਵਾਨ ਤਾਂ ਵਹਿਸ਼ੀ ਹੋਏ ਪਏ ਸੀ ਉਦੋਂ। ਸੰਤਾ਼ਲੀ 'ਚ ਕਰੋੜਾਂ ਲੋਕਾਂ ਨੇ ਹਿਜਰਤ ਕੀਤੀ। ਅਜਿਹੇ ਵੀ ਸਨ, ਜਿਨ੍ਹਾਂ ਨੂੰ ਏਧਰਲਿਆਂ ਨੇ ਓਧਰਲੇ ਪਾਰ ਸੁਰੱਖਿਅਤ ਪਹੁੰਚਾਇਆ; ਜਿਨ੍ਹਾਂ ਭਾਈਚਾਰਕ ਸਾਂਝ ਨਿਭਾਈ, ਯਕੀਨਨ ਉਹ ਦਰਗਾਹ ਪਰਵਾਨ ਹੋਏ ਹੋਣਗੇ। ਇਹ ਗੱਲ ਬਹੁਤ ਮਾਅਨੇ ਰੱਖਦੀ ਹੈ ਕਿ ਜੇ ਜ਼ੁਲਮ ਹੁੰਦਾ ਰੋਕਿਆ ਨਾ ਜਾ ਸਕੇ ਤਾਂ ਜ਼ੁਲਮ ਦੇ ਮਗਰ ਨਾ ਖੜ੍ਹੋ। ਸੰਤਾਲੀ ਦੇ ਬਟਵਾਰੇ ਨਾਲ ਜੁੜੀਆਂ ਅਜਿਹੀਆਂ ਹੀ ਅਭੁੱਲ ਗੱਲਾਂ ਕੁਝ ਇਸ ਲਹਿਜ਼ੇ ਦੀਆਂ ਹਨ ਕਿ ਪੜ੍ਹ ਕੇ ਦਿਲ ਵਲੂੰਧਰਿਆ ਜਾਂਦਾ ਹੈ...।*



"ਨੇੜੇ-ਤੇੜੇ ਦੇ ਸੱਤ-ਅੱਠ ਪਿੰਡ ਜਲਾਲ ਵਿੱਚੋਂ ਨਿਕਲ ਕੇ ਬੱਝੇ ਆ। ਕੋਇਰ ਸਿੰਘ ਹੁਰੀਂ ਵੀ ਜਨਮ ਜਲਾਲ ਪਿੰਡ 'ਚ ਲਿਆ ਸੀ। ਸਾਡੇ ਪਿੰਡ ਦੇ ਨਰਵਾਣ ਖੇੜੀਓਂ ਆਏ ਆ। ਚੱਠੇ ਖਿੜਕੀਆਂ ਵੱਲਿਓਂ, ਮਿਸਤਰੀ ਰੌਂਤੇ ਤੋਂ ਤੇ ਪੰਡਤ ਜਲਾਲ ਤੋਂ। ਸ਼ੀਹਾਂ ਤੇ ਪਲਾਣਾਂ- ਦੋ ਮੁਸਲਮਾਨ ਪੱਕੇ ਪਤਲਾਣੇ ਤੋਂ ਆਏ ਸੀ। ਪਿੰਡ ਬੰਨ੍ਹਣ ਵੇਲੇ ਇਨ੍ਹਾਂ ਸਾਰਿਆਂ ਨੂੰ ਬਾਬਾ ਕੁਇਰ ਸਿੰਘ ਨੇ ਜ਼ਮੀਨ ਵੀ ਦਿੱਤੀ ਸੀ। ਸੰਤਾ਼ਲੀ ਵੇਲੇ ਢਾਈ ਸੌ ਮੁਸਲਮਾਨ ਵੱਸਦੇ ਸੀ, ਇੱਥੇ।"

ਬਠਿੰਡੇ ਜ਼ਿਲ੍ਹੇ ਦਾ ਕੋਇਰ ਸਿੰਘ ਵਾ਼ਲਾ ਪਿੰਡ ਕਿਵੇਂ ਬੱਝਿਆ? ਕਿਹੜੇ-ਕਿਹੜੇ ਲੋਕ, ਕਿੱਥੋਂ-ਕਿੱਥੋਂ ਆਏ? ਇਨ੍ਹਾਂ ਸਵਾਲਾਂ ਦੇ ਸਹੀ-ਸਹੀ ਜਵਾਬ, ਸੌ ਸਾਲਾ ਬਾਬਾ ਦਲੀਪ ਸਿੰਘ ਨਰਵਾਣ ਹੀ ਦੇ ਸਕਦਾ ਸੀ।

ਮੈਂ ਸੰਤਾ਼ਲੀ ਬਾਰੇ ਪੁੱਛਿਆ ਤਾਂ ਉਹ ਮਾਣ 'ਚ ਬੋਲਿਆ, "ਸਾਡੀ ਜੂਹ 'ਚ ਮੁਸਲਮਾਨ ਨਹੀਂ ਮਾਰਿਆ ਗਿਆ ਕੋਈ। ਸਾਡਾ ਮੋਹਰੀ ਬੰਤ ਚੱਠਾ ਹੁੰਦਾ ਸੀ। ਉਹਨੇ ਧਰਮਸ਼ਾਲਾ 'ਤੇ ਚੜ੍ਹ ਕੇ ਹੋਕਾ ਦਿੱਤਾ ਸੀ ਕਿ ਮੈਨੂੰ ਮਾਰ ਕੇ ਕੋਈ ਇਨ੍ਹਾਂ ਦੇ ਨੇੜੇ ਆ ਸਕਦਾ। ਮੇਰੀ ਉਮਰ ਉਦੋਂ ਤੇਈ ਕੁ ਸਾਲ ਸੀ ਤੇ ਉਹ ਜੁਆਕ-ਜੱਲੇ ਵਾ਼ਲਾ ਸੀ। ਕਿਰਤੀਆਂ ਦੇ ਹੱਕਾਂ ਵਾ਼ਲੇ ਹਰ ਘੋ਼ਲ 'ਚ ਉਹਨੇ ਮੂਹਰੇ ਹੋ ਕੇ ਲੜਾਈ ਲੜੀ ਸੀ। ਸੰਤਾ਼ਲੀ ਵੇ਼ਲੇ ਇਲਾਕੇ ਦੇ ਬਹੁਤੇ ਮੁਸਲਮਾਨ ਅਸੀਂ ਹਠੂਰ ਵਾ਼ਲੇ ਕਾਫ਼ਲੇ ਨਾ਼ਲ ਰ਼ਲਾਏ ਸੀ। ਸਾਡੇ ਇਲਾਕੇ 'ਚ ਗੱਜਣ ਕਿਰਤੀ ਹੁੰਦਾ ਸੀ ਖੋਟਿਆਂ ਦਾ, ਪੱਤੋ ਦਾ ਭੂਰਵ ਜਿੰਦੀਆ ਸੀ ਤੇ ਬੁਰਜ ਦਾ ਕਰਨੈਲ। ਸਾਡੀ ਪਾਰਟੀ ਦਾ ਵੀ ਏਹੋ ਫ਼ੈਸਲਾ ਸੀ ਕਿ ਆਪਾਂ ਬਚਾਉਣ ਵਾਲੇ ਪਾਸੇ ਚੱਲਣਾ।"

"ਕਿਵੇਂ ਬਚਾਏ ਤੁਸੀਂ ਪਿੰਡ ਵਾ਼ਲੇ ਮੁਸਲਮਾਨ?" ਮੈਂ ਥੋੜ੍ਹਾ ਵਿਸਥਾਰ ਨਾ਼ਲ ਜਾਣਨਾ ਚਾਹਿਆ।

"ਪਹਿਲਾਂ ਅਸੀਂ ਫੂਲ ਛੱਡ ਕੇ ਆਏ ਆਂ। ਇਹ ਆਂਹਦੇ ਸੀ ਅਸੀਂ ਰਾਤ ਨੂੰ ਰੇਲ-ਗੱਡੀ ਚੜ੍ਹਾਂਗੇ। ਮੁਸਲਮਾਨਾਂ ਗੱਡੇ-ਗੱਡੀਆਂ ਜੋੜ ਲਏ। ਇੱਕ ਬੁੜੀ ਅੰਨ੍ਹੀ ਸੀ, ਉਹ ਕੁਝ ਵਾਟ ਮੌਰਾਂ 'ਤੇ ਵੀ ਚੁੱਕੀ। ਬੀਬਾ ਨਾਂ ਸੀ ਉਹਦਾ। ਬੰਤ ਚੱਠਾ, ਸੁਦਾਗਰ, ਲਾਭ ਸਿਉਂ ਮਿਸਤਰੀ, ਜ਼ੋਰਾ ਤੇ ਮੈਂ; ਅਸੀਂ ਪੰਜ ਜਣੇ ਗਏ ਸੀ। ਭਾਈ ਰੂਪੇ ਵਿੱਚ ਦੀ ਲੰਘਣ ਲੱਗੇ ਆਂ, ਲੰਗਰ ਦੇ 'ਗਵਾੜ ਕੋ਼ਲੇ ਬੰਦਿਆਂ ਨੂੰ ਫਹਿਤ ਬੁਲਾਤੀ। ਉਹ ਆਂਹਦੇ ਆ ਫਤਿਹ ਨਾ ਬੁਲਾਓ, ਸਾਹਬ-ਸਲਾਮ ਬੁਲਾਓ ਜੇ ਇਨ੍ਹਾਂ ਮੁਸਲਿਆਂ ਦੇ ਨਾ਼ਲ ਜਾਂਦੇ ਆਂ ਤਾਂ। ਬੰਤ ਚੱਠਾ ਸੀ ਜ਼ਿਆਦਾ ਦਲੇਰੀ 'ਚ। ਇਹ ਆਂਹਦਾ ਕਿ ਚੰਗਾ ਫਿਰ ਸਾਹਬ-ਸਲਾਮ ਈ ਸਹੀ। ਸਾਡੇ ਕੋ਼ਲ ਵੀ ਬਰਛੇ-ਬੁਰਛੇ ਸੀਗੇ। ਅਸੀਂ ਗੱਡੇ ਖੜ੍ਹਾ ਲਏ। ਓਥੇ ਇੱਕ ਭਾਈ ਕਿਆਂ 'ਚੋਂ ਗੁਰਦਿੱਤ ਸਿੰਘ ਹੁੰਦਾ ਸੀ। ਉਹ ਸਾਡੇ ਪਿੰਡ ਵਿਆਹਿਆ ਬਿਆ ਸੀ। ਉਹ ਕਹਿਣ ਲੱਗਾ ਕਿ ਤੁਸੀਂ ਜਾਓ, ਕੋਈ ਨਹੀਂ ਔਣ ਲੱਗਾ, ਤੁਹਾਡੇ ਮਗਰ। ਅਸੀਂ ਤੁਰ ਪਏ। 'ਗਾਂਹ ਮੀਂਹ ਪੈਣ ਲੱਗ ਪਿਆ। ਮੀਂਹ 'ਚ ਸਾਡੇ 'ਤੇ ਭਾਈ ਬਿਜਲੀ ਨੇ ਵੀ ਵਾਰ ਕੀਤਾ। ਇੱਕ ਉਠ ਮਰ ਗਿਆ। ਉਹਦੇ 'ਤੇ ਜਵਾਨ ਜਨਾਨੀ ਸਵਾਰ ਸੀ। ਉਹ ਵੀ ਮਰ ਗਈ, ਪਰ ਜਵਾਕ ਦੋਵੇਂ ਬੁੱਕਲ 'ਚ ਉਵੇਂ ਜਿਉਂਦੇ ਰਹੇ। ਬੱਚੇ ਚੁੱਕ ਲਏ ਅਸੀਂ। ਪਿੱਛੇ ਆਉਂਦੇ ਗਰਜੇ ਹੁਰੀਂ ਉਥੇ ਈ ਦੱਬੀ ਆ ਉਹ। ਫੂ਼ਲ 'ਚ ਮੁਸਲਮਾਨਾਂ ਨੂੰ ਛੱਡ ਕੇ ਅਸੀਂ ਰਾਤ ਨੂੰ ਵਾਪਸ ਮੁੜ ਆਏ। ਇਹ ਓਥੇ ਤਿੰਨ ਦਿਨ ਗੱਡੀ ਉਡੀਕਦੇ ਰਹੇ। ਫਿਰ ਰਾਜੇ ਦੇ ਅਹਿਲਕਾਰ ਮੁਸਲਮਾਨਾਂ ਨੂੰ ਕਹਿਣ ਲੱਗੇ ਕਿ ਹੁਣ ਸਮਝੌਤਾ ਹੋ ਗਿਆ ਹੈ ਤੇ ਗੱਡੀਆਂ ਹੋ ਗਈਆਂ ਨੇ ਬੰਦ। ਤੁਸੀਂ ਆਪੋ-ਆਪਣੇ ਪਿੰਡਾਂ ਨੂੰ ਚਲੇ ਜਾਓ। ਕਾਰਨ ਇਹ ਸੀ ਕਿ ਮੁਸਲਮਾਨ 'ਕੱਠੇ ਹੋਈ ਜਾਂਦੇ ਸੀ ਤੇ ਉਨ੍ਹਾਂ ਸੋਚਿਆ ਕਿ ਕੋਈ ਹੋਰ ਮਸਲਾ ਨਾ ਖੜੋ ਜਾਏ। ਇਨ੍ਹਾਂ ਨੂੰ ਬਹਾਨੇ ਨਾ਼ਲ ਖਿੰਡਾ ਦੇਓ। ਇਹ ਵਿਚਾਰੇ ਮੁੜ ਪਏ। ਗਿੱਲਾਂ ਤੇ ਭਾਈ ਰੂਪੇ ਵਾ਼ਲੀ ਕੱਸੀ ਕੋ਼ਲੇ ਇਨ੍ਹਾਂ ਇਨ੍ਹਾਂ 'ਤੇ ਹਮਲਾ ਹੋ ਗਿਆ। ਬੱਸ ਅੱਧੇ ਕੁ ਮੁੜੇ ਆ ਓਥੋਂ। ਉਨ੍ਹਾਂ 'ਚੋਂ ਵੀ ਬਹੁਤੇ ਜ਼ਖ਼ਮੀ ਹੋਏ ਪਏ ਸੀ। ਫਿਰ ਅਸੀਂ ਸਾਰਿਆਂ ਦੀ ਸਾਂਭ-ਸੰਭਾ਼ਲ ਕੀਤੀ। ਅਗਲੇ ਗੇੜੇ ਬੁੜੀਆਂ ਨੂੰ ਸਾਡੇ ਬਜ਼ੁਰਗ ਛੱਡ ਕੇ ਆਏ ਆ ਤੇ ਬੰਦਿਆਂ ਨਾ਼ਲ ਅਸੀਂ ਜਵਾਨ ਗਏ ਆਂ।

ਤੀਜੇ ਗੇੜੇ ਫਿਰ ਅਸੀਂ ਸੇਖੇ ਵਾਲਿਆਂ ਨੂੰ ਵੀ ਛੱਡਣ ਗਏ ਆਂ। ਉਹ ਸਾਡਾ ਫੁੱਫੜ ਲੱਗਦਾ ਸੀ, ਬੁੜਾ ਸੇਖੇ ਵਾ਼ਲਾ। ਉਹ ਇੱਥੇ ਸਾਡੇ ਪਿੰਡ ਵਿਆਹਿਆ ਹੋਇਆ ਸੀ। ਜ਼ਮੀਨ ਉਹਦੀ ਇੱਥੇ ਵੀ ਸੀ ਤੇ ਸੇਖੇ ਵੀ। ਰਹਿੰਦੇ ਤਾਂ ਸਾਡੇ ਪਿੰਡ ਸੀ, ਸੇਖ਼ੇ ਵਾ਼ਲਾ ਵੱਜਦਾ ਸੀ, ਲਾਣਾ ਉਹਦਾ। ਇੱਥੇ ਹਲਚਲਾ



ਪੰਜ ਕੁ ਦਿਨ ਮਗਰੋਂ ਆਇਆ, ਰਿਆਸਤ 'ਚ। ਅੰਗਰੇਜ਼ੀ 'ਚ ਰੌ਼ਲਾ ਪਹਿਲਾਂ ਪੈ ਗਿਆ ਸੀ। ਇੱਕ ਗੁਲਜ਼ਾਰਾ ਹੁੰਦਾ ਸੀ ਸੇਖ਼ੇ ਦਾ। ਬੜਾ ਧੜੱਲੇਦਾਰ ਬੰਦਾ ਸੀ ਉਹ। ਅਸੀਂ ਉਹਦੇ ਕੋ਼ਲੇ ਲੁਕੋ ਕੇ ਆਏ ਸੀ, ਇਸ ਟੱਬਰ ਨੂੰ। ਜਦੋਂ ਹਨੇਰੀ ਲੰਘ ਗਈ ਤਾਂ ਉਹ ਸਾਰੇ ਅਸੀਂ ਇੱਥੇ ਲਿਆਂਦੇ। ਫਿਰ ਜਦੋਂ ਉਨ੍ਹਾਂ ਨੂੰ ਛੱਡਣ ਗਏ, ਸਾਡੇ ਕੋ਼ਲ ਕਿਰਪਾਨਾਂ ਤੇ ਬਰਛੇ ਸੀ। ਮੈਨੂੰ ਇਉਂ ਨਹੀਂ ਪਤਾ ਕਿ ਮੇਰੇ ਲੱਕ ਨਾ਼ਲ ਉਨ੍ਹਾਂ ਕੀ ਬੰਨ੍ਹਿਆ। ਪਤਲੀ ਜਿਹੀ ਚੁੰਨੀ ਸੀ ਇੱਕ। ਉਨ੍ਹਾਂ ਦਾ ਮਤਲਬ ਇਹ ਕਿ ਜੇ ਅਸੀਂ ਮਾਰੇ ਗਏ ਤਾਂ ਇਹ ਸਮਾਨ ਇਨ੍ਹਾਂ ਕੋ਼ਲ ਹੀ ਰਹਿ ਜਾਊਗਾ।

ਪਹਿਲੇ ਦਿਨ ਤਾਂ ਅਸੀਂ ਵਾਟ ਬਾਹਲੀ ਕੀਤੀ। ਅਸੀਂ ਪਹਿਲਾਂ ਛੱਤੇਆਣੇ ਗਏ ਆਂ। ਅਗਲੇ ਦਿਨ ਵਾਟ ਥੋੜ੍ਹੀ ਹੋਈ। ਉਸਤੋਂ ਅਗਲੇ ਦਿਨ ਪੱਕਾ ਪਿੰਡ ਆ ਗਿਆ। ਰੋਟੀ ਨਹੀਂ ਮਿਲੀ ਸਾਨੂੰ, ਛੋਲਿਆਂ ਦੇ ਦਾਣੇ ਭੁੰਨਾਏ ਹੋਏ ਸੀ, ਸਾਡੇ ਕੋ਼ਲੇ। ਚਿੱਬੜ ਵੀ ਬਾਹਲੇ ਹੁੰਦੇ ਸੀ ਉਦੋਂ। ਨੌਂ ਬੰਦੇ ਸੀ, ਜਿਨ੍ਹਾਂ ਨੂੰ ਛੱਡਣ ਤੁਰਿਓ ਸੀ। ਜਦੋਂ ਕੋਈ ਖਤਰਾ ਲੱਗਦਾ, ਅਸੀਂ ਇਨ੍ਹਾਂ ਨੂੰ ਕਮਾਦ 'ਚ ਲੁਕੋ ਦਿੰਦੇ। ਰਾਤ ਨੂੰ ਤੁਰਦੇ ਤਾਂ ਆਹ ਬੱਸ ਧਰੂ ਤਾਰੇ ਨੂੰ ਵੇਖ ਕੇ ਕਹਿ ਦਿੰਦੇ ਸੀ ਕਿ ਆਪਾਂ ਉੱਕ ਗਏ ਆਂ। ਅਬੋਹਰ ਜਾ ਕੇ ਅਸੀਂ ਜਾਣਾ ਤਾਂ ਸੀ ਸੱਜੇ, ਪਰ ਖੱਬੇ ਹੱਥ ਪੈ ਗਏ। ਚਾਰ-ਪੰਜ ਮੀਲ ਓਥੇ ਈ ਘੁੰਮਦੇ ਰਹੇ। ਇੱਕ ਥਾਂ 'ਗਾਂਹ ਗੱਡੀ ਖੜ੍ਹ ਗਈ। ਅਸੀਂ ਸਮਝਿਆ ਉਨ੍ਹਾਂ ਨੂੰ ਪਤਾ ਲੱਗ ਗਿਆ। ਇੱਕ ਪੁ਼ਲ ਸੀ ਬਾਹਲਾ ਵੱਡਾ। ਓਥੇ ਹੱਡੀਆਂ ਈ ਹੱਡੀਆਂ ਪਈਆਂ ਸਨ ਤੇ ਅਸੀਂ ਉਸ ਪੁ਼ਲ ਦੇ ਹੇਠਾਂ ਲੁਕ ਗਏ। ਫਿਰ 'ਗਾਂਹ ਅਸੀਂ ਪਿੰਡ ਕੋਠੇ ਦੇ ਨੇੜੇ ਜਾ ਵੜੇ। ਓਥੇ ਸਾਨੂੰ ਡਰ ਸੀ ਕਿ ਪਹਿਰਾ ਲੱਗਦਾ ਹੋਊ। ਸੁਣਿਆ ਸੀ ਬਈ ਓਥੇ ਜਨੌਰ ਵੀ ਪਾਣੀ ਨਈਂ ਪੀ ਸਕਦਾ। ਸਾਨੂੰ ਬਿਠਾਲ, ਬੰਤ ਆਂਹਦਾ, ਮੈਂ ਲਿਔਂਦਾ ਪਤਾ। ਉਹ ਤਿੰਨ ਮੀਲ ਭੱਜ ਕੇ ਗਿਆ। ਇਹੋ ਜਿਹੇ ਕੰਮਾਂ ਲਈ ਬਾਹਲਾ ਤੇਜ਼ ਸੀ ਉਹ। ਆ ਕੇ ਕਹਿੰਦਾ ਕਿ ਰਾਤ ਦਾ ਤਾਂ ਪਤਾ ਨਹੀਂ, ਹੁਣ ਐਸ ਵੇਲੇ ਕੋਈ ਪਹਿਰਾ ਨਹੀਂ ਓਥੇ। ਅਸੀਂ ਫਿਰ ਤੁਰ ਪਏ। ਓਥੇ ਨਹਿਰ ਤੋਂ ਪਾਣੀ ਭਰਨ ਆਈਆਂ ਸੀ ਔਰਤਾਂ। ਕਹਿਣ ਲੱਗੀਆਂ ਭਾਅ ਡਰੋ ਤਾਂ ਨਾ, ਇੱਥੇ ਮਾਰਦਾ ਨਹੀਂ ਤੁਹਾਨੂੰ ਸਾਡੇ ਕੋਈ। ਬੰਦੇ ਦੂਰ ਖੜ੍ਹੇ ਵਿਹੰਦੇ ਸੀ, ਕੋਠੇ ਪਿੰਡ ਵਾ਼ਲੇ। ਮਿਸਤਰੀਆਂ ਦਾ ਈ ਆ, ਉਹ ਪਿੰਡ ਸਾਰਾ। ਅਸੀਂ ਬੰਦਿਆਂ ਕੋ਼ਲ ਹੀ ਜਾ ਵੜੇ। ਉਹ ਕਹਿੰਦੇ ਏਧਰ ਆਉਂਦੇ ਆਂ, ਏਧਰ ਕੀ ਲੈਣਾ? ਓਥੇ ਝੂਠ ਮਾਰਿਆ ਅਸੀਂ ਕਿ ਸਾਨੂੰ ਪਤਾ ਲੱਗਿਆ ਕਿ ਪਾਕਿਸਤਾਨ ਵੰਨਿਓਂ ਸਾਡੇ ਬੰਦੇ ਆਉਂਦੇ ਆ, ਅਸੀਂ ਸਮਾਨ ਫੜਨ ਆਏ ਆਂ। ਉਦੋਂ ਲਾਲ ਸੂ ਚੌਧਰੀ ਸੀ ਓਥੇ। ਜਦੋਂ ਉਹ ਗਹੁ ਨਾ਼ਲ ਵੇਖਣ ਲੱਗਾ ਤਾਂ ਮੁਸਲਮਾਨਾਂ ਅੱਖਾਂ ਨੀਵੀਆਂ ਕਰ ਲਈਆਂ।

ਉਹ ਕਹਿਣ ਲੱਗਾ- ਨਹੀਂ ਜੀ ਆਹ-ਆਹ ਤਾਂ ਮੁਸਲਮਾਨ ਨੇ ਤੇ ਤੁਸੀਂ ਸਿੱਖ ਹੋ। ਅਸੀਂ ਆਖਿਆ ਕਿ ਅਸੀਂ ਜੰਮੇ-ਪ਼ਲੇ 'ਕੱਠੇ ਆਂ। ਸਾਥੋਂ ਇਹ ਕਤਲ ਹੁੰਦੇ ਨਹੀਂ ਸੀ ਵੇਖੇ ਜਾਣੇ। ਉਹ ਆਂਹਦਾ ਕਿ ਅਗਾਂਹ ਮਿਲਟਰੀ ਮੁਸਲਮਾਨਾਂ ਦੀ ਆ ਤੇ ਏਧਰ ਸਿੱਖਾਂ ਦੀ ਆ। ਥੋਨੂੰ ਆਹ ਮਾਰ ਦੇਣਗੇ ਜਾਂ ਉਹ ਮਾਰ ਦੇਣਗੇ। ਤੁਸੀਂ ਇਨ੍ਹਾਂ ਨੂੰ ਆਪੇ ਜਾਣ ਦੇਓ। ਅਸੀਂ ਸੋਚਿਆ ਕਿਤੇ ਉਹ ਪਿੰਡ ਆ਼ਲੇ ਇਨ੍ਹਾਂ ਦਾ ਸਮਾਨ ਨਾ ਖੋਹ ਲੈਣ। ਬੰਤ ਕਹਿੰਦਾ, ਕੋਠੇ 'ਤੇ ਚਾੜ੍ਹ ਕੇ ਮਿਲਟਰੀ ਤਾਂ ਦਿਖਾਓ ਸਾਨੂੰ। ਸਾਨੂੰ ਦੋ ਬੰਦਿਆਂ ਨੂੰ ਉਨ੍ਹਾਂ ਮਿਲਟਰੀ ਵਿਖਾ'ਤੀ। ਇੱਕ ਖਾਲ ਜਿਹਾ ਸੀ। ਉਹ ਆਂਹਦੇ ਕਿ ਜਿਹੜੀ ਉਹ ਵੱਟ ਆ, ਉਹ ਹੱਦ ਆ ਆਪਣੀ। ਮੋਘਾ ਆਪਣੇ 'ਚ ਆ ਤੇ ਪਰਲੇ ਪਾਸੇ ਪਾਕਿਸਤਾਨ ਸ਼ੁਰੂ ਹੋ ਜਾਂਦਾ। ਪਉੜੀ ਉਤਰਦਿਆਂ ਬੰਤ ਬੋਲਿਆ- ਦਲੀਪਿਆ, ਅਸੀਂ ਆਪਣੇ ਭਰਾਵਾਂ ਨੂੰ ਰਾਹ 'ਚ ਨਹੀਂ ਛੱਡਣਾ। ਹੱਦ ਲੰਘਾ ਕੇ ਮੁੜਾਂਗੇ। ਮਰ ਵੀ ਗਏ ਤਾਂ ਦੁਨੀਆ ਦਾ ਕੋਈ ਪਹੀਆ ਨਹੀਂ ਖੜ੍ਹਨ ਲੱਗਾ ਸਾਡੇ ਬਗੈਰ।

ਖ਼ਾਲ ਜਿਹੀ 'ਚ ਪੈ ਕੇ ਅਸੀਂ ਫ਼ਸਲਾਂ ਦੇ ਉਹਲੇ-ਉਹਲੇ ਅੱਗੇ ਚੱਲ ਗਏ। ਅੱਗੇ ਪਾਕਿਸਤਾਨ ਦਾ ਪਿੰਡ ਦਿੱਸਦਾ ਸੀ। ਓਥੇ ਆਪਣੇ ਲੱਕ ਨਾ਼ਲੋਂ ਲਾਹ ਕੇ ਮੈਂ ਉਨ੍ਹਾਂ ਦਾ ਸਮਾਨ ਉਨ੍ਹਾਂ ਨੂੰ ਫੜਾ ਦਿੱਤਾ। ਸਾਰੇ ਜੱਫ਼ੀਆਂ ਪਾ ਕੇ ਮਿ਼ਲੇ। ਇੱਕ ਮੁੰਡਾ ਰੋਣੋਂ ਨਾ ਹਟੇ। ਅਜ਼ੀਜ ਨਾਂ ਸੀ ਉਹਦਾ। ਉਮਰ 'ਚ ਸਾਰਿਆਂ ਨਾ਼ਲੋਂ ਛੋਟਾ ਸੀ ਉਹ। ਉਹਦੇ ਵੱਡੇ ਭਰਾਵਾਂ ਦੇ ਨਾਂ ਸੀ, ਵਜ਼ੀਰ ਤੇ ਵਕੀਲ। ਉਹ ਆਖਣ- ਤੂੰ ਮਰਾਏਗਾਂ, ਸਾਰਿਆਂ ਨੂੰ। ਜਦੋਂ ਅਸੀਂ ਨਿਖੜੇ, ਅਸੀਂ ਥੋੜ੍ਹੀ ਦੇਰ ਓਥੇ ਖੜ੍ਹੇ ਰਹੇ। ਕੁਝ ਦੇਰ ਸਾਨੂੰ ਉਨ੍ਹਾਂ ਦੀਆਂ ਸਿਸਕੀਆਂ ਸੁਣਦੀਆਂ ਰਹੀਆਂ। ਦੇਖਦੇ-ਦੇਖਦੇ ਉਹ ਦੂਰ ਤੇ ਹੋਰ ਦੂਰ ਹੁੰਦੇ, ਫਿਰ ਅੱਖਾਂ ਤੋਂ ਓਝਲ ਹੋ ਗਏ!" ਗੱਲ ਮੁਕਾਉਂਦਿਆਂ, ਬਾਬਾ ਦਲੀਪ ਸਿੰਘ ਦੀਆਂ ਅੱਖਾਂ ਭਰ ਆਈਆਂ ਸਨ।

"ਕੋਈ ਮੁੜ ਪਰਤਿਆ ਵੀ ਜਾਂ ਕਦੇ ਕੋਈ ਚਿੱਠੀ ਆਈ ਉਨ੍ਹਾਂ ਦੀ?" ਮੈਂ ਅਗਲਾ ਸਵਾਲ ਕੀਤਾ ਸੀ।

"ਚਿੱਠੀਆਂ ਤਾਂ ਆਉਂਦੀਆਂ ਹੀ ਰਹੀਆਂ, ਸਾਡੇ ਪਿੰਡ ਵਾਲਾ ਮੌਲਵੀ ਤਾਂ ਉਨ੍ਹਾਂ ਕੋ਼ਲ ਈ ਜਾਂਦਾ ਹੁੰਦਾ ਸੀ। ਓਧਰੋਂ ਸਾਡੇ ਲਈ ਬੜੀਆਂ ਪੱਗਾਂ ਆਈਆਂ। ਆਹ ਪੱਗ ਮੱਕੇ ਦੀ ਏ। ਤੂੰ ਸੋਚ ਕਿਹੋ ਜਿਹਾ ਹੋਊ, ਸਾਡਾ ਭਾਈਚਾਰਾ। ਮੌਲਵੀ ਨੂੰ ਤਾਂ ਪਾਲਿਆ ਅਸੀਂ ਆਂ। ਸਾਡੇ ਘਰੇ ਰਿਹਾ, ਜਦੋਂ ਬਚ ਕੇ ਆਇਆ ਸੀ ਫੂਲ ਤੋਂ। ਅੱਠ ਕੁ ਵਰ੍ਹਿਆਂ ਦਾ ਸੀ ਉਦੋਂ ਇਹ। 'ਕੱਠਿਆਂ ਵਾਹੀ ਕੀਤੀ ਆ ਅਸੀਂ। ਫਿਰ ਮਸੀਤ ਦਾ ਕਬਜ਼ਾ ਵੀ ਛੁਡਵਾਇਆ। ਪਰ...।" ਬਜ਼ੁਰਗ ਦੇ ਚਿਹਰੇ ਦੀਆਂ ਝੁਰੜੀਆਂ ਚਾਣਚੱਕ ਉਦਾਸੀ ਨਾ਼ਲ ਭਰ ਗਈਆਂ ਸਨ।

"...ਫਿਰ ਬੰਤ ਚੱਠਾ ਮਾਰਿਆ ਗਿਆ ਤਾਂ ਉਦੋਂ ਮਕਾਣ ਆਈ ਸੀ ਓਥੋਂ।"

"ਕਿੱਥੋਂ?" ਮੈਂ ਹੈਰਾਨ ਹੁੰਦਿਆਂ ਪੁੱਛਿਆ ਸੀ।

"ਪਾਕਿਸਤਾਨੋਂ!"

"ਹੈਂਅ! ਕੌਣ-ਕੌਣ ਆਏ ਸੀ?" ਮੇਰੇ ਲਈ ਅਲੋਕਾਰੀ ਗੱਲ ਸੀ ਇਹ।

"ਸੇਖ਼ੇ ਵਾਲੇ ਆਏ ਸੀ। ਜਿਉਣੀ ਭੂਆ ਤੇ ਸੱਜਣ ਫੁੱਫੜ। ਇੱਕ ਹੋਰ ਵੱਡੀ ਬੁੜੀ ਵੀ ਆਈ ਸੀ। ਇਹ ਤਿੰਨ ਜਣੇ ਆਏ ਸੀ, ਮਕਾਣ ਲੈ ਕੇ। ਉਵੇਂ ਬਾਰਡਰ ਟੱਪ ਕੇ ਆਏ ਸੀ। ਉਸੀ ਰਾਸਤੇ, ਜਿਸ ਰਾਸਤੇ ਅਸੀਂ ਛੱਡ ਕੇ ਆਏ ਸਾਂ। ਉਨ੍ਹਾਂ ਦੀਆਂ ਲੇਰਾਂ ਨੇ ਤਾਂ 'ਕੇਰਾਂ ਸਾਰਾ ਪਿੰਡ ਰੁਆ'ਤਾ ਸੀ।" ਬਜ਼ੁਰਗ ਦਾ ਗੱਚ ਭਰ ਆਇਆ ਸੀ।

ਕੁਝ ਦੇਰ ਸਾਡੇ ਦਰਮਿਆਨ ਚੁੱਪ ਪਸਰੀ ਰਹੀ ਸੀ।

"ਬਹੁਤੇ ਨੌਜਵਾਨ ਤਾਂ ਵਹਿਸ਼ੀ ਹੋਏ ਪਏ ਸੀ ਉਦੋਂ। ਇੰਨੀ ਵਧੀਆ ਸੋਚ ਤੇ ਇੰਨੀ ਹਿੰਮਤ ਕਿੱਥੋਂ ਮਿਲੀ ਸੀ, ਤੁਹਾਨੂੰ?" ਗੱਲਬਾਤ ਸਮੇਟਦਿਆਂ ਮੈਂ ਆਖ਼ਰੀ ਸਵਾਲ ਕੀਤਾ ਸੀ। ਮੇਰਾ ਸਵਾਲ ਸੁਣਦਿਆਂ, ਬਾਬਾ ਦਲੀਪ ਸਿੰਘ ਦੀ ਬੁੱਢੀ ਦੇਹ ਮਾਣ ਜਿਹੇ 'ਚ ਤਣ ਗਈ ਸੀ।

"ਸਾਨੂੰ ਵੱਧ ਤਾਕਤ ਤਾਂ ਮਿਲੀ ਉਦੋਂ, ਜਦੋਂ ਅਸੀਂ ਅੰਮ੍ਰਿਤ ਛਕਿਆ, ਨੌਂ ਵੀਹਾਂ ਬੰਦਿਆਂ ਨੇ। ਜਿਨ੍ਹੇ ਅੰਮ੍ਰਿਤ ਛਕਾਇਆ, ਉਹ ਸੀਗਾ ਤਰਨਾ ਦਲ ਦਾ ਨੌਜਵਾਨ ਜਥੇਦਾਰ। ਉਹ ਆਂਹਦਾ ਕਿ ਜੇ ਜ਼ੁਲਮ ਨੂੰ ਰੋਕਿਆ ਨਾ ਜਾਵੇ ਤਾਂ ਜ਼ੁਲਮ ਦੇ ਮਗਰ ਨਾ ਖੜ੍ਹੋ। ਏਹੀ ਸਿੱਖਿਆ ਪੱਲੇ ਬੰਨੀਂ ਮੈਂ ਤੁਰਿਆ ਜਾਂਦਾ ਆਂ, ਹੁਣ ਤੱਕ!" ਗੱਲ ਮੁਕਾ ਬਜ਼ੁਰਗ ਨਿਰਛਲ ਹਾਸਾ ਹੱਸਿਆ ਸੀ।

ਇਸ ਇੱਕ ਜਵਾਬ ਨੇ ਮੇਰੇ ਸਾਰੇ ਸਵਾਲ ਬੌਣੇ ਕਰ ਦਿੱਤੇ ਸਨ।

# ਜਜ਼ਬਾਤ

ਇੰਦਰਜੀਤ ਕੌਰ ਹੁੰਜਣ

ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਆਪਣੇ ਵਿਚਾਰਾਂ ਨੂੰ ਕਲਮ ਬੰਦ ਕਰਨਾ ਓਨਾ ਹੀ ਔਖਾ ਹੁੰਦਾ ਹੈ, ਜਿੰਨਾ ਪਰਿੰਦਿਆਂ ਨੂੰ ਪਿੰਜਰੇ ਵਿੱਚ ਬੰਦ ਕਰਨਾ। ਇਸ ਕਰਕੇ ਲਿਖਣਾ ਇੱਕ ਕਲਾ ਹੈ, ਇੱਕ ਹੁਨਰ ਹੈ; ਕਿਉਂਕਿ ਸ਼ਬਦਾਂ ਨੂੰ ਚੁਣਨਾ ਤੇ ਸਹੀ ਜਗ੍ਹਾ ਰੱਖਣਾ ਕੋਈ ਸੌਖਾ ਕੰਮ ਨਹੀਂ ਹੁੰਦਾ। ਸ਼ਬਦ ਸਾਡੀਆਂ ਭਾਵਨਾਵਾਂ ਨੂੰ ਵਿਅਕਤ ਕਰਦੇ ਹਨ, ਭਾਵਨਾਵਾਂ ਨੂੰ ਹਾਲਾਤ ਜਨਮ ਦਿੰਦੇ ਹਨ। ਚੰਗੇ ਹਾਲਾਤ ਚੰਗੀਆਂ ਭਾਵਨਾਵਾਂ ਪੈਦਾ ਕਰਦੇ ਹਨ, ਜਿਨ੍ਹਾਂ ਕਰਕੇ ਅਸੀਂ ਕਈ ਵਾਰ ਇਕੱਲੇ ਖੁਸ਼ ਹੋ ਜਾਂਦੇ ਹਾਂ, ਮਿੰਨਾ ਮਿੰਨਾ ਮੁਸਕਰਾਉਂਦੇ ਹਾਂ। ਮਾੜੇ ਹਾਲਾਤ ਦੁਖੀ ਕਰਦੇ ਨੇ ਤੇ ਸੀਨੇ 'ਚ ਦਰਦ ਪੈਦਾ ਕਰਦੇ ਨੇ; ਵਕਤ ਨਾਲ ਵਿਸਰ ਜਾਂਦੇ ਨੇ। ਕਈ ਹਾਲਾਤ ਸਾਡੇ ਸੀਨੇ 'ਚ ਨਸੂਰ ਬਣ ਕੇ ਬੈਠ ਜਾਂਦੇ ਨੇ, ਜੋ ਸਾਰੀ ਉਮਰ ਰਿਸਦੇ ਰਹਿੰਦੇ ਨੇ ਤੇ ਅੰਤ ਅਗਨੀ ਭੇਟ ਹੀ ਚੜ੍ਹਦੇ ਨੇ।

ਜਿਵੇਂ ਹਾਲਾਤ ਭਾਵਨਾਵਾਂ ਨੂੰ ਜਨਮ ਦਿੰਦੇ ਨੇ ਤੇ ਉਮਰਾਂ ਜਜ਼ਬਾਤ ਪੈਦਾ ਕਰਦੀਆਂ ਨੇ। ਜਜ਼ਬਾਤ ਪ੍ਰਗਟਾਉਣ ਲਈ ਸਾਨੂੰ ਕਾਗਜ਼ ਤੇ ਕਲਮ ਜਾਂ ਕੈਨਵਸ ਤੇ ਰੰਗ ਦੀ ਜ਼ਰੂਰਤ ਪੈਂਦੀ ਹੈ। ਸਾਡੇ ਜਜ਼ਬਾਤ ਮਾਸੂਮ ਹੋਣ ਤਾਂ ਕੈਨਵਸ 'ਤੇ ਮੁਸਕਰਾਉਂਦੇ ਨੇ, ਜੇ ਉਡਦੇ ਪਰਿੰਦੇ ਹੋਣ ਤਾਂ ਕਵਿਤਾ ਨੂੰ ਜਨਮ ਦਿੰਦੇ ਨੇ; ਤੇ ਜੇ ਉਲਝੇ ਹੋਏ ਹੋਣ ਤਾਂ ਕਹਾਣੀ ਨੂੰ ਜਨਮ ਦਿੰਦੇ ਨੇ। ਆਪਣੇ ਜਜ਼ਬਾਤ ਦੇ ਸ਼ਬਦਾਂ ਲਈ ਜੇ ਮਾਂ ਬੋਲੀ ਚੁਣੀ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਪਹਿਲੀ ਜਮਾਤ ਤੋਂ ਆਪਣੀ ਮਾਂ ਬੋਲੀ ਪੰਜਾਬੀ ਪੜ੍ਹਨਾ-ਲਿਖਣਾ ਮੇਰੀ ਖੁਸ਼-ਕਿਸਮਤੀ ਸੀ, ਕਿਉਂਕਿ ਪੰਜਾਬੀ ਪੜ੍ਹਾਉਣ ਵਾਲੀ ਮੇਰੀ ਮਾਂ ਸੀ। ਸਕੂਲ-ਕਾਲਜ ਦੇ ਵਿੱਚ ਪੰਜਾਬੀ ਦੀ ਜਮਾਤ 'ਚ ਪਾਠ ਪੜ੍ਹਨਾ ਚੰਗਾ ਲਗਦਾ। ਫਿਰ ਕਾਲਜ 'ਚ ਪੜ੍ਹਦਿਆਂ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਹੋ ਗਈ।

ਇੱਕ ਦਿਨ ਅਜਿਹਾ ਆ ਗਿਆ ਕਿ ਲਾਇਬ੍ਰੇਰੀ ਵਿੱਚ ਕਿਤਾਬ ਆਉਣ ਸਾਰ ਮੈਂ ਇਸ਼ੂ ਕਰਵਾ ਲੈਂਦੀ। ਸਭ ਤੋਂ ਵੱਡੀ ਪ੍ਰਾਪਤੀ ਕਿ ਕੋਈ ਕਿਤਾਬ ਘਰ ਆਉਂਦੀ ਤਾਂ ਮੇਰੇ ਨਾਲੋਂ ਪਹਿਲਾਂ ਮੇਰੀ ਮਾਂ ਪੜ੍ਹ ਲੈਂਦੀ ਤੇ ਹੋਰ ਕਿਤਾਬ ਲੈ ਕੇ ਆਉਣ ਨੂੰ ਕਹਿੰਦੀ। ਜਦੋਂ ਪੰਜਾਬੀ ਦੀ ਐਮ.ਏ. ਕੀਤੀ ਤਾਂ ਕਵੀਆਂ ਤੇ ਲੇਖਕਾਂ ਦੀਆਂ ਕਿਤਾਬਾਂ ਖਰੀਦਣੀਆਂ ਸ਼ੁਰੂ ਕੀਤੀਆਂ। ਇੱਕ ਦਿਨ ਮੈਂ ਇੱਕ ਕਵਿਤਾ ਲਿਖੀ। ਡਰਦੀ ਤੇ ਉਤਸੁਕਤਾ ਨਾਲ ਆਪਣੇ ਵੱਡੇ ਭਰਾ ਨੂੰ ਪੜ੍ਹਾਈ। ਉਹਨੇ ਪੜ੍ਹੀ ਤੇ ਮੇਰੀ ਵੱਡੀ ਕਵਿਤਾ ਨੂੰ 4 ਲਾਈਨਾਂ 'ਚ ਸਮੇਟ ਦਿੱਤਾ:

ਮੈਂ
ਕਿੰਨਾ ਸੋਚਿਆ,
ਕਿੰਨਾ ਲਿਖਿਆ,
ਕਿੰਨਾ ਮੇਟਿਆ ਮੈਂ
ਕਿਉਂ?
ਕਿਸ ਲਈ?
ਜਦਕਿ ਉਹ ਮਹਿਜ਼ ਇੱਕ ਬੁੱਤ ਸੀ!



## ਪੰਜਾਬੀ ਖਿਡਾਰੀ

ਨਵਦੀਪ ਸਿੰਘ ਗਿੱਲ
ਫੋਨ:+91-9780036216



*ਪੰਜਾਬੀ ਖਿਡਾਰੀ ਪੰਜ ਦਰਿਆਵਾਂ ਦੇ ਖਿੱਤੇ ਤੱਕ ਸੀਮਤ ਨਹੀਂ, ਪੰਜਾਬੀਅਤ ਸੱਤ ਸਮੁੰਦਰ ਪਾਰ ਤੱਕ ਫੈਲੀ ਹੋਈ ਹੈ। ਭਾਰਤ-ਪਾਕਿਸਤਾਨ ਵਿਚਾਲੇ ਪੰਜਾਬਾਂ ਤੋਂ ਬਾਹਰ ਵੀ ਪੰਜਾਬੀ ਵਸੇ ਹੋਏ ਹਨ। ਭਾਰਤ ਵਿੱਚ ਦਿੱਲੀ, ਮੁੰਬਈ, ਕੋਲਕਾਤਾ ਸਮੇਤ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਪੰਜਾਬੀ ਰਹਿੰਦੇ ਹਨ, ਜਿਨ੍ਹਾਂ ਦੇ ਪਰਿਵਾਰਾਂ ਦਾ ਪਿਛੋਕੜ ਪੰਜ ਦਰਿਆਵਾਂ ਦੀ ਧਰਤੀ ਦਾ ਹੈ। ਇਸ ਕਾਲਮ ਵਿੱਚ ਅਗਾਂਹ ਤੋਂ ਪੰਜਾਬ ਤੋਂ ਬਾਹਰ ਵਸਦੇ ਪੰਜਾਬੀ ਮੂਲ ਦੇ ਖਿਡਾਰੀਆਂ ਬਾਰੇ ਵੀ ਪਾਠਕਾਂ ਨੂੰ ਜਾਣਕਾਰੀ ਮਿਲੇਗੀ- ਚਾਹੇ ਉਹ ਹਰਿਆਣਾ, ਹਿਮਾਚਲ ਪ੍ਰਦੇਸ਼ ਵਿੱਚ ਰਹਿੰਦੇ ਹੋਣ, ਜਾਂ ਫੇਰ ਦੇਸ਼ ਦੇ ਕਿਸੇ ਕੋਨੇ, ਚਾਹੇ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵੱਸੇ ਹੋਏ ਹੋਣ। ਹਥਲੇ ਲੇਖ ਵਿੱਚ ਪੰਜਾਬੀ ਮੂਲ ਦੇ ਦਿੱਲੀ ਵਿੱਚ ਜੰਮੇ-ਪਲ਼ੇ ਖਿਡਾਰੀ ਵਿਰਾਟ ਕੋਹਲੀ ਦਾ ਜ਼ਿਕਰ ਹੈ।*




# ਕ੍ਰਿਕਟ ਦਾ ਕਿੰਗ ਵਿਰਾਟ ਕੋਹਲੀ

ਕ੍ਰਿਕਟ ਦੇ ਇਤਿਹਾਸ ਵਿੱਚ ਵਿਰਾਟ ਕੋਹਲੀ ਸਭ ਤੋਂ ਮਹਾਨ ਬੱਲੇਬਾਜ਼ਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਵਿਰਾਟ ਦਾ ਹੁਨਰ, ਉਸ ਦੀ ਖੇਡ ਪ੍ਰਤੀ ਸਮਰਪਣ ਭਾਵਨਾ, ਜਨੂੰਨ ਅਤੇ ਵੱਡੇ ਮੰਚ ਉਤੇ ਵੱਡਾ ਖਿਡਾਰੀ ਬਣ ਕੇ ਉਭਰਨ ਦੀ ਖ਼ੂਬੀ ਵਿਰਾਟ ਨੂੰ ਮਹਾਨਤਮ ਕ੍ਰਿਕਟਰ ਬਣਾਉਂਦੀ ਹੈ। ਉਸ ਨੂੰ ਕ੍ਰਿਕਟ ਦੀ ਦੁਨੀਆਂ ਵਿੱਚ ਕਿੰਗ ਕੋਹਲੀ, ਚੇਜ਼ ਮਾਸਟਰ ਅਤੇ ਰਨ ਮਸ਼ੀਨ ਆਖਿਆ ਜਾਂਦਾ ਹੈ। ਵਿਰਾਟ ਨੇ ਵਿਸ਼ਵ ਕ੍ਰਿਕਟ ਵਿੱਚ ਉਹ ਹਾਸਲ ਕਰ ਲਿਆ, ਜੋ ਕੋਈ ਵੀ ਕ੍ਰਿਕਟਰ ਆਪਣੀ ਸ਼ੁਰੂਆਤ ਤੋਂ ਹਾਸਲ ਕਰਨ ਲਈ ਸੁਫਨਾ ਪਾਲ਼ਦਾ ਹੈ। ਸਚਿਨ ਦੇ ਖੇਡ ਛੱਡਣ ਤੋਂ ਬਾਅਦ ਵਿਰਾਟ ਕੋਹਲੀ ਨੇ ਭਾਰਤੀ ਕ੍ਰਿਕਟ ਨੂੰ ਨਾ ਸਿਰਫ ਸਾਂਭਿਆ, ਸਗੋਂ ਸਚਿਨ ਦੇ ਸਟਾਰਡੱਮ ਦੇ ਬਾਵਜੂਦ ਪ੍ਰਸਿੱਧੀ ਖੱਟੀ। ਜਦੋਂ ਸਚਿਨ 11 ਸਾਲ ਪਹਿਲਾਂ ਰਿਟਾਇਰ ਹੋਇਆ ਸੀ ਤਾਂ ਉਦੋਂ ਸਚਿਨ ਨੂੰ ਪ੍ਰਸਿੱਧ ਕੁਮੈਂਟੇਟਰ ਹਰਸ਼ਾ ਭੋਗਲੇ ਨੇ ਪੁੱਛਿਆ ਕਿ ਭਵਿੱਖ ਵਿੱਚ ਕਿਹੜੇ ਖਿਡਾਰੀ ਉਸ ਦਾ ਰਿਕਾਰਡ ਤੋੜਨਗੇ ਤਾਂ ਸਚਿਨ ਦਾ ਜਵਾਬ ਰੋਹਿਤ ਤੇ ਵਿਰਾਟ ਹੀ ਸੀ। ਵਿਰਾਟ ਨੇ ਇੱਕ ਰੋਜ਼ਾ ਕ੍ਰਿਕਟ ਵਿੱਚ ਤਾਂ ਸੈਂਕੜਿਆਂ ਦਾ ਰਿਕਾਰਡ ਤੋੜ ਹੀ ਦਿੱਤਾ।

ਵਿਰਾਟ ਨੇ 2008 ਵਿੱਚ ਅੰਡਰ-19 ਵਿਸ਼ਵ ਕੱਪ ਵਿੱਚ ਭਾਰਤ ਦੀ ਕਪਤਾਨੀ ਕਰਦਿਆਂ ਭਾਰਤ ਨੂੰ ਜੂਨੀਅਰ ਵਿਸ਼ਵ ਚੈਂਪੀਅਨ ਬਣਾਇਆ। ਇੱਥੋਂ ਹੀ ਕੋਹਲੀ ਦੇ ਵਿਰਾਟ ਕਰੀਅਰ ਦਾ ਆਰੰਭ ਹੋਇਆ। 18 ਅਗਸਤ 2008 ਨੂੰ ਸ੍ਰੀਲੰਕਾ ਖ਼ਿਲਾਫ਼ ਕੌਮਾਂਤਰੀ ਕ੍ਰਿਕਟ ਦੀ ਪਹਿਲੀ ਪੌੜੀ ਚੜ੍ਹਨ ਵਾਲੇ ਵਿਰਾਟ ਨੇ ਤਿੰਨ ਸਾਲ ਦੇ ਅੰਦਰ ਹੀ 2011 ਵਿੱਚ ਇੱਕ ਰੋਜ਼ਾ ਵਿਸ਼ਵ ਕੱਪ ਦਾ ਕੱਪ ਜਿੱਤ ਲਿਆ, ਜਿਸ ਨੂੰ ਜਿੱਤਣ ਲਈ ਮਹਾਨ ਖਿਡਾਰੀ ਸਚਿਨ ਤੇਂਦੁਲਕਰ ਨੂੰ ਛੇ ਵਿਸ਼ਵ ਕੱਪ ਤੱਕ ਉਡੀਕ ਕਰਨੀ ਪਈ। 2013 ਤੇ 2025 ਵਿੱਚ ਦੋ ਵਾਰ ਚੈਂਪੀਅਨਜ਼ ਟਰਾਫੀ ਜਿੱਤੀ। 2024 ਵਿੱਚ ਟਵੰਟੀ-20 ਵਿਸ਼ਵ ਕੱਪ ਜਿੱਤਿਆ ਅਤੇ ਹੁਣ 2025 ਵਿੱਚ ਆਈ.ਪੀ.ਐਲ. ਟਰਾਫੀ ਜਿੱਤੀ। ਭਾਰਤ ਵਿੱਚ ਇਹ ਸਾਰੇ ਖਿਤਾਬ ਜਿੱਤਣ ਵਾਲੇ ਯੁਵਰਾਜ ਸਿੰਘ ਤੇ ਵਿਰਾਟ ਕੋਹਲੀ- ਦੋ ਹੀ ਕ੍ਰਿਕਟਰ ਹਨ। ਇਸ ਤੋਂ ਇਲਾਵਾ ਉਸ ਨੇ ਦੋ ਵਾਰ ਟੈਸਟ ਰੈਂਕਿੰਗ ਵਿੱਚ ਭਾਰਤ ਨੂੰ ਨੰਬਰ ਇੱਕ ਬਣਾਉਂਦਿਆਂ ਗੁਰਜ ਵੀ ਜਿੱਤੀ। ਉਸ ਨੇ ਤਿੰਨ ਵਾਰ ਏਸ਼ੀਆ ਕੱਪ ਜਿੱਤਿਆ। ਉਪ ਜੇਤੂ ਬਣਨ ਦੀ ਗੱਲ ਕਰੀਏ ਤਾਂ ਵਿਰਾਟ 2023 ਦੇ ਇੱਕ ਰੋਜ਼ਾ ਵਿਸ਼ਵ ਕੱਪ, 2014 ਦੇ ਟਵੰਟੀ-20 ਵਿਸ਼ਵ ਕੱਪ, 2017 ਦੀ ਚੈਂਪੀਅਨਜ਼ ਟਰਾਫੀ ਅਤੇ 2021 ਤੇ 2023 ਦੀ ਵਿਸ਼ਵ ਟੈਸਟ ਚੈਂਪੀਅਨਸ਼ਿਪ ਦਾ ਉਪ ਜੇਤੂ ਰਿਹਾ ਹੈ।

ਵਿਰਾਟ ਕੋਹਲੀ ਦੇ ਅੰਕੜਿਆਂ ਦੀ ਗੱਲ ਕੀਤੀ ਜਾਵੇ ਤਾਂ ਇੱਕ ਰੋਜ਼ਾ ਕ੍ਰਿਕਟ, ਟਵੰਟੀ-20 ਕੌਮਾਂਤਰੀ ਕ੍ਰਿਕਟ ਅਤੇ ਕ੍ਰਿਕਟ ਦੇ ਸਾਰੇ ਫਾਰਮੈਟਾਂ ਵਿੱਚ ਕੁੱਲ ਦੌੜਾਂ ਬਣਾਉਣ ਵਿੱਚ ਉਹ ਤੀਜੇ ਨੰਬਰ ਉਤੇ ਆਉਂਦਾ ਹੈ। ਇੱਕ ਰੋਜ਼ਾ ਕ੍ਰਿਕਟ ਵਿੱਚ ਸਭ ਤੋਂ ਵੱਧ ਸੈਂਕੜੇ ਬਣਾਉਣ ਦਾ ਰਿਕਾਰਡ ਉਸ ਦੇ ਨਾਮ ਹੈ, ਸਚਿਨ ਤੇਂਦੁਲਕਰ ਵੱਲੋਂ ਬੱਲੇਬਾਜ਼ੀ ਵਿੱਚ ਬਣਾਏ ਰਿਕਾਰਡਾਂ ਵਿੱਚੋਂ ਇਹ ਇੱਕੋ-ਇੱਕ ਰਿਕਾਰਡ ਹੈ, ਜੋ ਵਿਰਾਟ ਕੋਹਲੀ ਨੇ ਤੋੜਿਆ ਹੈ। ਸਾਰੇ ਫਾਰਮੈਟ ਮਿਲਾ ਕੇ ਸੈਂਕੜਿਆਂ ਦੇ ਰਿਕਾਰਡ ਵਿੱਚ ਵਿਰਾਟ ਦੂਜੇ ਨੰਬਰ ਉਤੇ ਹੈ। ਵਿਰਾਟ ਕੋਹਲੀ ਭਾਰਤ ਦਾ ਸਭ ਤੋਂ ਸਫਲ ਟੈਸਟ ਕਪਤਾਨ ਵੀ ਹੈ, ਜਿਸ ਨੇ ਆਪਣੀ ਕਪਤਾਨੀ ਹੇਠ ਦੋ ਵਾਰ ਟੈਸਟ ਰੈਂਕਿੰਗ ਵਿੱਚ ਭਾਰਤ ਨੂੰ ਵਿਸ਼ਵ ਦੀ ਨੰਬਰ ਇੱਕ ਟੀਮ ਬਣਾਉਂਦਿਆਂ ਦੋ ਵਾਰ ਟੈਸਟ ਗੁਰਜ ਜਿਤਾਈ ਅਤੇ ਭਾਰਤ ਨੂੰ ਸਭ ਤੋਂ ਵੱਧ ਜਿੱਤਾਂ ਦਿਵਾਈਆਂ। ਵਿਰਾਟ ਕ੍ਰਿਕਟ ਦੇ ਤਿੰਨੇ ਫਾਰਮੈਟ ਟੈਸਟ, ਇੱਕ ਰੋਜ਼ਾ ਤੇ ਟਵੰਟੀ-20 ਵਿੱਚ ਚੋਟੀ ਦਾ ਬੱਲੇਬਾਜ਼ ਰਿਹਾ ਅਤੇ ਤਿੰਨੋਂ ਫਾਰਮੈਟਾਂ ਵਿੱਚ 900 ਰੇਟਿੰਗ ਅੰਕ ਹਾਸਲ ਕਰਨ ਵਾਲਾ ਵਿਸ਼ਵ ਦਾ ਇਕਲੌਤਾ ਬੱਲੇਬਾਜ਼ ਹੈ। ਉਹ ਇੰਡੀਅਨ ਪ੍ਰੀਮੀਅਰ ਲੀਗ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਹੈ।

ਨਿੱਜੀ ਰਿਕਾਰਡਾਂ ਦੀ ਗੱਲ ਕਰੀਏ ਤਾਂ ਵਿਰਾਟ 2023 ਦੇ ਇੱਕ ਰੋਜ਼ਾ ਵਿਸ਼ਵ ਕੱਪ ਵਿੱਚ ਪਲੇਅਰ ਆਫ਼ ਦਾ ਟੂਰਨਾਮੈਂਟ, 2014 ਤੇ 2016 ਵਿੱਚ ਦੋ ਵਾਰ ਟਵੰਟੀ-20 ਵਿਸ਼ਵ ਕੱਪ ਵਿੱਚ ਪਲੇਅਰ ਆਫ਼ ਦਾ ਟੂਰਨਾਮੈਂਟ ਬਣਿਆ ਹੈ। ਵਿਸ਼ਵ ਰੈਂਕਿੰਗ ਦੇ ਮਾਮਲੇ ਵਿੱਚ ਇੱਕ ਰੋਜ਼ਾ ਕ੍ਰਿਕਟ ਵਿੱਚ ਕੋਹਲੀ 2013 ਵਿੱਚ ਹੀ ਨੰਬਰ ਇੱਕ ਬੱਲੇਬਾਜ਼ ਬਣਿਆ, 2015 ਵਿੱਚ ਉਹ ਟਵੰਟੀ-20 ਅਤੇ 2018 ਵਿੱਚ ਟੈਸਟ ਕ੍ਰਿਕਟ ਵਿੱਚ ਵਿਸ਼ਵ ਦਾ ਨੰਬਰ ਇੱਕ ਬੱਲੇਬਾਜ਼ ਬਣਿਆ। ਤਿੰਨੇ ਫਾਰਮੈਟਾਂ ਵਿੱਚ ਇਹ ਸਿਖਰ ਹਾਸਲ ਕਰਨਾ ਉਸ ਦੇ ਹਿੱਸੇ ਹੀ ਆਇਆ। 2011 ਤੋਂ 2020 ਤੱਕ ਇੱਕ ਦਹਾਕੇ ਵਿੱਚ ਉਸ ਨੇ 20 ਹਜ਼ਾਰ ਦੌੜਾਂ ਬਣਾਈਆ ਅਤੇ ਇੱਕ ਦਹਾਕੇ ਵਿੱਚ ਇਹ ਪ੍ਰਾਪਤੀ ਹਾਸਲ ਕਰਨ ਵਾਲਾ ਵੀ ਉਹ ਪਹਿਲਾ ਕ੍ਰਿਕਟਰ ਹੈ।

ਵਿਰਾਟ ਕੋਹਲੀ ਨੇ 10 ਆਈ.ਸੀ.ਸੀ. ਐਵਾਰਡ ਹਾਸਲ ਕੀਤੇ ਅਤੇ ਕੌਮਾਂਤਰੀ ਕ੍ਰਿਕਟ ਵਿੱਚ ਇੰਨੇ ਐਵਾਰਡ ਹਾਸਲ ਕਰਨ ਵਾਲਾ ਉਹ ਪਹਿਲਾ ਕ੍ਰਿਕਟਰ ਹੈ। 2012, 2017, 2018 ਅਤੇ 2023 ਵਿੱਚ ਚਾਰ ਵਾਰ ਇੱਕ ਰੋਜ਼ਾ ਕ੍ਰਿਕਟ ਵਿੱਚ ਐਵਾਰਡ ਮਿਲਿਆ। 2017 ਅਤੇ 2018 ਵਿੱਚ ਦੋ ਵਾਰ ਕ੍ਰਿਕਟਰ ਆਫ਼ ਦ ਯੀਅਰ ਦਾ ਪੁਰਸਕਾਰ ਜਿੱਤਿਆ। 2018 ਵਿੱਚ ਉਸ ਨੇ ਤਿੰਨ ਐਵਾਰਡ ਹਾਸਲ ਕੀਤੇ। ਇੱਕ ਰੋਜ਼ਾ ਤੇ ਟੈਸਟ ਕ੍ਰਿਕਟ ਦੇ ਨਾਲ ਕ੍ਰਿਕਟਰ ਆਫ਼ ਦ ਯੀਅਰ ਪੁਰਸਕਾਰ ਵੀ ਹਾਸਲ ਕੀਤਾ। 2019 ਵਿੱਚ ਸਪਿਰਿਟ ਆਫ਼ ਕ੍ਰਿਕਟ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਅਤੇ 2020 ਵਿੱਚ ਦਹਾਕੇ ਦਾ ਕ੍ਰਿਕਟਰ ਆਫ਼ ਦ ਯੀਅਰ ਅਤੇ ਦਹਾਕੇ ਦਾ ਇੱਕ ਰੋਜ਼ਾ ਕ੍ਰਿਕਟਰ ਆਫ਼ ਦ ਯੀਅਰ ਦਿੱਤਾ ਗਿਆ। ਵਿਰਾਟ ਕੋਹਲੀ ਨੂੰ ਲਗਾਤਾਰ ਤਿੰਨ ਸਾਲਾਂ ਲਈ ਵਿਜ਼ਡਨ ਲੀਡਿੰਗ ਕ੍ਰਿਕਟਰ ਦਾ ਨਾਮ ਵੀ ਦਿੱਤਾ ਗਿਆ।

ਵਿਰਾਟ ਕੋਹਲੀ ਤਿੰਨੇ ਫਾਰਮੈਟਾਂ ਵਿੱਚ ਸਭ ਤੋਂ ਵੱਧ ਪਲੇਅਰ ਆਫ਼ ਦਾ ਸੀਰੀਜ਼ ਅਤੇ ਦੂਜੇ ਨੰਬਰ ਉਤੇ ਸਭ ਤੋਂ ਵੱਧ ਪਲੇਅਰ ਆਫ਼ ਦਾ ਮੈਚ ਪੁਰਸਕਾਰ ਹਾਸਲ ਕਰਨ ਵਾਲਾ ਖਿਡਾਰੀ ਹੈ। ਹੋਰ ਮਾਣ-ਸਨਮਾਨਾਂ ਦੀ ਗੱਲ ਕਰੀਏ ਤਾਂ ਵਿਰਾਟ ਨੇ 2013 ਵਿੱਚ ਅਰਜੁਨਾ ਐਵਾਰਡ, 2017 ਵਿੱਚ ਪਦਮਸ਼੍ਰੀ ਅਤੇ 2018 ਵਿੱਚ ਭਾਰਤ ਦਾ ਸਭ ਤੋਂ ਵੱਡਾ ਖੇਡ ਸਨਮਾਨ ਖੇਲ ਰਤਨ ਪੁਰਸਕਾਰ ਹਾਸਲ ਕੀਤਾ। 'ਟਾਈਮ' ਰਸਾਲੇ ਨੇ ਉਸ ਨੂੰ 2018 ਵਿੱਚ ਦੁਨੀਆ ਦੇ 100 ਸਭ ਤੋਂ ਪ੍ਰਭਾਵਸ਼ਾਲੀ ਲੋਕਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ।

ਵਿਰਾਟ ਕੋਹਲੀ ਨੇ 2024 ਵਿੱਚ ਟਵੰਟੀ-20 ਵਿਸ਼ਵ ਕੱਪ ਜਿੱਤਣ ਤੋਂ ਬਾਅਦ ਕ੍ਰਿਕਟ ਦੇ ਇਸ ਛੋਟੇ ਫਾਰਮੈਟ ਤੋਂ ਸੰਨਿਆਸ ਲਿਆ ਅਤੇ ਇਸ ਸਾਲ ਉਸ ਨੇ ਟੈਸਟ ਤੋਂ ਸੰਨਿਆਸ ਲਿਆ। ਹੁਣ ਉਹ ਕੌਮਾਂਤਰੀ ਕ੍ਰਿਕਟ ਵਿੱਚ ਇਕੱਲਾ ਇੱਕ ਰੋਜ਼ਾ ਖੇਡੇਗਾ ਅਤੇ ਉਮੀਦ ਕਰਦੇ ਹਾਂ ਕਿ 2027 ਤੱਕ ਉਹ ਟੀਮ ਦਾ ਹਿੱਸਾ ਰਹੇਗਾ। ਉਸ ਦੀ ਫਿਟਨੈਸ ਅਤੇ ਫਾਰਮ ਨੂੰ ਦੇਖਦਿਆਂ ਆਈ.ਪੀ.ਐਲ. ਵਿੱਚ ਹਾਲੇ ਕੁਝ ਸਾਲ ਹੋਰ ਖੇਡਦਾ ਨਜ਼ਰ ਆਵੇਗਾ। ਇੱਕ ਰੋਜ਼ਾ ਕ੍ਰਿਕਟ ਹਾਲੇ ਵਿਰਾਟ ਨੇ ਖੇਡਣੀ ਹੈ। ਹੁਣ ਤੱਕ ਉਹ 302 ਇੱਕ ਰੋਜ਼ਾ ਮੈਚਾਂ ਵਿੱਚ 57.88 ਦੀ ਔਸਤ ਨਾਲ 14,181 ਦੌੜਾਂ ਬਣਾ ਚੁੱਕਾ ਹੈ, ਜਿਸ ਵਿੱਚ 51 ਸੈਂਕੜੇ ਤੇ 74 ਅਰਧ ਸੈਂਕੜੇ ਹਨ। ਸਭ ਤੋਂ ਵੱਧ 51 ਸੈਂਕੜੇ ਅਤੇ ਸਕੋਰ ਦਾ ਪਿੱਛਾ ਕਰਦਿਆਂ ਸਭ ਤੋਂ ਵੱਧ 26 ਸੈਂਕੜਿਆਂ ਦਾ ਰਿਕਾਰਡ ਬਣਾਉਣ ਵਾਲਾ ਵਿਰਾਟ 2023 ਦੇ ਵਿਸ਼ਵ ਕੱਪ ਵਿੱਚ, ਵਿਸ਼ਵ ਕੱਪ ਦੇ ਇਤਿਹਾਸ ਵਿੱਚ ਇੱਕ ਮੁਕਾਬਲੇ ਦੌਰਾਨ ਸਭ ਤੋਂ ਵੱਧ ਦੌੜਾਂ 765 ਬਣਾਉਣ ਵਾਲਾ ਬੱਲੇਬਾਜ਼ ਵੀ ਬਣਿਆ। 8000 ਤੋਂ 14,000 ਤੱਕ ਉਹ ਸਭ ਤੋਂ ਤੇਜ਼ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਹੈ। ਟਵੰਟੀ-20 ਕ੍ਰਿਕਟ ਤੋਂ ਸੰਨਿਆਸ ਲੈ ਚੁੱਕੇ ਵਿਰਾਟ ਨੇ ਖੇਡ ਦੇ ਇਸ ਸਭ ਤੋਂ ਛੋਟੇ ਫਾਰਮੈਟ ਵਿੱਚ 125 ਮੈਚਾਂ ਵਿੱਚ 48.69 ਦੀ ਔਸਤ ਨਾਲ 4188 ਦੌੜਾਂ ਬਣਾਈਆਂ ਹਨ, ਜਿਸ ਵਿੱਚ ਇੱਕ ਸੈਂਕੜਾ ਤੇ 38 ਅਰਧ ਸੈਂਕੜੇ ਸ਼ਾਮਲ ਹਨ। ਟਵੰਟੀ-20 ਵਿੱਚ ਉਹ ਸਰਵੋਤਮ ਔਸਤ ਵਾਲਾ ਖਿਡਾਰੀ ਹੈ।

ਖਿਡਾਰੀਆਂ ਦੀ ਖੇਡ ਤੋਂ ਰਿਟਾਇਰਮੈਂਟ ਲੈਣ ਬਾਰੇ ਇੱਕ ਕਥਨ ਸਭ ਤੋਂ ਅਹਿਮ ਹੈ ਕਿ ਜਦੋਂ ਕਿਸੇ ਖਿਡਾਰੀ ਦੇ ਸੰਨਿਆਸ ਦੇ ਐਲਾਨ ਮੌਕੇ ਸਾਰੇ ਹੈਰਾਨ ਹੋ ਕੇ ਕਹਿਣ 'ਕਿਉਂ?' ਤਾਂ ਉਹ ਉਸ ਖਿਡਾਰੀ ਖਿਡਾਰੀ ਦੀ ਮਹਾਨਤਾ ਆਪਣੇ ਆਪ ਦੱਸ ਦਿੰਦਾ ਹੈ। ਵਿਰਾਟ ਨੇ ਜਿਉਂ ਹੀ ਟੈਸਟ ਕ੍ਰਿਕਟ ਨੂੰ ਅਲਵਿਦਾ ਆਖੀ ਤਾਂ ਹਰ ਖੇਡ ਪ੍ਰੇਮੀ ਹੈਰਾਨ ਸੀ। ਵਿਰਾਟ ਨੇ ਟਵੰਟੀ-20 ਦੇ ਦੌਰ ਵਿੱਚ ਵੀ ਟੈਸਟ ਦੀ ਅਹਿਮੀਅਤ ਬਣਾ ਕੇ ਰੱਖੀ ਹੋਈ ਸੀ। ਵਿਰਾਟ ਨੇ ਨੀਰਸ ਤੇ ਹੌਲੀ ਸਮਝੇ ਜਾਂਦੇ ਕ੍ਰਿਕਟ ਦੇ ਇਸ ਫਾਰਮੈਟ ਵਿੱਚ ਆਪਣੇ ਜੋਸ਼, ਜਲੌਅ ਤੇ ਹਮਲਾਵਰ ਰੁਖ ਨਾਲ ਜਾਨ ਪਾਈ ਰੱਖੀ। ਉਹ ਕਪਤਾਨੀ ਤੇ ਫੀਲਡਿੰਗ ਕਰਦਾ ਹੋਇਆ ਵੀ ਜੋਸ਼ ਵਿੱਚ ਸਾਰੇ ਖਿਡਾਰੀਆਂ ਨੂੰ ਉਤਸੁਕ ਰੱਖਦਾ। ਵਿਰਾਟ ਦੀ ਕਪਤਾਨੀ ਵਿੱਚ ਭਾਰਤ ਦੇ ਤੇਜ਼ ਗੇਂਦਬਾਜ਼ਾਂ ਦਾ ਜਾਦੂ ਸਿਰ ਚੜ੍ਹ ਬੋਲਿਆ, ਚਾਹੇ ਉਹ ਬੁੰਮਰਾਹ ਹੋਵੇ, ਸ਼ੰਮੀ ਜਾਂ ਸਿਰਾਜ, ਚਾਹੇ ਫੇਰ ਇਸ਼ਾਂਤ ਸ਼ਰਮਾ ਹੋਵੇ। ਵਿਰਾਟ ਨੇ ਭਾਰਤੀ ਪੇਸ ਅਟੈਕ ਦੀ ਖੁੰਢੀ ਧਾਰ ਨੂੰ ਆਪਣੇ ਹਮਲਾਵਰ ਰੁਖ ਨਾਲ ਇੰਨਾ ਤੇਜ਼ ਕੀਤਾ ਕਿ ਭਾਰਤ ਨੇ ਇੰਗਲੈਂਡ, ਦੱਖਣੀ ਅਫਰੀਕਾ ਤੇ ਆਸਟਰੇਲੀਆ ਵਿੱਚ ਜਾ ਕੇ ਟੈਸਟ ਜਿੱਤਣੇ ਸ਼ੁਰੂ ਕੀਤੇ। ਭਾਰਤੀ ਕ੍ਰਿਕਟ ਵਿੱਚ ਸੌਰਵ ਗਾਂਗੁਲੀ ਤੋਂ ਬਾਅਦ ਵਿਰਾਟ ਨੇ ਭਾਰਤੀ ਕ੍ਰਿਕਟ ਟੀਮ ਵਿੱਚ ਜੋਸ਼ ਭਰਿਆ।

ਅੰਕੜਿਆਂ ਦੀ ਗੱਲ ਕਰੀਏ ਤਾਂ ਵਿਰਾਟ ਕੋਹਲੀ ਨੇ ਆਪਣੇ ਟੈਸਟ ਕਰੀਅਰ ਵਿੱਚ 123 ਮੈਚ ਖੇਡਦਿਆਂ 46.85 ਦੀ ਔਸਤ ਨਾਲ ਕੁੱਲ 9230 ਦੌੜਾਂ ਬਣਾਈਆਂ। ਭਾਰਤੀ ਬੱਲੇਬਾਜ਼ਾਂ ਵਿੱਚ ਟੈਸਟ ਵਿੱਚ ਦੌੜਾਂ ਬਣਾਉਣ ਵਿੱਚ ਉਹ ਸਚਿਨ ਤੇਂਦੁਲਕਰ, ਰਾਹੁਲ ਦਰਾਵਿੜ ਤੇ ਸੁਨੀਲ ਗਾਵਸਕਰ ਤੋਂ ਬਾਅਦ ਚੌਥੇ ਨੰਬਰ ਉਤੇ ਹੈ। ਟੈਸਟ ਤੋਂ ਰਿਟਾਇਰਮੈਂਟ ਮੌਕੇ ਉਹ 10,000 ਟੈਸਟ ਦੌੜਾਂ ਦੇ ਮੀਲ ਪੱਥਰ ਤੋਂ ਸਿਰਫ 770 ਦੌੜਾਂ ਪਿਛੇ ਸੀ ਅਤੇ ਕੋਹਲੀ ਦੀ ਫਿਟਨੈਸ ਤੇ ਫਾਰਮ ਨੂੰ ਦੇਖਦਿਆਂ ਇਹ ਮੀਲ ਪੱਥਰ ਵੀ ਇੱਕ ਸਾਲ ਦੇ ਅੰਦਰ ਪੂਰਾ ਹੋਣ ਦੀ ਉਮੀਦ ਸੀ, ਜੇਕਰ ਉਹ ਸੰਨਿਆਸ ਨਾ ਲੈਂਦਾ। ਵਿਰਾਟ ਨੇ ਟੈਸਟ ਕਰੀਅਰ ਵਿੱਚ 30 ਸੈਂਕੜੇ ਤੇ 31 ਅਰਧ ਸੈਂਕੜੇ ਲਾਏ। ਸੱਤ ਦੋਹਰੇ ਸੈਂਕੜੇ ਵੀ ਲਾਏ। ਸੈਂਕੜੇ ਲਾਉਣ ਵਿੱਚ ਵੀ ਉਹ ਚੌਥੇ ਨੰਬਰ ਉਤੇ ਹੈ। ਦੱਖਣੀ ਅਫਰੀਕਾ ਖਿਲਾਫ ਨਾਬਾਦ 254 ਦੌੜਾਂ ਦੀ ਪਾਰੀ ਉਸ ਦਾ ਨਿੱਜੀ ਸਰਵੋਤਮ ਸਕੋਰ ਹੈ। ਵਿਰਾਟ ਨੇ 30 ਟੈਸਟ ਸੈਂਕੜਿਆਂ ਵਿੱਚੋਂ ਸਭ ਤੋਂ ਵੱਧ ਆਸਟਰੇਲੀਆ ਖਿਲਾਫ 9 ਸੈਂਕੜੇ ਲਗਾਏ ਹਨ। ਉਹ ਸਭ ਤੋਂ ਵੱਧ ਸੱਤ ਦੋਹਰੇ ਸੈਂਕੜੇ ਲਾਉਣ ਵਾਲਾ ਭਾਰਤੀ ਹੈ ਤੇ ਕਪਤਾਨ ਵਜੋਂ ਵੀ ਸਭ ਤੋਂ ਵੱਧ ਛੇ ਦੋਹਰੇ ਸੈਂਕੜੇ ਲਾਉਣ ਦਾ ਰਿਕਾਰਡ ਵੀ ਉਸ ਦੇ ਨਾਮ ਹੈ। 2016 ਤੇ 2017 ਵਿੱਚ ਤਿੰਨ-ਤਿੰਨ ਦੋਹਰੇ ਸੈਂਕੜਿਆਂ ਨਾਲ ਲਗਾਤਾਰ ਦੋ ਸਾਲ ਸਭ ਤੋਂ ਵੱਧ ਦੋਹਰੇ ਸੈਂਕੜੇ ਲਾਉਣ ਦਾ ਰਿਕਾਰਡ ਵੀ ਉਸ ਦੇ ਨਾਮ ਦਰਜ ਹੈ। 2018 ਵਿੱਚ ਉਸ ਦੇ ਟੈਸਟ ਰੈਂਕਿੰਗ ਵਿੱਚ 937 ਅੰਕ ਸਨ, ਜੋ ਕਿ ਕਿਸੇ ਵੀ ਭਾਰਤੀ ਵੱਲੋਂ ਹਾਸਲ ਕੀਤੇ ਸਭ ਤੋਂ ਵੱਧ ਰੇਟਿੰਗ ਅੰਕ ਹਨ।

ਵਿਰਾਟ ਕੋਹਲੀ ਨੇ ਕਪਤਾਨ ਵਜੋਂ ਖੇਡੇ 68 ਟੈਸਟ ਮੈਚਾਂ ਵਿੱਚੋਂ 40 ਜਿੱਤੇ ਹਨ, ਜੋ ਕਿ ਸਭ ਤੋਂ ਵੱਧ ਟੈਸਟ ਜਿੱਤਣ ਵਾਲਾ ਭਾਰਤੀ ਕਪਤਾਨ ਹੈ। ਵਿਰਾਟ ਕੋਹਲੀ ਦੇ ਬਿਹਤਰੀਨ ਟੂਰਾਂ ਵਿੱਚੋਂ ਸਭ ਤੋਂ ਉਪਰ 2014-15 ਦਾ ਆਸਟਰੇਲੀਅਨ ਟੂਰ ਹੈ, ਜਦੋਂ ਉਸ ਨੇ 86.50 ਦੀ ਔਸਤ ਨਾਲ ਕੁੱਲ 692 ਦੌੜਾਂ ਬਣਾਈਆਂ, ਜਿਸ ਵਿੱਚ ਚਾਰ ਸੈਂਕੜੇ ਵੀ ਸ਼ਾਮਲ ਸਨ। ਵਿਰਾਟ ਦੀਆਂ ਕਈ ਬਿਹਤਰੀਨ ਪਾਰੀਆਂ ਹਨ, ਜੋ ਖੇਡ ਪ੍ਰੇਮੀਆਂ ਨੂੰ ਸਦੀਵੀ ਯਾਦ ਰਹਿਣਗੀਆਂ। 2013 ਵਿੱਚ ਜੋਹਨਸਬਰਗ ਵਿਖੇ ਦੱਖਣੀ ਅਫ਼ਰੀਕਾ ਖਿਲਾਫ ਦੋਵੇਂ ਪਾਰੀਆਂ ਵਿੱਚ ਕ੍ਰਮਵਾਰ 119 ਤੇ 96 ਦੌੜਾਂ, 2014 ਵਿੱਚ ਐਡੀਲੇਡ ਵਿਖੇ ਆਸਟਰੇਲੀਆ ਖਿਲਾਫ਼ ਦੋਵੇਂ ਪਾਰੀਆਂ ਵਿੱਚ ਸੈਂਕੜਾ, 2016 ਵਿੱਚ ਮੁੰਬਈ ਵਿਖੇ ਇੰਗਲੈਂਡ ਖਿਲਾਫ 235 ਦੌੜਾਂ, 2018 ਵਿੱਚ ਬਰਮਿੰਘਮ ਵਿਖੇ ਇੰਗਲੈਂਡ ਖਿਲਾਫ 149 ਦੌੜਾਂ, 2016 ਵਿੱਚ ਸੈਂਚੁਰੀਅਨ ਵਿਖੇ ਦੱਖਣੀ ਅਫ਼ਰੀਕਾ ਖਿਲਾਫ 153 ਦੌੜਾਂ, 2019 ਵਿੱਚ ਪੁਣੇ ਵਿਖੇ ਦੱਖਣੀ ਅਫ਼ਰੀਕਾ ਖਿਲਾਫ ਆਪਣਾ ਸਰਵੋਤਮ ਸਕੋਰ ਨਾਬਾਦ 254 ਦੌੜਾਂ ਅਹਿਮ ਪਾਰੀਆਂ ਵਿੱਚੋਂ ਇੱਕ ਹਨ। ਕੋਹਲੀ ਨੇ ਆਪਣਾ ਆਖ਼ਰੀ ਸੈਂਕੜਾ ਪਿਛਲੇ ਸਾਲ ਆਸਟਰੇਲੀਆ ਦੌਰੇ ਉਤੇ ਪਰਥ ਵਿਖੇ ਬਣਾਇਆ, ਜਿੱਥੇ ਉਸ ਦੀ ਨਾਬਾਦ 100 ਦੌੜਾਂ ਦੀ ਪਾਰੀ ਨੇ ਭਾਰਤ ਨੂੰ ਜਿੱਤ ਦਿਵਾਈ। ਪਰਥ ਵਿਖੇ ਉਸ ਦਾ ਇਹ ਦੂਜਾ ਸੈਂਕੜਾ ਸੀ। ਟੈਸਟ ਵਿੱਚ ਉਹ ਕਪਤਾਨ ਵਜੋਂ ਭਾਰਤ ਲਈ ਸਭ ਤੋਂ ਵੱਧ 5864 ਦੌੜਾਂ ਬਣਾਉਣ ਵਾਲਾ ਖਿਡਾਰੀ ਹੈ।

ਟੈਸਟ ਕ੍ਰਿਕਟ ਨੂੰ ਸਭ ਤੋਂ ਵੱਧ ਅਹਿਮੀਅਤ ਦੇਣ ਵਾਲੇ ਵਿਰਾਟ ਕੋਹਲੀ ਨੇ ਆਖਿਆ, "ਆਈ.ਪੀ.ਐਲ. ਜਿੱਤਣਾ ਮੇਰੇ ਕਰੀਅਰ ਦੇ ਸਭ ਤੋਂ ਵਧੀਆ ਪਲਾਂ ਵਿੱਚੋਂ ਹੈ, ਪਰ ਇਹ ਅਜੇ ਵੀ ਟੈਸਟ ਕ੍ਰਿਕਟ ਤੋਂ ਪੰਜ ਦਰਜੇ ਹੇਠਾਂ ਹੈ। ਮੈਂ ਟੈਸਟ ਕ੍ਰਿਕਟ ਦੀ ਬਹੁਤ ਕਦਰ ਕਰਦਾ ਹਾਂ ਅਤੇ ਟੈਸਟ ਕ੍ਰਿਕਟ ਨੂੰ ਬਹੁਤ ਪਿਆਰ ਕਰਦਾ ਹਾਂ। ਇਸ ਲਈ ਮੈਂ ਆਉਣ ਵਾਲੇ ਨੌਜਵਾਨਾਂ ਨੂੰ ਬੇਨਤੀ ਕਰਾਂਗਾ ਕਿ ਉਹ ਉਸ ਫਾਰਮੈਟ ਨੂੰ ਸਤਿਕਾਰ ਨਾਲ ਵਰਤਣ; ਕਿਉਂਕਿ ਜੇਕਰ ਤੁਸੀਂ ਟੈਸਟ ਕ੍ਰਿਕਟ ਵਿੱਚ ਪ੍ਰਦਰਸ਼ਨ ਕਰਦੇ ਹੋ, ਤਾਂ ਤੁਸੀਂ ਆਪਣੇ ਆਪ ਨੂੰ ਸਾਬਤ ਕਰੋਗੇ। ਜੇਕਰ ਤੁਸੀਂ ਪੂਰੀ ਦੁਨੀਆ ਵਿੱਚ ਵਿਸ਼ਵ ਕ੍ਰਿਕਟ ਵਿੱਚ ਸਤਿਕਾਰ ਕਮਾਉਣਾ ਚਾਹੁੰਦੇ ਹੋ, ਤਾਂ ਟੈਸਟ ਕ੍ਰਿਕਟ ਨੂੰ ਅਪਣਾਓ।"

ਆਈ.ਪੀ.ਐਲ. ਵਿੱਚ ਰਾਇਲ ਚੈਲੇਂਜਰਜ਼ ਬੰਗਲੌਰ ਵੱਲੋਂ ਖੇਡਦਿਆਂ 18 ਅਪਰੈਲ 2008 ਤੋਂ 3 ਜੂਨ 2025 ਤੱਕ ਵਿਰਾਟ ਕੋਹਲੀ ਦਾ ਆਈ.ਪੀ.ਐਲ. ਦਾ ਸਫ਼ਰ ਜੋ ਉਸ ਦੀ ਕਰੜੀ ਤਪੱਸਿਆ, ਮਿਹਨਤ, ਜਜ਼ਬੇ ਅਤੇ ਕਦੇ ਵੀ ਹਾਰ ਕੇ ਨਾ ਬੈਠਣ ਦੇ ਦ੍ਰਿੜ ਇਰਾਦੇ ਨੂੰ ਦਰਸਾਉਂਦਾ ਹੈ। ਇਸ ਸਫਰ ਵਿੱਚ ਵਿਰਾਟ ਨੇ 3 ਜੂਨ ਤੋਂ ਪਹਿਲਾਂ ਹਰ ਕੁਝ ਹਾਸਲ ਕਰ ਲਿਆ ਸੀ, ਸਿਰਫ ਟਰਾਫ਼ੀ ਦੀ ਕਮੀ ਸੀ ਜੋ ਉਸ ਰਾਤ ਪੂਰੀ ਹੋ ਗਈ। ਵਿਰਾਟ ਸਾਰੇ ਦੇ ਸਾਰੇ 18 ਸੀਜ਼ਨ ਰਾਇਲ ਚੈਲੇਂਜਰਜ਼ ਬੰਗਲੌਰ ਵੱਲੋਂ ਖੇਡਣ ਵਾਲਾ ਇਕਲੌਤਾ ਖਿਡਾਰੀ ਹੈ, ਜਿਸ ਦੇ ਹੁੰਦਿਆਂ ਉਸ ਦੀ ਟੀਮ 10 ਵਾਰ ਪਲੇਅ ਆਫ਼ ਵਿੱਚ ਪੁੱਜੀ। ਚਾਰ ਫਾਈਨਲ ਖੇਡੇ ਜਿਨ੍ਹਾਂ ਵਿੱਚੋਂ ਇੱਕ ਜਿੱਤਿਆ ਤੇ ਤਿੰਨ ਵਾਰ ਉਪ ਜੇਤੂ ਰਹੀ। ਆਈ.ਪੀ.ਐਲ. ਦੇ ਨਿੱਜੀ ਰਿਕਾਰਡਾਂ ਵੀ ਉਸ ਦੇ ਵਿਰਾਟ ਹੀ ਹਨ। ਇਸ ਲੀਗ ਵਿੱਚ ਸਭ ਤੋਂ ਵੱਧ ਦੌੜਾਂ (8618), ਕਪਤਾਨ ਵਜੋਂ ਸਭ ਤੋਂ ਵੱਧ ਦੌੜਾਂ (4994), ਇੱਕ ਸੀਜ਼ਨ ਵਿੱਚ ਸਭ ਤੋਂ ਵੱਧ ਦੌੜਾਂ (2016 ਵਿੱਚ 973), ਸਭ ਤੋਂ ਵੱਧ ਸੈਂਕੜੇ (8), ਸਭ ਤੋਂ ਵੱਧ ਅਰਧ ਸੈਂਕੜੇ (63), ਇੱਕ ਸੀਜ਼ਨ ਵਿੱਚ ਸਭ ਤੋਂ ਵੱਧ ਸੈਂਕੜੇ (2016 ਵਿੱਚ 4), ਸਭ ਤੋਂ ਵੱਧ ਚੌਕੇ (768), ਸਭ ਤੋਂ ਵੱਧ ਕੈਚ (114), ਚੇਜ ਵਿੱਚ ਸਭ ਤੋਂ ਵੱਧ ਦੌੜਾਂ (2205), ਇੱਕ ਸੀਜ਼ਨ ਵਿੱਚ ਸਭ ਤੋਂ ਵੱਧ 500 ਤੋਂ ਵੱਧ ਦੌੜਾਂ (8 ਵਾਰ), ਇੱਕ ਸੀਜ਼ਨ ਵਿੱਚ ਸਭ ਤੋਂ ਵੱਧ 600 ਤੋਂ ਵੱਧ ਦੌੜਾਂ (5 ਵਾਰ) ਚਾਰ ਟੀਮਾਂ ਖਿਲਾਫ 1000 ਦੌੜਾਂ, ਆਦਿ ਸਭ ਰਿਕਾਰਡ ਉਸ ਦੇ ਨਾਮ ਹਨ।

ਵਿਰਾਟ ਨੇ ਆਪਣੇ ਕਰੀਅਰ ਦੇ ਪਹਿਲੇ ਹੀ ਸਾਲ ਜੂਨੀਅਰ ਵਿਸ਼ਵ ਕੱਪ ਅਤੇ ਤੀਜੇ ਹੀ ਸਾਲ ਇੱਕ ਰੋਜ਼ਾ ਵਿਸ਼ਵ ਕੱਪ ਜਿੱਤ ਲਿਆ। ਆਈ.ਪੀ.ਐਲ. ਜਿੱਤਣ ਲਈ ਉਸ ਨੂੰ 18 ਸਾਲ ਲੱਗੇ, ਜਿਸ ਨੂੰ ਜਿੱਤਣ ਤੋਂ ਬਾਅਦ ਉਸ ਵੱਲੋਂ ਸਭ ਤੋਂ ਪਹਿਲੀ ਕੀਤੀ ਇੰਟਰਵਿਊ ਦੌਰਾਨ

⇒ ਬਾਕੀ ਅਗਲੇ ਸਫ਼ੇ ਉਤੇ ਪੜ੍ਹੋ

# ਸਿੱਖ ਧਰਮ ਦੀ ਚੰਗੀ ਸਮਝ ਰੱਖਦਾ ਹੈ 'ਸਵੀਡਨ'

ਬੋਲਦੇ ਪੰਨੇ



ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008

*ਪੰਜਾਬੀਆਂ ਨੇ ਦੇਸ਼-ਵਿਦੇਸ਼ ਵਿੱਚ ਮੱਲਾਂ ਮਾਰ ਕੇ ਪੰਜਾਬੀਅਤ ਦਾ ਲੋਹਾ ਸੰਸਾਰ ਭਰ 'ਚ ਮੰਨਵਾਇਆ ਹੈ। ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ। ਭਾਰਤੀ ਪੰਜਾਬ ਤੋਂ ਸਵੀਡਨ ਵੱਲ ਨੂੰ ਜਾਣ ਵਾਲੇ ਪੰਜਾਬੀਆਂ ਦੀ ਗਿਣਤੀ ਕਿਸੇ ਵੇਲੇ ਕਾਫੀ ਰਹੀ ਹੈ; ਹਾਲਾਂਕਿ ਇਹ ਰੁਝਾਨ ਹੁਣ ਕਾਫੀ ਘਟ ਗਿਆ ਹੈ, ਪਰ ਸਵੀਡਿਸ਼ ਟੈਲੀਫ਼ੋਨ ਡਾਇਰੈਕਟਰੀ ਵਿੱਚ ਵੀ ਕਦੇ ਸਿੱਖਾਂ ਦੇ ਨਾਮ ਦਰਜ ਸਨ। ਮੰਨਿਆ ਜਾਂਦਾ ਹੈ ਕਿ ਸਵੀਡਨ ਦੇ ਬੁੱਧੀਜੀਵੀ ਸਿੱਖ ਧਰਮ ਦੀ ਚੰਗੀ ਸਮਝ ਰੱਖਦੇ ਹਨ। ਸਵੀਡਨ ਨਾਲ ਭਾਰਤ ਦੇ ਸਬੰਧ ਕਾਫੀ ਪੁਰਾਣੇ ਹਨ ਅਤੇ ਇਹ ਉਹ ਦੇਸ਼ ਹੈ, ਜਿੱਥੋਂ ਦੁਨੀਆਂ ਦਾ ਸਭ ਤੋਂ ਵੱਡਾ ਇਨਾਮ 'ਨੋਬਲ ਇਨਾਮ' ਐਲਾਨਿਆ ਅਤੇ ਪ੍ਰਦਾਨ ਕੀਤਾ ਜਾਂਦਾ ਹੈ। ਪੇਸ਼ ਹੈ, ਸਵੀਡਨ ਨਾਲ ਪੰਜਾਬੀਆਂ ਦੀ ਸਾਂਝ ਦਾ ਸੰਖੇਪ ਵੇਰਵਾ...*

ਉੱਤਰੀ ਯੂਰਪ ਦਾ ਕੁਦਰਤੀ ਖ਼ੂਬਸੂਰਤੀ ਭਰਿਆ ਦੇਸ਼ ਸਵੀਡਨ ਯੂਰਪ ਦਾ ਪੰਜਵਾਂ ਸਭ ਤੋਂ ਵੱਡਾ ਦੇਸ਼ ਹੈ। ਇੱਥੋਂ ਦੀ ਕੁੱਲ ਆਬਾਦੀ 1.06 ਕਰੋੜ ਦੇ ਕਰੀਬ ਹੈ ਤੇ ਕੁੱਲ ਰਕਬਾ 4,50,925 ਵਰਗ ਕਿਲੋਮੀਟਰ ਹੈ। ਖੇਤਰਫ਼ਲ ਵੱਧ ਅਤੇ ਆਬਾਦੀ ਘੱਟ ਹੋਣ ਕਰਕੇ ਇੱਥੇ ਵੱਸੋਂ ਘਣਤਾ 25.5 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਬਣਦੀ ਹੈ। ਇਸਦੀ ਰਾਜਧਾਨੀ ਸਟਾਕਹੋਮ ਹੈ। ਸਵੀਡਨ ਉਹ ਦੇਸ਼ ਹੈ, ਜਿੱਥੋਂ ਦੁਨੀਆਂ ਦਾ ਸਭ ਤੋਂ ਵੱਡਾ ਇਨਾਮ 'ਨੋਬਲ ਇਨਾਮ' ਐਲਾਨਿਆ ਅਤੇ ਪ੍ਰਦਾਨ ਕੀਤਾ ਜਾਂਦਾ ਹੈ।

ਸਵੀਡਨ ਨਾਲ ਭਾਰਤ ਦੇ ਸਬੰਧ ਕਾਫੀ ਪੁਰਾਣੇ ਹਨ। ਇੱਥੇ ਹੈਲਗੋ ਨਾਮਕ ਸਥਾਨ ਤੋਂ ਸੰਨ 1954 ਵਿੱਚ ਕੀਤੀ ਖੁਦਾਈ ਦੌਰਾਨ ਅੱਠਵੀਂ ਸਦੀ ਦੇ ਵਾਈਕਿੰਗ ਸਮੁੰਦਰੀ ਜਹਾਜ਼ ਦੇ ਮਲਬੇ ਵਿੱਚੋਂ ਮਹਾਤਮਾ ਬੁੱਧ ਦੀ ਇੱਕ ਤਾਂਬੇ ਦੀ ਮੂਰਤੀ ਮਿਲੀ ਸੀ, ਜੋ ਕਿ ਪੰਜਵੀਂ ਸਦੀ ਦੌਰਾਨ ਭਾਰਤ ਦੇ ਸਵਰਗ ਆਖੇ ਜਾਂਦੇ ਸੂਬੇ ਕਸ਼ਮੀਰ ਵਿਖੇ ਬਣੀ ਹੋਣ ਦੇ ਪ੍ਰਮਾਣ ਮਿਲੇ ਹਨ। ਮਾਰਚ 2015 ਵਿੱਚ ਸਵੀਡਨ ਦੇ ਡਾਕ ਵਿਭਾਗ ਨੇ ਉਕਤ ਮੂਰਤੀ ਨੂੰ ਦਰਸਾਉਂਦਾ ਇੱਕ ਡਾਕ ਟਿਕਟ ਵੀ ਜਾਰੀ ਕੀਤਾ ਸੀ। ਸਵੀਡਨ ਦੇ ਭਾਰਤ ਨਾਲ ਕੇਵਲ ਸੱਭਿਆਚਾਰਕ ਹੀ ਨਹੀਂ, ਸਗੋਂ ਆਰਥਿਕ, ਰਾਜਨੀਤਿਕ, ਵਪਾਰਕ ਅਤੇ ਵਿਗਿਆਨਕ ਸਬੰਧ ਵੀ ਬੜੇ ਮਜਬੂਤ ਹਨ। ਸੰਨ 1913 ਵਿੱਚ ਸਵੀਡਨ ਨੇ ਭਾਰਤ ਦੇ ਮਹਾਨ ਕਵੀ ਰਬਿੰਦਰਨਾਥ ਟੈਗੋਰ ਦੀ ਪੁਸਤਕ 'ਗੀਤਾਂਜਲੀ' ਲਈ ਨੋਬਲ ਇਨਾਮ ਦਾ ਐਲਾਨ ਕੀਤਾ ਸੀ ਤੇ ਸੰਨ 1926 ਵਿੱਚ ਵੀ ਟੈਗੋਰ ਨੇ ਸਵੀਡਨ ਦੀ ਯਾਤਰਾ ਕੀਤੀ ਸੀ। ਸਵੀਡਨ ਨੇ ਸੰਨ 2009 ਅਤੇ 2019 ਵਿੱਚ ਭਾਰਤ ਨਾਲ ਰੱਖਿਆ ਖੇਤਰ ਵਿੱਚ ਕਈ ਸਮਝੌਤੇ ਕੀਤੇ ਹਨ ਤੇ ਭਾਰਤ ਦੇ 'ਚੰਦਰਯਾਨ-1' ਅਤੇ 'ਵੀਨਸ ਮਿਸ਼ਨ' ਲਈ ਆਪਣੀ ਸਹਾਇਤਾ ਵੀ ਪ੍ਰਦਾਨ ਕੀਤੀ ਹੈ। ਸਵੀਡਨ ਦੀ ਇੱਕ ਸੰਸਥਾ 'ਸਾਬ' ਨੇ ਭਾਰਤ ਦੇ ਹਰਿਆਣਾ ਵਿਖੇ ਇੱਕ ਹਥਿਆਰ ਬਣਾਉਣ ਦੇ ਕਾਰਖ਼ਾਨੇ ਦੀ ਵੀ ਸਥਾਪਨਾ ਕਰ ਦਿੱਤੀ ਹੈ।

ਸਾਲ 2001 ਤੋਂ 2010 ਤੱਕ 7870 ਭਾਰਤੀ ਵਿਦਿਆਰਥੀ ਉਚ-ਵਿੱਦਿਆ ਪ੍ਰਾਪਤੀ ਲਈ ਸਵੀਡਨ ਪੁੱਜੇ ਸਨ। ਸੰਨ 2016 ਵਿੱਚ ਇੱਥੇ ਭਾਰਤੀਆਂ ਦੀ ਗਿਣਤੀ 25,719 ਸੀ, ਜਿਨ੍ਹਾਂ ਵਿੱਚ ਜ਼ਿਆਦਾਤਰ ਲੋਕ ਪੰਜਾਬੀ, ਬੰਗਾਲੀ ਅਤੇ ਦੱਖਣ ਭਾਰਤੀ ਮੂਲ ਦੇ ਸਨ। ਸਵੀਡਨ ਦੇ 'ਇੰਸਟੀਚਿਊਟ ਆਫ਼ ਲੇਬਰ ਇਕਨਾਮਿਕਸ' ਵੱਲੋਂ ਸਾਲ 2014 ਵਿੱਚ ਜਾਰੀ ਅੰਕੜਿਆਂ ਅਨੁਸਾਰ ਉੱਥੇ ਵੱਸਦੇ ਭਾਰਤੀਆਂ ਵਿੱਚ ਬੇਰੁਜ਼ਗਾਰੀ ਦਰ ਕੇਵਲ 6 ਫ਼ੀਸਦੀ ਸੀ ਤੇ ਸਵੀਡਨ ਵਿਖੇ ਕੰਮ ਕਰਦੇ ਮਜ਼ਦੂਰਾਂ ਦੀ ਕੁੱਲ ਗਿਣਤੀ ਦਾ 54 ਫ਼ੀਸਦੀ ਹਿੱਸਾ ਭਾਰਤੀਆਂ ਦਾ ਹੀ ਸੀ। ਸਾਲ 2023 ਵਿੱਚ ਇੱਥੇ ਵੱਸਦੇ ਭਾਰਤੀਆਂ ਦੀ ਕੁੱਲ ਗਿਣਤੀ 58,094 ਸੀ। ਜਨਵਰੀ 2024 ਤੋਂ ਜੂਨ 2024 ਤੱਕ 2461 ਭਾਰਤੀ ਨਾਗਰਿਕ ਸਵੀਡਨ ਆਏ ਸਨ ਅਤੇ 2837 ਭਾਰਤੀਆਂ ਨੇ ਸਵੀਡਨ ਛੱਡ ਕੇ ਭਾਰਤ ਵੱਲ ਨੂੰ ਮੁਹਾਰਾਂ ਮੋੜ ਲਈਆਂ ਸਨ। ਇਸ ਤੋਂ ਇਹ ਜ਼ਾਹਿਰ ਹੋ ਗਿਆ ਸੀ ਕਿ ਵਰਤਮਾਨ ਸਮੇਂ ਅੰਦਰ ਭਾਰਤੀਆਂ ਦੇ ਸਵੀਡਨ ਵਿਖੇ ਜਾ ਕੇ ਵੱਸਣ ਦੇ ਰੁਝਾਨ ਵਿੱਚ ਭਾਰੀ ਕਮੀ ਆਈ ਹੈ।

ਭਾਰਤੀ ਪੰਜਾਬ ਤੋਂ ਸਵੀਡਨ ਵੱਲ ਨੂੰ ਜਾਣ ਵਾਲੇ ਪੰਜਾਬੀਆਂ ਦੀ ਗਿਣਤੀ ਵੀ ਕਿਸੇ ਵੇਲੇ ਕਾਫੀ ਰਹੀ ਹੈ। ਸਾਲ 2013 ਵਿੱਚ ਇੱਥੇ 24,000 ਦੇ ਕਰੀਬ ਪੰਜਾਬੀਆਂ ਦੇ ਵੱਸਦੇ ਹੋਣ ਦੀ ਜਾਣਕਾਰੀ ਦਰਜ ਹੈ। ਸਾਲ 2016 ਦੇ ਅੰਕੜਿਆਂ ਅਨੁਸਾਰ ਇੱਥੇ ਵੱਸਦੇ ਕੁੱਲ ਪੰਜਾਬੀਆਂ ਵਿੱਚੋਂ ਚਾਰ ਹਜ਼ਾਰ ਤੋਂ ਵੱਧ ਪੰਜਾਬੀ ਲੋਕ ਸਿੱਖ ਧਰਮ ਨਾਲ ਸਬੰਧਿਤ ਸਨ, ਜੋ ਕਿ ਸਟਾਕਹੋਮ ਅਤੇ ਗੁਟਨਬਰਗ ਨਾਮਕ ਸ਼ਹਿਰਾਂ ਵਿੱਚ ਵੱਸਦੇ ਸਨ। ਇਨ੍ਹਾਂ ਸ਼ਹਿਰਾਂ ਵਿੱਚ ਦੋ-ਦੋ ਗੁਰਦੁਆਰਾ ਸਾਹਿਬ ਵੀ ਮੌਜੂਦ ਹਨ। ਸਟਾਕਹੋਮ ਵਿਖੇ ਸਥਿਤ ਗੁਰਦੁਆਰਾ ਸਾਹਿਬਾਨ ਵਿੱਚ 'ਗੁਰਦੁਆਰਾ ਬੀਬੀ ਨਾਨਕੀ ਜੀ' ਅਤੇ 'ਗੁਰਦੁਆਰਾ ਸੰਗਤ ਸਾਹਿਬ' ਸ਼ਾਮਿਲ ਹਨ, ਜਦੋਂ ਕਿ ਗੁਟਨਬਰਗ ਵਿਖੇ ਸਥਿਤ ਗੁਰਦੁਆਰਿਆਂ ਦੇ ਨਾਂ 'ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ' ਅਤੇ 'ਸਿੱਖ ਕਲਚਰਲ ਐਸੋਸੀਏਸ਼ਨ' ਹਨ।



■ ਸਟਾਕਹੋਮ ਵਿਖੇ ਸਥਿਤ 'ਗੁਰਦੁਆਰਾ ਬੀਬੀ ਨਾਨਕੀ ਜੀ'

'ਸਾਲ 2009 ਵਿੱਚ ਭਾਰਤ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਆਖੇ ਜਾਂਦੇ ਡਾ. ਮਨਮੋਹਨ ਸਿੰਘ ਨੇ ਸਵੀਡਨ ਦੇ ਪ੍ਰਧਾਨ ਮੰਤਰੀ ਫ਼ਰੈਡਰਿਕ ਰੇਨਫ਼ੀਲਡ ਨਾਲ ਮੁਲਾਕਾਤ ਕੀਤੀ ਸੀ। ਸਵੀਡਨ ਦੀ ਲਿਨੀਅਸ ਯੂਨੀਵਰਸਿਟੀ ਦੀ 'ਐਸੋਸੀਏਟ ਪ੍ਰੋਫ਼ੈਸਰ ਆੱਫ਼ ਰਿਲੀਜੀਅਸ ਸਟੱਡੀਜ਼' ਡਾ. ਕ੍ਰਿਸਟੀਨਾ ਮਿਰਵੋਲਡ ਆਪਣੀ ਪੁਸਤਕ 'ਸਿੱਖਜ਼ ਇਨ ਸਵੀਡਨ' ਵਿੱਚ ਲਿਖ਼ਦੀ ਹੈ ਕਿ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿੱਚ ਪੰਜਾਬੀਆਂ ਨੇ ਆਰਥਿਕ ਕਾਰਨਾਂ ਕਰਕੇ ਅਤੇ ਬਤੌਰ ਸ਼ਰਨਾਰਥੀ ਸਵੀਡਨ ਵਿਖੇ ਆਉਣਾ ਸ਼ੁਰੂ ਕਰ ਦਿੱਤਾ ਸੀ। ਉਧਰ ਨੀਲ ਸ਼ਿਪਲੇ ਨਾਮਕ ਬਰਤਾਨਵੀ ਨਾਗਰਿਕ ਨੇ ਸੰਨ 2019 ਦੇ ਆਪਣੇ ਇੱਕ ਸਵੀਡਨ ਯਾਤਰਾ ਬਿਰਤਾਂਤ ਵਿੱਚ ਪੰਜਾਬੀਆਂ ਦੇ ਪਿਛੋਕੜ ਅਤੇ ਪੰਜਾਬੀਆਂ ਦੀ ਦਿੱਖ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਹੈ ਤੇ ਨਾਲ ਹੀ ਸਵੀਡਨ ਦੇ 'ਮਾਲਮੋ' ਵਿਖੇ ਵੀ ਇੱਕ ਗੁਰਦੁਆਰਾ ਸਾਹਿਬ ਸਥਿਤ ਹੋਣ ਦਾ ਜ਼ਿਕਰ ਕੀਤਾ ਹੈ।

ਉਸਨੇ ਲਿਖ਼ਿਆ ਹੈ, "ਸਵੀਡਨ ਵਿਖੇ ਸਿੱਖ ਚਾਰ ਕੁ ਹਜ਼ਾਰ ਦੀ ਗਿਣਤੀ ਨਾਲ ਘੱਟ ਗਿਣਤੀ ਹਨ, ਜਦੋਂ ਕਿ ਭਾਰਤੀ ਪੰਜਾਬ ਸਣੇ ਸੰਸਾਰ ਵਿੱਚ ਵੱਸਦੇ ਕੁੱਲ ਸਿੱਖਾਂ ਦੀ ਸੰਖਿਆ ਤਿੰਨ ਕਰੋੜ ਦੇ ਕਰੀਬ ਹੈ। ਸਿੱਖ ਧਰਮ ਦੀ ਨੀਂਹ ਸੋਲ੍ਹਵੀਂ ਸਦੀ ਵਿੱਚ ਗੁਰੂ ਨਾਨਕ ਨੇ ਰੱਖੀ ਸੀ ਤੇ ਇਹ ਧਰਮ ਗੁਰੂ ਨਾਨਕ ਅਤੇ ਉਨ੍ਹਾਂ ਤੋਂ ਬਾਅਦ ਆਏ ਨੌ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਮੰਨਦਾ ਹੈ। ਸਿੱਖ ਦੇ ਧਾਰਮਿਕ ਗ੍ਰੰਥ ਨੂੰ 'ਗੁਰੂ ਗ੍ਰੰਥ ਸਾਹਿਬ' ਆਖਿਆ ਜਾਂਦਾ ਹੈ ਤੇ ਦਿਲਚਸਪ ਗੱਲ ਇਹ ਹੈ ਕਿ ਉਹ ਆਪਣੇ ਗ੍ਰੰਥ ਨੂੰ ਜੀਵਿਤ ਗੁਰੂ ਹੀ ਮੰਨਦੇ ਹਨ ਤੇ ਕਿਸੇ ਜੀਵਿਤ ਸ਼ਖ਼ਸ ਦੀ ਤਰ੍ਹਾਂ ਹੀ ਉਸ ਗ੍ਰੰਥ ਦਾ ਸਤਿਕਾਰ ਕਰਦੇ ਹਨ। ਇਹ ਲੋਕ ਕੇਵਲ ਕਰਮਕਾਂਡ ਜਾਂ ਪੂਜਾ ਪਾਠ ਕਰਨ ਦੀ ਥਾਂ ਚੰਗੇ ਕਰਮ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ। ਈਮਾਨਦਾਰੀ, ਬਰਾਬਰੀ ਅਤੇ ਦਇਆ ਕਰਨਾ ਇਨ੍ਹਾਂ ਦੇ ਮੁੱਖ ਗੁਣ ਹਨ।"

ਨੀਲ ਸ਼ਿਪਲੇ ਨੇ ਪੰਜਾਬੀਆਂ ਬਾਰੇ ਹੋਰ ਜਾਣਕਾਰੀ ਪ੍ਰਦਾਨ ਕਰਦਿਆਂ ਲਿਖ਼ਿਆ ਹੈ, "ਇੱਥੇ ਆਉਣ ਵਾਲੇ ਕੁਝ ਸਿੱਖ ਰੁਜ਼ਗਾਰ ਹਾਸਿਲ ਕਰਨ ਆਏ ਸਨ ਤੇ ਕੁਝ ਬਤੌਰ ਸ਼ਰਨਾਰਥੀ। ਸਿੱਖ ਵੱਸੋਂ ਨੇ ਬੜੀ ਹੀ ਕਾਮਯਾਬੀ ਨਾਲ ਸਵੀਡਨ ਦੇ ਸਮਾਜ ਨਾਲ ਇਕਸੁਰਤਾ ਕਾਇਮ ਕਰ ਲਈ ਸੀ, ਜਿਵੇਂ ਕਿ ਜ਼ਿਆਦਾਤਰ ਸਿੱਖ ਤਾਂ ਚੰਗੀਆਂ ਨੌਕਰੀਆਂ ਹਾਸਿਲ ਕਰਨ ਵਿੱਚ ਸਫ਼ਲ ਰਹੇ ਸਨ ਤੇ ਉਨ੍ਹਾਂ ਨੇ ਆਪਣੇ ਬੱਚਿਆਂ 'ਤੇ ਚੋਖਾ ਪੈਸਾ ਖ਼ਰਚ ਕਰ ਕੇ ਉਨ੍ਹਾਂ ਨੂੰ ਉੱਚ-ਵਿੱਦਿਆ ਵੀ ਪ੍ਰਦਾਨ ਕਰਵਾਈ ਸੀ।"

ਕ੍ਰਿਸਟੀਨਾ ਮਿਰਵੋਲਡ ਲਿਖ਼ਦੀ ਹੈ, "ਇੱਥੇ ਸਿੱਖਾਂ ਦੀ ਸਹੀ ਗਿਣਤੀ ਉਪਲਬਧ ਨਹੀਂ ਹੈ। ਮੈਨੂੰ ਸਿੱਖ ਸੰਗਠਨਾਂ ਨੇ ਦੱਸਿਆ ਹੈ ਕਿ ਸਟਾਕਹੋਮ ਵਿਖੇ ਇੱਕ ਹਜ਼ਾਰ ਸਿੱਖ ਵੱਸਦੇ ਹਨ। ਗੁਟਨਬਰਗ ਅਤੇ ਨਜ਼ਦੀਕੀ ਨਗਰਾਂ ਵਿੱਚ 75 ਦੇ ਕਰੀਬ ਸਿੱਖ ਪਰਿਵਾਰਾਂ ਦੇ ਵੱਸਦੇ ਹਨ ਤੇ ਮੈਲਮੋ ਸ਼ਹਿਰ ਵਿਖੇ ਵੀ 35 ਤੋਂ 40 ਸਿੱਖ ਪਰਿਵਾਰਾਂ ਦੀ ਰਿਹਾਇਸ਼ ਹੈ। ਸਵੀਡਨ ਦੇ ਘੱਟ ਵੱਸੋਂ ਵਾਲੇ ਖੇਤਰਾਂ ਵਿੱਚ ਵੀ ਕੁਝ ਕੁ ਸਿੱਖ ਪਰਿਵਾਰ ਵੱਸਦੇ ਹਨ। ਕੁੱਲ ਮਿਲਾ ਕੇ ਜੇ ਆਖਿਆ ਜਾਵੇ ਤਾਂ ਸੰਕੇਤ ਮਿਲਦਾ ਹੈ ਕਿ ਸਵੀਡਨ ਵਿਖੇ ਦੋ ਹਜ਼ਾਰ ਦੇ ਕਰੀਬ ਸਿੱਖ ਵੱਸਦੇ ਸਨ। ਸਾਲ 2009 ਦੇ ਅੰਕੜਿਆਂ ਅਨੁਸਾਰ ਇੱਥੇ 1154 ਸ਼ਖਸ਼ ਅਜਿਹੇ ਸਨ, ਜਿਨ੍ਹਾਂ ਦਾ ਉਪਨਾਮ 'ਸਿੰਘ' ਸੀ ਅਤੇ 504 ਔਰਤਾਂ ਅਜਿਹੀਆਂ ਸਨ, ਜਿਨ੍ਹਾਂ ਦੇ ਨਾਂ ਪਿੱਛੇ 'ਕੌਰ' ਲੱਗਦਾ ਸੀ। ਸਵੀਡਿਸ਼ ਟੈਲੀਫ਼ੋਨ ਡਾਇਰੈਕਟਰੀ ਵਿੱਚ ਵੀ 705 ਸਿੱਖਾਂ ਦੇ ਨਾਮ ਦਰਜ ਸਨ।"

ਭਾਰਤੀ ਵਿਦੇਸ਼ ਮੰਤਰਾਲੇ ਦੁਆਰਾ ਜਾਰੀ ਕੀਤੇ ਅੰਕੜਿਆਂ ਅਨੁਸਾਰ ਸਵੀਡਨ ਵਿੱਚ 25,719 ਭਾਰਤੀ ਵੱਸਦੇ ਹਨ, ਜਿਨ੍ਹਾਂ ਵਿੱਚ ਅੰਦਾਜ਼ਨ ਚਾਰ ਹਜ਼ਾਰ ਸਿੱਖ ਸ਼ਾਮਿਲ ਹਨ। ਪ੍ਰਾਪਤ ਜਾਣਕਾਰੀ ਅਨੁਸਾਰ 26 ਅਗਸਤ 2022 ਨੂੰ ਇਸ ਸੰਸਾਰ ਤੋਂ ਹਮੇਸ਼ਾ ਲਈ ਚੱਲ ਵੱਸੇ ਵਰੁਣ ਕੁਮਾਰ ਉਰਫ਼ ਵਿੱਕੀ ਚੱਕਰਵਤੀ ਨੂੰ ਸਵੀਡਨ ਦੇ ਸਭ ਤੋਂ ਅਮੀਰ ਭਾਰਤੀ ਹੋਣ ਦਾ ਸਰਫ਼ ਹਾਸਿਲ ਸੀ। ਉਹ 35 ਦੇ ਕਰੀਬ ਚਾਰ ਸਿਤਾਰਾ ਹੋਟਲਾਂ ਅਤੇ 40 ਪੱਬਾਂ ਦੇ ਮਾਲਕ ਸਨ।

***ਸਵੀਡਨ ਉਹ ਦੇਸ਼ ਹੈ, ਜਿੱਥੋਂ ਦੁਨੀਆਂ ਦਾ ਸਭ ਤੋਂ ਵੱਡਾ ਤੇ ਵੱਕਾਰੀ ਇਨਾਮ 'ਨੋਬਲ ਇਨਾਮ' ਐਲਾਨਿਆ ਅਤੇ ਪ੍ਰਦਾਨ ਕੀਤਾ ਜਾਂਦਾ ਹੈ***




# ਕ੍ਰਿਕਟ ਦਾ ਕਿੰਗ ਵਿਰਾਟ ਕੋਹਲੀ

ਆਖਿਆ ਗਿਆ, "ਮੈਂ ਆਰ.ਬੀ.ਬੀ. ਨੂੰ ਆਪਣੀ ਜਵਾਨੀ, ਆਪਣਾ ਸਿਖਰ ਤੇ ਆਪਣਾ ਤਜਰਬਾ ਦਿੱਤਾ ਹੈ ਅਤੇ ਮੈਂ ਹਰ ਸੀਜ਼ਨ ਵਿੱਚ ਇਸ ਨੂੰ ਜਿਤਾਉਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਉਹ ਸਭ ਕੁਝ ਦਿੱਤਾ, ਜੋ ਮੇਰੇ ਕੋਲ ਹੈ। ਅੰਤ ਵਿੱਚ ਇਸ ਪਲ ਦਾ ਆਉਣਾ, ਇਹ ਇੱਕ ਅਵਿਸ਼ਵਾਸ਼ਯੋਗ ਅਹਿਸਾਸ ਹੈ। ਮੈਂ ਕਦੇ ਨਹੀਂ ਸੋਚਿਆ ਸੀ ਕਿ ਇਹ ਦਿਨ ਆਵੇਗਾ। ਆਖਰੀ ਗੇਂਦ ਸੁੱਟਦੇ ਹੀ ਮੈਂ ਭਾਵਨਾਵਾਂ ਨਾਲ ਭਰ ਗਿਆ ਅਤੇ ਇਹ ਮੇਰੇ ਲਈ ਬਹੁਤ ਮਾਇਨੇ ਰੱਖਦਾ ਹੈ। ਮੈਂ ਇਸ ਟੀਮ ਪ੍ਰਤੀ ਵਫ਼ਾਦਾਰ ਰਿਹਾ ਹਾਂ, ਭਾਵੇਂ ਕੁਝ ਵੀ ਹੋਵੇ, ਅਤੇ ਮੈਂ ਹਮੇਸ਼ਾ ਉਨ੍ਹਾਂ ਨਾਲ ਜਿੱਤਣ ਦਾ ਸੁਪਨਾ ਦੇਖਿਆ ਹੈ। ਮੇਰਾ ਦਿਲ ਬੰਗਲੂਰੂ ਨਾਲ ਹੈ, ਮੇਰੀ ਆਤਮਾ ਬੰਗਲੂਰੂ ਨਾਲ ਹੈ; ਅਤੇ ਜਿਵੇਂ ਕਿ ਮੈਂ ਪਹਿਲਾਂ ਕਿਹਾ ਸੀ, ਇਹ ਉਹ ਟੀਮ ਹੈ ਜਿਸ ਲਈ ਮੈਂ ਆਖਰੀ ਦਿਨ ਤੱਕ ਖੇਡਾਂਗਾ, ਜਦੋਂ ਮੈਂ ਆਈ.ਪੀ.ਐਲ. ਖੇਡਦਾ ਹਾਂ। ਇਹ ਇੱਕੋ ਖਿਤਾਬ ਮਿਸ ਕਰ ਰਿਹਾ ਸੀ ਅਤੇ ਅੱਜ ਰਾਤ, ਮੈਂ ਇੱਕ ਬੱਚੇ ਵਾਂਗ ਸੌਣ ਜਾ ਰਿਹਾ ਹਾਂ। ਮੇਰੇ ਕਰੀਅਰ ਦੀ ਇੱਕ ਦਿਨ ਸਮਾਪਤੀ ਹੋਣੀ ਹੈ ਅਤੇ ਜਦੋਂ ਮੈਂ ਆਪਣੇ ਬੂਟ ਲਟਕਾਵਾਂਗਾ, ਮੈਂ ਘਰ ਬੈਠ ਕੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਸਨੂੰ ਉਹ ਸਭ ਕੁਝ ਦੇ ਦਿੱਤਾ, ਜੋ ਮੇਰੇ ਕੋਲ ਸੀ। ਪਰਮਾਤਮਾ ਦਾ ਧੰਨਵਾਦੀ ਹਾਂ ਕਿ ਮੈਨੂੰ ਇਹ ਟਰਾਫੀ ਦਿੱਤੀ ਅਤੇ ਮੈਂ ਆਪਣਾ ਸਿਰ ਨੀਵਾਂ ਕੀਤਾ, ਨਿਮਰ ਰਿਹਾ, ਅਤੇ ਜਿੰਨਾ ਹੋ ਸਕੇ ਮਿਹਨਤ ਕਰਾਂ।"

ਨਿੱਕੀ ਉਮਰੇ ਰਣਜੀ ਟਰਾਫੀ ਖੇਡਦਿਆਂ ਆਪਣੇ ਪਿਤਾ ਦੀ ਮੌਤ ਦੇ ਬਾਵਜੂਦ ਟੀਮ ਨੂੰ ਪਹਿਲਾਂ ਤਰਜੀਹ ਦੇਣ ਵਾਲੇ ਵਿਰਾਟ ਨੂੰ ਗੁੜ੍ਹਤੀ ਹੀ ਅਜਿਹੀ ਮਿਲੀ ਸੀ ਕਿ ਖੇਡ ਦੇ ਸਭ ਤੋਂ ਲੰਬੇ ਫਾਰਮੈਟ ਨੂੰ ਉਸ ਨੇ ਸਭ ਤੋਂ ਵੱਧ ਤਰਜੀਹ ਦਿੱਤੀ। ਉਹ ਮਾੜੀ ਫਾਰਮ ਵਿੱਚੋਂ ਨਿਕਲਣ ਲਈ ਵਰ੍ਹਿਆਂ ਬਾਅਦ ਰਣਜੀ ਟਰਾਫੀ ਖੇਡਣ ਆਇਆ ਤਾਂ ਗਰਾਊਂਡ ਨੱਕੋ ਨੱਕ ਭਰ ਗਿਆ। ਉਸ ਦਾ ਖੇਡ ਪ੍ਰਤੀ ਜਨੂੰਨ ਕਾਬਿਲ-ਏ-ਤਾਰੀਫ਼ ਹੈ, ਜਿਸ ਦੀ ਗਵਾਹੀ ਦੁਨੀਆ ਦੇ ਮਹਾਨ ਖਿਡਾਰੀਆਂ ਦੀਆਂ ਉਸ ਦੀ ਰਿਟਾਇਰਮੈਂਟ ਬਾਰੇ ਟਿੱਪਣੀਆਂ ਵੀ ਭਰ ਰਹੇ ਸਨ। ਕ੍ਰਿਕਟ ਜਦੋਂ 2028 ਲਾਸ ਏਂਜਲਸ ਓਲੰਪਿਕ ਖੇਡਾਂ ਲਈ ਸ਼ਾਮਲ ਕੀਤੀ ਗਈ ਸੀ ਤਾਂ ਕੌਮਾਂਤਰੀ ਓਲੰਪਿਕ ਕਮੇਟੀ (ਆਈ.ਓ.ਸੀ.) ਨੇ ਵੀ ਵਿਰਾਟ ਦਾ ਜ਼ਿਕਰ ਕੀਤਾ।

ਵਿਰਾਟ ਕੋਹਲੀ ਨੇ ਵਿਸ਼ਵ ਕ੍ਰਿਕਟ ਵਿੱਚ ਆਪਣਾ ਪਰਚਮ ਸ਼ੁਰੂਆਤੀ ਸਾਲਾਂ ਵਿੱਚ ਹੀ ਬੁਲੰਦ ਕਰ ਲਿਆ ਸੀ। 2012 ਵਿੱਚ ਆਸਟਰੇਲੀਆ ਵਿਖੇ ਤਿਕੋਣੀ ਲੜੀ ਦੇ ਆਖਰੀ ਲੀਗ ਮੈਚ ਭਾਰਤ ਅੱਗੇ ਸ੍ਰੀਲੰਕਾ ਨੇ ਜਿੱਤ ਲਈ 320 ਦਾ ਟੀਚਾ ਰੱਖਿਆ ਸੀ ਅਤੇ ਫ਼ਾਈਨਲ ਵਿੱਚ ਪਹੁੰਚਣ ਲਈ ਭਾਰਤ ਨੂੰ ਇਹ ਟੀਚਾ 40 ਓਵਰਾਂ ਤੱਕ ਪੂਰਾ ਕਰਨਾ ਸੀ। ਵਿਰਾਟ ਕੋਹਲੀ ਨੇ 86 ਗੇਦਾਂ ਉਤੇ 133 ਦੌੜਾਂ ਦੀ ਸ਼ਾਨਦਾਰ ਪਾਰੀ ਨਾਲ ਭਾਰਤ ਨੂੰ ਇਹ ਟੀਚਾ 36.4 ਓਵਰਾਂ ਵਿੱਚ ਹੀ ਪੂਰਾ ਕਰਵਾ ਦਿੱਤਾ। ਸ੍ਰੀਲੰਕਾ ਦੇ ਤੇਜ਼ ਗੇਂਦਬਾਜ਼ ਲਾਸਿਥ ਮਲਿੰਗਾ ਖਿਲਾਫ ਕੋਹਲੀ ਦੇ ਹਮਲਾਵਰ ਰੁਖ ਨੇ ਜਿੱਤ ਵਿੱਚ ਵੱਡੀ ਭੂਮਿਕਾ ਨਿਭਾਈ। ਸਕੋਰ ਦਾ ਪਿੱਛਾ ਕਰਦਿਆਂ ਵਿਰਾਟ ਵੱਲੋਂ ਖੇਡੀ ਇਸ ਪਾਰੀ ਨੇ ਉਸ ਨੂੰ ਚੇਜ ਮਾਸਟਰ ਦਾ ਖਿਤਾਬ ਦਿਵਾ ਦਿੱਤਾ, ਜੋ ਹੁਣ ਤੱਕ ਉਹ ਸਹੀ ਸਾਬਤ ਕਰਦਾ ਆ ਰਿਹਾ ਹੈ।

ਵਿਰਾਟ ਨੇ ਭਾਰਤ ਨੂੰ ਵੱਡੀ ਜਿੱਤਾਂ ਦਿਵਾਉਣ ਦੀ ਆਦਤ ਪਾਈ। ਵਿਦੇਸ਼ੀ ਪਿੱਚਾਂ ਅਤੇ ਵੱਡੇ ਸਕੋਰ ਦਾ ਪਿੱਛਾ ਕਰਦਿਆਂ ਉਸ ਦੀ ਖੇਡ ਹੋਰ ਵੀ ਨਿੱਖਰ ਕੇ ਸਾਹਮਣੇ ਆਉਂਦੀ। ਖੇਡ ਮੈਦਾਨ ਵਿੱਚ ਪੂਰਾ ਸਮਾਂ ਉਹ ਪੂਰੇ ਉਤਸ਼ਾਹ ਨਾਲ ਖੇਡ ਨਾਲ ਜੁੜਿਆ ਰਹਿੰਦਾ ਹੈ। ਗੇਂਦਬਾਜ਼ਾਂ ਦੀ ਵਿਕਟ ਉਤੇ ਉਨ੍ਹਾਂ ਤੋਂ ਵੱਧ ਉਤਸ਼ਾਹਤ ਹੋ ਕੇ ਟੀਮ ਦਾ ਹੌਸਲਾ ਵਧਾਉਂਦਾ ਹੈ। ਉਸ ਨੇ ਫਿਟਨੈਸ ਦੀ ਨਵੀਂ ਪਰਿਭਾਸ਼ਾ ਲਿਖੀ ਹੈ। ਫੀਲਡਿੰਗ ਦੌਰਾਨ ਚੁਸਤ ਦਰੁੱਸਤ ਰਹਿਣ ਵਾਲਾ ਵਿਰਾਟ ਬੱਲੇਬਾਜ਼ੀ ਕਰਦਿਆਂ ਇਕੱਲੇ ਚੌਕਿਆਂ-ਛੱਕਿਆਂ ਨਾਲ ਵੱਡੀਆਂ ਪਾਰੀਆਂ ਨਹੀਂ ਖੇਡਦਾ, ਸਗੋਂ ਉਹ ਦੌੜ ਕੇ ਰਨ ਬਣਾਉਣ ਵਿੱਚ ਸਭ ਤੋਂ ਵੱਧ ਮੁਹਾਰਤ ਹਾਸਲ ਕਰਦਾ ਹੈ। ਉਹ ਇੰਨਾ ਫੁਰਤੀਲਾ ਹੈ ਕਿ ਇੱਕ ਨੂੰ ਦੋ, ਦੋ ਨੂੰ ਤਿੰਨ ਦੌੜਾਂ ਵਿੱਚ ਬਦਲ ਦਿੰਦਾ ਹੈ। ਆਈ.ਪੀ.ਐਲ. ਦੇ ਇੱਕ ਮੈਚ ਵਿੱਚ ਤਾਂ ਉਸ ਨੇ ਨਿਊ ਚੰਡੀਗੜ੍ਹ ਦੇ ਛੋਟੀ ਬਾਊਂਡਰੀ ਵਾਲੇ ਗਰਾਊਂਡ ਵਿੱਚ ਭੱਜ ਕੇ ਚਾਰ ਦੌੜਾਂ ਵੀ ਲੈ ਲਈਆਂ। ਉਸ ਨੂੰ ਸਕੋਰ ਦਾ ਪਿੱਛਾ ਕਰਨਾ ਪਸੰਦ ਹੈ, ਉਹ ਦਬਾਅ ਵਿੱਚ ਨਹੀਂ ਆਉਂਦਾ। ਪਾਕਿਸਤਾਨ ਖਿਲਾਫ ਆਸਟਰੇਲੀਆ ਵਿੱਚ ਟਵੰਟੀ-20 ਵਿਸ਼ਵ ਕੱਪ ਦੇ ਸੈਮੀ ਫ਼ਾਈਨਲ ਵਿੱਚ ਉਸ ਦੀ ਪਾਰੀ ਨੇ ਪਾਸਾ ਹੀ ਬਦਲ ਦਿੱਤਾ। ਉਸ ਨੂੰ ਸਮੇਂ, ਸਥਿਤੀ ਅਨੁਸਾਰ ਖੇਡਣਾ ਆਉਂਦਾ ਹੈ। ਉਹ ਲੋੜ ਅਨੁਸਾਰ ਦੌੜਾਂ ਬਣਾਉਣ ਦੀ ਗਤੀ ਤੇਜ਼ ਜਾਂ ਹੌਲੀ ਕਰਨੀ ਜਾਣਦਾ ਅਤੇ ਉਹ ਜ਼ੋਖਮ ਭਰਪੂਰ ਸ਼ਾਟ ਖੇਡੇ ਬਿਨਾ ਤੇਜ਼ ਦੌੜਾਂ ਬਣਾ ਲੈਂਦਾ ਹੈ। ਵਿਰਾਟ ਕੋਹਲੀ ਨੇ ਆਪਣੇ ਪਿਤਾ ਵੱਲੋਂ ਉਸ ਲਈ ਬਚਪਨ ਵਿੱਚ ਸੰਜੋਏ ਸੁਫਨੇ ਨੂੰ ਨਾ ਕੇਵਲ ਪੂਰਾ ਕੀਤਾ, ਸਗੋਂ ਭਾਰਤੀ ਕ੍ਰਿਕਟ ਦੀ ਚੋਟੀ ਉਤੇ ਪੁੱਜਾ।

2006 ਵਿੱਚ ਰਣਜੀ ਟਰਾਫੀ ਦੇ ਮੈਚ ਦੌਰਾਨ ਆਪਣੇ ਪਿਤਾ ਦੇ ਦੇਹਾਂਤ ਦੇ ਬਾਵਜੂਦ ਉਸ ਨੇ ਤਾਮਿਲਨਾਡੂ ਖਿਲਾਫ ਦਿੱਲੀ ਦੀ ਟੀਮ ਵੱਲੋਂ ਖੇਡਣ ਨੂੰ ਤਰਜੀਹ ਦਿੱਤੀ ਸੀ। ਉਹ ਤਿੰਨ-ਚਾਰ ਵਰ੍ਹਿਆਂ ਦਾ ਸੀ, ਜਦੋਂ ਉਸ ਦਾ ਪਿਤਾ ਪ੍ਰੇਮ ਕੋਹਲੀ ਆਪਣੇ ਬੇਟੇ ਨੂੰ ਘਰ ਦੇ ਵਿਹੜੇ ਵਿੱਚ ਬਾਲਾਂ ਸੁੱਟਦਾ ਹੁੰਦਾ ਸੀ। ਇਹ ਉਸ ਦੀ ਖੇਡ ਪ੍ਰਤੀ ਸਮਰਪਣ ਭਾਵਨਾ ਅਤੇ ਪਿਤਾ ਦੇ ਸੁਫਨੇ ਪੂਰਾ ਕਰਨ ਦੀ ਚਾਹਤ ਦਾ ਹੀ ਸਿੱਟਾ ਸੀ ਕਿ ਉਹ ਵਿਸ਼ਵ ਵਿੱਚ ਖੇਡਾਂ ਦੀ ਦੁਨੀਆਂ ਦਾ ਸਭ ਤੋਂ ਵੱਡਾ ਬਰਾਂਡ ਬਣਿਆ। ਅੱਜ ਵਿਰਾਟ ਦੀ ਪਤਨੀ ਅਨੁਸ਼ਕਾ ਸ਼ਰਮਾ ਤੇ ਉਸ ਦੇ ਬੱਚੇ ਹਰ ਮੈਚ ਵਿੱਚ ਉਸ ਦਾ ਹੌਸਲਾ ਵਧਾਉਣ ਲਈ ਗਰਾਊਂਡ ਵਿੱਚ ਆਉਂਦੇ ਹਨ।

ਆਮ-ਖਾਸ

ਨਿੰਮਾ ਡੱਲੇਵਾਲ
ਫੋਨ: 513-432-9754



ਸਮੇਂ ਨੇ ਇੱਕ ਨਾ ਮੰਨੀ...

# ਸਮੇਂ ਦੇ ਚਰਖੜਿਆਂ 'ਤੇ ਘੁੰਮਦੀ ਜ਼ਿੰਦਗੀ

ਵਕਤ ਭਾਵ ਸਮੇਂ ਦੇ ਤਿੰਨ ਵੱਖ ਵੱਖ ਰੂਪ ਹਨ- ਭੂਤ ਕਾਲ, ਵਰਤਮਾਨ ਅਤੇ ਭਵਿੱਖ। ਦੁਨੀਆਂ ਵਿੱਚ ਵਿਚਰ ਰਹੇ ਇਨਸਾਨ ਨਾਲ ਗੂੜ੍ਹੇ ਸਬੰਧ ਰੱਖਣ ਵਾਲੇ ਸਮੇਂ ਦੇ ਤਿੰਨ ਰੰਗ ਮਨੁੱਖ ਦੀ ਜ਼ਿੰਦਗੀ ਨੂੰ ਵੀ ਤਿੰਨ ਹਿੱਸਿਆਂ ਵਿੱਚ ਵੰਡਦੇ ਹਨ। ਧਰਤੀ ਉਤੇ ਆਏ ਹਰ ਇੱਕ ਨੂੰ ਵਕਤ ਦੇ ਇਨ੍ਹਾਂ ਤਿੰਨਾਂ ਰੰਗਾਂ ਦੀ ਹੋਲੀ ਖੇਡਣੀ ਹੀ ਪੈਂਦੀ ਹੈ, ਕਿਉਂਕਿ ਇਨ੍ਹਾਂ ਰੰਗਾਂ ਦੀ ਗੁਲਾਲੀ ਗੱਲ੍ਹਾਂ ਉਤੇ ਲੱਗੇ ਬਿਨਾ ਜ਼ਿੰਦਗੀ ਵਾਲੀ ਸਤਰੰਗੀ ਪੀਂਘ ਨੂੰ ਜਿਊਣ ਦਾ ਹੁਲਾਰਾ ਮਿਲ ਹੀ ਨਹੀਂ ਸਕਦਾ। ਸਮੇਂ ਦਾ ਵਿਚਕਾਰ ਵਾਲਾ ਰੰਗ ਇਉਂ ਸਮਝੋ ਟਰੈਫਿਕ ਵਾਲੇ ਇਸ਼ਾਰੇ ਦੀ ਪੀਲੀ ਲਾਈਟ ਹੈ, ਜੋ ਪਹਿਲਾਂ ਹਰੀ ਵਿੱਚੋਂ ਲੰਘਣ ਦੀ ਆਗਿਆ ਅਤੇ ਬਾਅਦ ਵਿੱਚ ਹੋਣ ਵਾਲੀ ਲਾਲ 'ਤੇ ਰੁਕਣ ਦੀ ਪਾਬੰਦੀ ਦਾ ਅਹਿਸਾਸ ਹੈ। ਬਿਲਕੁਲ ਇਸੇ ਤਰ੍ਹਾਂ ਹੀ ਚੱਲ ਰਿਹਾ ਸਮਾਂ ਸਾਨੂੰ ਸੰਕੇਤ ਦਿੰਦਾ ਲੰਘੇ ਹੋਏ ਅਤੇ ਆਉਣ ਵਾਲੇ ਸਮੇਂ ਦਾ ਅਹਿਸਾਸ ਕਰਵਾਉਂਦਾ ਹੈ। ਸਮੇਂ ਦਾ ਅਸਲ ਰੂਪ ਵੀ ਇਹੀ ਹੁੰਦਾ ਹੈ, ਜੋ ਸਾਡੇ ਨਾਲ ਚੱਲ ਰਿਹਾ ਹੁੰਦਾ ਹੈ, ਕਿਉਂਕਿ ਲੰਘਿਆ ਵਿਛੜ ਚੁਕਾ ਹੁੰਦਾ ਹੈ ਅਤੇ ਆਉਣ ਵਾਲੇ ਦੀਆਂ ਉਡੀਕਾਂ ਨਹੀਂ ਮੁੱਕਦੀਆਂ; ਜਿਸ ਤੋਂ ਸਾਨੂੰ ਇੱਕ ਸਿਧਾਂਤਮਈ ਸਿੱਖਿਆ ਮਿਲਦੀ ਹੈ ਕਿ ਜੋ ਇਹ ਵਕਤ ਤੁਹਾਡੇ ਕੋਲ ਹੈ, ਉਹੀ ਤੁਹਾਡਾ ਹੈ। ਇਹੀ ਵਕਤ ਦੀ ਨਜ਼ਾਕਤ ਹੈ, ਜਿਸ ਨੂੰ ਕਈ ਵਾਰ ਜ਼ਬਾਨ ਬੋਲ ਉਠਦੀ ਹੈ।

ਇਹ ਵਕਤ ਕਿਸੇ ਦੇ ਪਿਓ ਦਾ ਨਾ
ਅੱਜ ਤੇਰਾ ਤੇ ਕੱਲ੍ਹ ਮੇਰਾ ਏ।
ਅੱਜ ਇਸ ਪਾਸੇ ਕੱਲ੍ਹ ਉਸ ਪਾਸੇ
ਨਾ ਕਿਤੇ ਵੀ ਪੱਕਾ ਡੇਰਾ ਏ।
ਮੈਨੂੰ ਦੱਸਿਓ ਅੱਜ ਤੱਕ ਕਿਹੜੇ ਨੇ
ਤੱਕਿਆ ਏਸ ਦਾ ਚਿਹਰਾ ਏ।
ਕਿਵੇਂ ਕੈਦ ਕੋਈ ਕਰਲੂ ਮੁੱਠੀ ਵਿੱਚ
ਪੂਰੇ ਆਲਮ ਦੇ ਵਿੱਚ ਘੇਰਾ ਏ।
ਖੁਸ਼ੀਆਂ ਦੀ ਜਗਮਗ ਵਕਤ ਕਰੇ
ਜਿੱਥੇ ਕਰਿਆ ਦਰਦ ਹਨੇਰਾ ਏ।
ਜਿਹੜੇ ਵਿਹੜੇ ਆ ਹੰਕਾਰ ਵੜੇ
ਉਸ ਵਿਹੜੇ ਕਰੇ ਹਨੇਰਾ ਏ।
ਵਕਤ ਨਾ ਬਹਿੰਦਾ ਟਿਕ 'ਨਿੰਮਿਆ'
ਇਹਦਾ ਮੁੱਕੇ ਨਾ ਤੋਰਾ-ਫੇਰਾ ਏ।

ਵਕਤ ਜਿਸ ਦਾ ਪਰਮਾਤਮਾ ਵਾਂਗੂੰ ਕੋਈ ਰੰਗ ਰੂਪ ਜਾਂ ਸ਼ਕਲ ਨਹੀਂ, ਪਰ ਇਸ ਦੇ ਅਹਿਸਾਸ ਦੇ ਰੰਗ ਜ਼ਰੂਰ ਨਜ਼ਰ ਆਉਂਦੇ ਹਨ। ਘਰ ਦੇ ਹਰ ਇਨਸਾਨ ਉਤੇ ਲਾਗੂ ਹੋਣ ਵਾਲੇ ਸਮੇਂ ਦਾ ਆਪਣਾ ਕੋਈ ਘਰ ਨਹੀਂ। ਇਸ ਦਾ ਕੋਈ ਭੈਣ-ਭਰਾ ਨਹੀਂ, ਇਸ ਨੇ ਕਿਸੇ ਮਾਂ ਦੀ ਕੁੱਖ ਵਿੱਚੋਂ ਜਨਮ ਨਹੀਂ ਲਿਆ ਤੇ ਪਿਓ ਵੀ ਨਹੀਂ, ਸ਼ਾਇਦ ਇਸੇ ਕਰਕੇ ਹੀ ਇਹ ਵਕਤ ਕਿਸੇ ਦੇ ਪਿਓ ਦਾ ਨਹੀਂ। ਸੋਚਣ ਵਾਲੀ ਗੱਲ ਕਿ ਇਸ ਦੇ ਪੈਰ ਵੀ ਨਹੀਂ, ਫਿਰ ਵੀ ਇੱਕ ਥਾਂ ਨਹੀਂ ਟਿਕ ਬੈਠਦਾ ਅਤੇ ਇਸ ਦੇ ਹੱਥ ਵੀ ਨਹੀਂ ਤੇ ਹੱਥਾਂ ਵਿੱਚ ਨਜ਼ਰ ਨਾ ਆਉਣ ਵਾਲੀ ਐਸੀ ਲਾਠੀ ਫੜੀ ਫਿਰਦਾ ਹੈ, ਜਿਸ ਦੇ ਵੱਜਣ 'ਤੇ ਆਵਾਜ਼ ਵੀ ਨਹੀਂ ਆਉਂਦੀ। ਇਸ ਦੀ ਆਪਣੀ ਕੋਈ ਜ਼ੁਬਾਨ ਵੀ ਨਹੀਂ ਹੁੰਦੀ, ਫਿਰ ਵੀ ਇਹ ਘੜੀ ਦੀਆਂ ਸੂਈਆਂ ਦੀ ਟਿਕ-ਟਿਕ ਨਾਲ ਆਪਣੀ ਭਾਸ਼ਾ ਸਮਝਾਉਂਦਾ ਰਹਿੰਦਾ ਹੈ ਅਤੇ ਸਾਨੂੰ ਆਪਣੀਆਂ ਕਦਰਾਂ-ਕੀਮਤਾਂ ਦਰਸਾਉਂਦਾ ਹੋਇਆ ਸਾਨੂੰ ਸਾਡੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਂਦਾ ਰਹਿੰਦਾ ਹੈ। ਅੱਲ੍ਹੜ ਉਮਰ ਅਤੇ ਪੁਲਾਂ ਹੇਠੋਂ ਪਾਣੀ ਵਾਂਗ ਇਹ ਵਕਤ ਵੀ ਕਦੇ ਪਿੱਛੇ ਨਹੀਂ ਮੁੜਦਾ ਅਤੇ ਨਾ ਹੀ ਇਸ ਨੂੰ ਕਿਸੇ ਤਰ੍ਹਾਂ ਦੀਆਂ ਜ਼ੰਜੀਰਾਂ ਵਿੱਚ ਜਕੜਿਆ ਜਾ ਸਕਦਾ ਹੈ। ਇਸ ਦੀ ਆਪਣੀ ਇੱਕ ਰਫਤਾਰ ਹੈ, ਜੋ ਇਸ ਦੇ ਕਦਮ ਨਾਲ ਕਦਮ ਮਿਲਾ ਕੇ ਚੱਲੇਗਾ, ਉਹ ਆਪਣੇ ਮਕਸਦ ਵਾਲੀਆਂ ਮੰਜ਼ਿਲਾਂ ਉਤੇ ਜ਼ਰੂਰ ਅੱਪੜੇਗਾ; ਪਰ ਜੋ ਇਸ ਦੀ ਤੋਰ ਨਹੀਂ ਤੁਰ ਸਕਦਾ, ਉਹ ਹਮੇਸ਼ਾ ਹੀ ਫਾਡੀ ਰਹੇਗਾ। ਇਸ ਸਮੇਂ ਦੀਆਂ ਕਦਰਾਂ ਕਰੇ ਬਿਨਾ ਇਨਸਾਨ ਦੀਆਂ ਕਦਰਾਂ ਵੀ ਨਹੀਂ ਪੈਂਦੀਆਂ। ਸਮੇਂ ਦੀ ਸੰਭਾਲ ਹੀ ਸਫਲਤਾ ਵਾਲੇ ਘਰ ਨੂੰ ਜਾਣ ਵਾਲੀਆਂ ਰਾਹਾਂ ਵਿਖਾਉਂਦੀ ਹੈ। ਸਮੇਂ ਦੀਆਂ ਦੋ ਦਿਸ਼ਾਵਾਂ ਹਨ- ਇੱਕ ਚੰਗੀ ਤੇ ਇਕ ਮਾੜੀ। ਜ਼ਿੰਦਗੀ ਵਿੱਚ ਚੱਲ ਰਿਹਾ ਮਾੜਾ ਵਕਤ ਸਾਨੂੰ ਚੰਗੇ ਵਕਤ ਦੀ ਤਲਾਸ਼ ਵਾਲੀਆਂ ਰਾਹਾਂ 'ਤੇ ਤੋਰ ਦਿੰਦਾ ਹੈ। ਮਾੜਾ ਵਕਤ ਸਾਨੂੰ ਮਾੜਾ ਲੱਗਦਾ, ਪਰ ਇਸ ਦੀਆਂ ਨੀਤੀਆਂ ਮਾੜੀਆਂ ਨਹੀਂ ਹੁੰਦੀਆਂ, ਕਿਉਂਕਿ ਮਾੜਾ ਵਕਤ ਹੀ ਸਾਡੇ ਅੰਦਰਲੇ ਸ਼ੈਤਾਨ ਨੂੰ ਮਾਰ ਅੰਦਰਲੇ ਸੁੱਤੇ ਇਨਸਾਨ ਨੂੰ ਜਗਾ ਕੇ ਸਾਡੇ ਮਨ ਦੇ ਭਾਵ ਬਦਲ ਕੇ ਸਾਡੀ ਪਰਮਾਤਮਾ ਨਾਲ ਨੇੜਤਾ ਬਣਾਉਂਦਾ ਹੈ ਤੇ ਇਹ ਸਾਨੂੰ ਸਾਡੀਆਂ ਕੀਤੀਆਂ ਭੁੱਲਾਂ ਦਾ ਅਹਿਸਾਸ ਕਰਵਾ ਸਿਆਣਪਾਂ ਦੇ ਪਾਠ ਪੜ੍ਹਾਉਂਦਾ ਹੈ। ਵਕਤ ਆਪਣੀ ਥਾਂ ਉਤੇ ਸਥਿਰ ਹੈ। ਉਸ ਦੀ ਚੰਗੀ ਜਾਂ ਮਾੜੀ ਹੋਂਦ ਆਪਣੇ ਜੀਵਨ ਵਿੱਚ ਅਸੀਂ ਪੈਦਾ ਕਰਦੇ ਹਾਂ। ਮਾੜਾ ਵਕਤ ਜ਼ਿੰਦਗੀ ਵਿੱਚ ਲੱਗੀ ਉਸ ਠੋਕਰ ਵਾਂਗ ਹੈ, ਜੋ ਸੰਭਲਣ ਦੀ ਜਾਂਚ ਸਿਖਾਉਂਦਾ ਹੈ। ਸਮਝਿਆ ਜਾਵੇ ਤਾਂ ਇਹ ਸਾਡੇ ਜੀਵਨ ਵਿੱਚ ਇੱਕ ਪ੍ਰੇਰਨਾ ਦਾ ਸਰੋਤ ਹੈ। ਇੱਕ ਮਾੜਾ ਵਕਤ ਹੀ ਹੈ, ਜੋ ਸਾਡੇ ਹੰਕਾਰ ਦੀਆਂ ਜ਼ੰਜੀਰਾਂ ਨੂੰ ਤੋੜ ਨਿਮਰਤਾ ਵਾਲੀਆਂ ਉਨ੍ਹਾਂ ਡੋਰਾਂ ਵਿੱਚ ਬੰਨ੍ਹਦਾ ਹੈ, ਜਿਨ੍ਹਾਂ ਦੀਆਂ ਪਾਈਆਂ ਪੀਂਘਾਂ ਸਦਾ ਇਮਾਨ ਵਾਲੇ ਝੂਟੇ ਦਿੰਦੀਆਂ ਨੇ, ਪਰ ਕਦੇ ਨਹੀਂ ਟੁੱਟਦੀਆਂ। ਦੁਨੀਆਂ ਵਿਚਲੀਆਂ ਸਭ ਮਾੜੀਆਂ ਚੀਜ਼ਾਂ ਵਿੱਚ ਇੱਕ ਵਕਤ ਹੀ ਐਸਾ ਹੈ, ਜੋ ਮਾੜੀ ਅਵਸਥਾ ਵਿੱਚ ਵੀ ਮਨੁੱਖ ਨੂੰ ਮੁੜ ਖੁਸ਼ਹਾਲ ਹੋਣ ਦੀ ਪ੍ਰੇਰਨਾ ਦਿੰਦਾ ਹੈ।

ਚੰਗੇ ਵਕਤ ਦੀ ਗੱਲ ਕਰੀਏ, ਜੋ ਸਭ ਨੂੰ ਚੰਗਾ ਲੱਗਦਾ ਹੈ, ਜਿਸ ਦੇ ਨੁਕਸਾਨ ਸਾਨੂੰ ਕਦੇ ਵੀ ਨਜ਼ਰ ਨਹੀਂ ਆਉਂਦੇ। ਚੰਗਾ ਵਕਤ ਕਈ ਵਾਰੀ ਸਾਡੇ ਅੰਦਰ ਮੈਂ ਦਾ ਪਰਵੇਸ਼ ਕਰ ਸਾਨੂੰ ਹਉਮੈ ਵਾਲੇ ਜੰਜਾਲ ਵਿੱਚ ਫਸਾ ਦਿੰਦਾ ਹੈ, ਜਿਸ ਨਾਲ ਸਾਡੀ ਜ਼ਮੀਰ ਅਤੇ ਇਨਸਾਨੀਅਤ ਮੌਤ ਦੇ ਬੂਹੇ ਆਣ ਖਲੋਂਦੀ ਹੈ। ਚੰਗਾ ਵਕਤ ਕਈ ਵਾਰ ਰੱਬ ਨੂੰ ਵੀ ਭੁਲਾ ਦਿੰਦਾ ਹੈ, ਪਰ ਜਦ ਕਿ ਚੰਗਾ ਵਕਤ ਆਉਣ 'ਤੇ ਉਸ ਪਰਮਾਤਮਾ ਦਾ ਸ਼ੁਕਰਾਨਾ ਕਰਨਾ ਬਣਦਾ ਹੈ, ਜਿਸ ਹੱਥ ਇਸ ਵਕਤ ਦੀ ਡੋਰ ਹੈ। ਮਾੜੇ ਵਕਤ ਦੀ ਕੁੜੱਤਣ ਤੋਂ ਅਸੀਂ ਹਮੇਸ਼ਾ ਮੁਖ ਮੋੜਦੇ ਹਾਂ, ਜੋ ਇਨਸਾਨੀਅਤ ਦੀਆਂ ਕਈ ਬਿਮਾਰੀਆਂ ਦਾ ਇਲਾਜ ਕਰਦੀ ਹੈ ਤੇ ਚੰਗੇ ਵਕਤ ਦੇ ਗੁਲਾਬ ਦੀ ਖੁਸ਼ਬੂ ਸਾਨੂੰ ਪਿਆਰੀ ਲੱਗਦੀ ਹੈ, ਜੋ ਸਾਨੂੰ ਗਰੂਰ ਦੇ ਨਸ਼ੇ ਵਿੱਚ ਮਦਹੋਸ਼ ਵੀ ਕਰ ਦਿੰਦੀ ਹੈ, ਜਿਸ



ਨਾਲ ਸਾਡੇ ਦਿਲ ਦੇ ਵਿਹੜੇ ਘੁਮੰਡ ਵਾਲੇ ਬੀਜ ਪੁੰਗਰਨੇ ਸ਼ੁਰੂ ਹੋ ਜਾਂਦੇ ਹਨ। ਮਾੜਾ ਵਕਤ ਜੋ ਸਾਨੂੰ ਅਕਲਾਂ ਸਿਖਾਉਂਦਾ ਹੈ, ਉਸ ਦੀ ਅਸੀਂ ਕਦੇ ਕਾਮਨਾ ਨਹੀਂ ਕਰਦੇ, ਪਰ ਚੰਗੇ ਵਕਤ ਦੀਆਂ ਅਰਦਾਸਾਂ ਅਸੀਂ ਹਰ ਵਕਤ ਕਰਦੇ ਹਾਂ, ਜਿਹੜਾ ਕਈ ਵਾਰੀ ਸਾਡੇ ਅੰਦਰ ਫਤੂਰ ਵੀ ਭਰ ਦਿੰਦਾ ਹੈ। ਬੁੱਧੀਜੀਵੀ ਤਾਂ ਇਹੋ ਆਖਦੇ ਹਨ ਕਿ ਜੇ ਅਸੀਂ ਚੰਗੇ ਹੋ ਜਾਵਾਂਗੇ ਤਾਂ ਸਾਰਾ ਕੁਝ ਹੀ ਚੰਗਾ ਹੋ ਜਾਵੇਗਾ। ਚੰਗੇ ਬਣ ਕੇ ਵੇਖੋ, ਚੰਗੇ ਵਕਤ ਨੂੰ ਉਡੀਕਣ ਦੀ ਲੋੜ ਨਹੀਂ, ਚੰਗਾ ਵਕਤ ਤੁਹਾਨੂੰ ਆਪ ਉਡੀਕੇਗਾ।

ਕਰੋ ਕਦਰ ਵੀਰਿਓ ਵੇ, ਇਸ ਵਕਤ ਪਿਆਰੇ ਦੀ।
ਕਾਮਯਾਬੀਆਂ ਵਾਲੀ ਜੇ, ਚੜ੍ਹਨਾ ਛੱਤ ਚੁਬਾਰੇ ਦੀ।
ਭੱਠੀ ਪੈ ਹੀ ਇੱਟ ਬਣਦੀ, ਯਾਰੋ ਕੱਚੇ ਗਾਰੇ ਦੀ।
ਵਕਤ ਨੂੰ ਸਾਂਭੋ ਬਣਨਾ ਜੇ, ਚਮਕ ਕੋਈ ਤਾਰੇ ਦੀ।
ਬਣ ਕੇ ਜਲੋ ਮਸ਼ਾਲ, ਲਾਵੋ ਚੋਟ ਨਗਾਰੇ ਦੀ।
ਸੁਲਘਣ ਦਾ ਕੀ ਫਾਇਦਾ, ਬਣ ਕੇ ਪਾਣੀ ਹਾਰੇ ਦੀ।
ਪੋਹ ਦੀ ਠੰਡ ਤੋਂ ਬਚਣਾ, ਬਣਜੋ ਅੱਗ ਅੰਗਿਆਰੇ ਦੀ।
ਵਕਤ ਸਾਂਭ ਲੈ 'ਨਿੰਮਿਆ', ਨਾ ਇੱਟ ਬਣਜੀਂ ਢਾਰੇ ਦੀ।

ਬੀਤ ਚੁੱਕਿਆ ਵਕਤ ਜਿਸ ਵਿੱਚ ਹਰ ਇਨਸਾਨ ਨੇ ਦੁੱਖਾਂ ਦੀ ਤਪਸ਼ ਅਤੇ ਸੁੱਖਾਂ ਦੀ ਠੰਡਕ ਆਪਣੇ ਪਿੰਡੇ ਉਤੇ ਹੰਢਾਈ ਹੁੰਦੀ ਹੈ, ਜਿਸ ਦੇ ਕੁਝ ਪਹਿਲੂ ਇਨਸਾਨ ਦੀ ਸਾਰੀ ਉਮਰ ਲਈ ਯਾਦਗਾਰ ਬਣ ਜਾਂਦੇ ਹਨ, ਜਿਨ੍ਹਾਂ ਵਿੱਚ ਮੁੱਖ ਹੁੰਦੇ ਹਨ ਜਾਂ ਤਾਂ ਸਭ ਤੋਂ ਚੰਗਾ ਵੇਲਾ ਜਾਂ ਸਭ ਤੋਂ ਮਾੜਾ ਵਕਤ। ਹਰ ਇੱਕ ਦੇ ਅਤੀਤ ਨਾਲ ਕਈ ਅਜਿਹੇ ਪਲ ਵੀ ਜੁੜੇ ਹੁੰਦੇ ਹਨ, ਜਿਨ੍ਹਾਂ ਨੂੰ ਉਹ ਚਾਹੁੰਦੇ ਹੋਏ ਵੀ ਨਹੀਂ ਭੁਲਾਅ ਸਕਦਾ। ਕੁਝ ਮਿੱਠੀਆਂ ਅਤੇ ਕੌੜੀਆਂ ਯਾਦਾਂ ਕਈ ਵਾਰੀ ਸਾਨੂੰ ਖਿਆਲਾਂ ਰਾਹੀਂ ਕਈ ਕਈ ਸਾਲ ਪਿਛਾੜੀ ਲਿਜਾ ਖੜ੍ਹਾ ਕਰਦੀਆਂ ਹਨ। ਗੁਜ਼ਰੇ ਦੌਰ ਦੀਆਂ ਝੱਲੀਆਂ ਹੋਈਆਂ ਤਕਲੀਫਾਂ ਸਾਡੇ ਚੱਲ ਰਹੇ ਸਮੇਂ ਵਿੱਚ ਮੁਸ਼ਕਿਲਾਂ ਤੋਂ ਬਚਣ ਦਾ ਇੱਕ ਨੁਕਤਾ ਬਣ ਸਕਦੀਆਂ ਹਨ, ਜੇ ਸੂਝ-ਬੂਝ ਤੋਂ ਕੰਮ ਲਿਆ ਜਾਵੇ। ਗੁਜ਼ਰੇ ਸਮੇਂ ਦੇ ਚੰਗੇ ਪਲ ਜੋ ਹੱਥੋਂ ਕੰਨੀ ਖਿਸਕਾ ਗਏ, ਉਹ ਸਾਨੂੰ ਪਛਤਾਵਿਆਂ ਵੱਲ ਤੋਰ ਦਿੰਦੇ ਹਨ।

ਹੰਢ ਰਿਹਾ ਸਮਾਂ, ਜਿਸਨੂੰ ਅਸੀਂ ਵਧੀਆ ਹੰਢਾਉਣ ਦੀਆਂ ਕੋਸ਼ਿਸ਼ਾਂ ਵਿੱਚ ਲੱਗੇ ਰਹਿੰਦੇ ਹਾਂ, ਪਰ ਚੱਲ ਰਿਹਾ ਵਕਤ ਮਿਹਨਤ, ਹਿੰਮਤ ਅਤੇ ਨਸੀਬਾਂ ਤੋਂ ਬਿਨਾ ਵਧੀਆ ਨਸੀਬ ਨਹੀਂ ਹੁੰਦਾ, ਕਿਉਂਕਿ ਲੱਖ ਭਾਵੇਂ ਸਮਾਂ ਸਾਡੇ ਹੱਕ ਵਿੱਚ ਨਹੀਂ ਹੁੰਦਾ, ਪਰ ਇਸ ਨੂੰ ਚੰਗਾ-ਮਾੜਾ ਬਣਾਉਣਾ ਜ਼ਰੂਰ ਕਿਸੇ ਹੱਦ ਤੱਕ ਸਾਡੇ ਹੱਥ ਹੁੰਦਾ ਹੈ। ਲਾਲਸਾ ਅਤੇ ਲਾਲਚ ਚਲਦੇ ਸਮੇਂ ਨੂੰ ਵਧੀਆ ਬਣਾਉਣ ਵਿੱਚ ਇੱਕ ਵਿਘਨ ਪਾਉਂਦੇ ਹਨ, ਜੋ ਆਉਣ ਵਾਲੇ ਸਮੇਂ ਲਈ ਖੁਸ਼ੀਆਂ ਖਰੀਦਣ ਲਾ ਦਿੰਦੇ ਹਨ, ਜਿਸ ਨਾਲ ਮਾਨਸਿਕਤਾ ਦੀ ਬੜੀ ਖਿੱਚਧੂਹ ਹੁੰਦੀ ਹੈ। ਸਾਡੀ ਸਭ ਦੀ ਇੱਕ ਫਿਤਰਤ ਬਣ ਗਈ ਹੈ ਕਿ ਜੋ ਪੱਲੇ ਹੈ, ਉਸਨੂੰ ਸਾਂਭਣ ਦੀ ਅਸੀਂ ਫਿਕਰ ਨਹੀਂ ਕਰਦੇ ਤੇ ਆਉਣ ਵਾਲਾ ਵਕਤ, ਜਿਸ ਨੂੰ ਅਸੀਂ ਵੇਖਿਆ ਤੱਕ ਵੀ ਨਹੀਂ ਹੁੰਦਾ, ਉਸ ਭਵਿੱਖ ਦੀਆਂ ਫਿਕਰਾਂ ਵਿੱਚ ਜੁਟ ਜਾਂਦੇ ਹਾਂ। ਸਾਡੀਆਂ ਅੱਜ ਦੀਆਂ ਕਈ ਸਿਆਣਪਾਂ ਆਉਣ ਵਾਲੇ ਸਮੇਂ ਵਿੱਚ ਪਛਤਾਵੇ ਦਾ ਰੂਪ ਧਾਰਨ ਕਰ ਲੈਣਗੀਆਂ, ਕਿਉਂਕਿ ਅਸੀਂ ਕੱਲ੍ਹ ਨੂੰ ਸੰਵਾਰਨ ਦੇ ਚੱਕਰ ਵਿੱਚ ਆਪਣਾ ਅੱਜ ਵਿਗਾੜ ਬੈਠਦੇ ਹਾਂ, ਕਿਉਂਕਿ ਅੱਜ ਆਪਣਾ ਅਤੇ ਕੱਲ੍ਹ ਨਾਲ ਕਾਲ਼ ਦਾ ਹੁੰਦਾ ਹੈ।

ਵਕਤ ਦੀ ਭਾਸ਼ਾ ਅਤੇ ਪਰਿਭਾਸ਼ਾ ਵਾਲੀ ਤੂੰਬੀ ਦੀ ਤਾਰ ਛੇੜਨ ਦਾ ਮੁੱਖ ਮਕਸਦ ਕਿ ਜਿਸ ਦੀ ਪਹੁੰਚ ਅਤੇ ਚਲੰਤ ਚੱਲੇ, ਅੱਜ ਵਕਤ ਉਸਦਾ ਹੀ ਹੋ ਜਾਂਦਾ ਹੈ। ਜਿਸ ਵਿਹੜੇ ਗਰੀਬੀ, ਮਜਬੂਰੀ ਅਤੇ ਲਾਚਾਰੀ ਹੋਵੇ ਜਾਂ ਵਕਤ ਵੀ ਉਸ ਦੇ ਨਾਲ ਨਹੀਂ ਹੁੰਦਾ, ਜਿਸ ਦੀ ਵਜ੍ਹਾ ਵਕਤ ਦੇ ਸਰਮਾਏਦਾਰਾਂ ਅੱਗੇ ਉਨ੍ਹਾਂ ਨੂੰ ਹੱਥ ਫੈਲਾਉਣੇ ਅਤੇ ਜੋੜਨੇ ਵੀ ਪੈ ਜਾਂਦੇ ਹਨ, ਜਿਸ ਨਾਲ ਮਨੁੱਖਤਾ ਦਾ ਘਾਣ ਹੁੰਦਾ ਹੈ; ਪਰ ਇੱਕ ਸੱਚਾਈ ਕਿ ਵਕਤ ਉਨ੍ਹਾਂ ਦਾ ਵੀ ਆਉਣਾ ਹੁੰਦਾ ਹੈ ਤੇ ਜਿਨ੍ਹਾਂ ਦੇ ਪੱਲੇ ਹੈ, ਉਨ੍ਹਾਂ ਕੋਲ ਵੀ ਨਹੀਂ ਰਹਿਣਾ ਹੁੰਦਾ। ਵਕਤ ਜਿਨ੍ਹਾਂ ਦੇ ਨਾਲ ਹੁੰਦਾ ਹੈ, ਕਈ ਵਾਰੀ ਵਕਤ ਦੇ ਮਾਰਿਆਂ ਨੂੰ ਉਨ੍ਹਾਂ ਦੇ ਗੋਚਰੇ ਹੋਣਾ ਪੈਂਦਾ ਹੈ। ਇੱਕ ਸੁਨੇਹਾ ਉਨ੍ਹਾਂ ਨੂੰ, ਜਿਨ੍ਹਾਂ ਦੀ ਦਹਿਲੀਜ਼ ਭਲਾ ਵਕਤ ਵੜਿਆ:

ਜੇ ਨਾਜਾਇਜ਼ ਨਿਆਸਰੇ ਦਾ, ਤੁਸੀਂ ਲਾਭ ਉਠਾਵੋਗੇ।
ਸਮਾਂ ਰੱਬ ਜੇ ਬਦਲ ਦਿੱਤਾ, ਫਿਰ ਬਹਿ ਪਛਤਾਵੋਗੇ।
ਆਓ ਕੰਮ ਗਰੀਬਾਂ ਦੇ, ਸੁੱਖ ਬੜਾ ਹੀ ਪਾਵੋਗੇ।
ਨਾ ਵਕਤ ਕਿਸੇ ਦਾ ਮੀਤ ਬਣੇ, ਬਣੇ ਮੀਤ ਗਵਾਵੋਗੇ।
ਰਹੇ ਪਿਆਰ ਤੇ ਨਾ ਹੰਕਾਰ ਰਹੇ, ਚੰਗਾ ਵਕਤ ਹੰਢਾਵੋਗੇ।
ਨਹੀਂ ਮਾਣ ਤਾਂ ਟੁੱਟਦੇ ਆਏ, ਮਾਣ ਟੁੱਟ'ਗੇ ਤਾਂ ਪਛਤਾਵੋਗੇ।

ਤਲਿਸਮ

ਨੀਤੂ
ਫੋਨ:+91-9463046219



# ਰਸੋਈ ਦਾ ਟੂਣਾ ਤੋੜਦਿਆਂ

ਇਕ ਦਿਨ ਇਕ ਦੋਸਤ ਕਹਿਣ ਲੱਗਾ, "ਨੀਤੂ, ਮੈਂ ਤੇਰੀ ਰਸੋਈ ਦੇਖਣੀ ਹੈ, ਜੋ ਤੇਰੀ ਕਵਿਤਾ ਵਿਚ ਵਾਰ-ਵਾਰ ਆਉਂਦੀ ਹੈ।" ਮੈਂ ਸੋਚਦੀ ਹਾਂ ਉਹ ਮੇਰੀ ਰਸੋਈ ਕਿਵੇਂ ਦੇਖੂ? ਕੀ ਰਸੋਈ ਇਸ 'ਘਰ' ਨਾਂ ਦੀ ਇਮਾਰਤ ਦਾ ਇਕ ਹਿੱਸਾ ਮਾਤਰ ਹੈ? ਫਿਰ ਤਾਂ ਹਰ ਘਰ ਵਿਚ ਰਸੋਈ ਦੇ ਅਰਥ ਵੱਖਰੇ ਹੁੰਦੇ ਹੋਣਗੇ। ਜੇ ਰਸੋਈ ਇਸ ਵਿਚ ਪਏ ਸਮਾਨ ਕਾਰਨ ਰਸੋਈ ਹੈ ਤਾਂ ਇਹਦੇ ਅਰਥ ਲਗਾਤਾਰ ਬਦਲਦੇ ਹੋਣਗੇ। ਇਸ ਅੰਦਰ ਪਿਆ ਸਮਾਨ ਵੀ ਤਾਂ ਬਦਲਦਾ ਰਹਿੰਦਾ ਹੈ। ਪੁਰਾਣੇ ਕੱਪ ਟੁੱਟੇ ਨਹੀਂ। ਨਵੇਂ ਆ ਜਾਂਦੇ ਹਨ। ਸਟੀਲ ਦਾ ਡਿਨਰ ਸੈਟ ਹੁੰਦਾ, ਫਿਰ ਮਾਈਕਰੋਵੇਵ ਵਾਲਾ ਲਿਆਂਦਾ ਜਾਂਦਾ। ਸਮਾਨ ਇਕ ਦੂਜੇ ਨੂੰ ਓਵਰਲੈਪ ਕਰਨ ਲੱਗਦਾ ਹੈ। ਇਹ ਲਗਾਤਾਰ ਭੀੜੀ ਹੁੰਦੀ ਜਾਂਦੀ ਹੈ।

ਸੋਚਦੀ ਹਾਂ ਮੇਰੀ ਰਸੋਈ ਨੂੰ ਇਕ ਨਜ਼ਰ ਦੇਖ ਕੇ ਕੋਈ ਮੇਰੀ ਕਵਿਤਾ ਦੇ ਸੋਮਿਆਂ ਵਿਚ ਲੱਥ ਸਕਦਾ? ਕੋਈ ਮਰਦ ਰਸੋਈ ਨੂੰ ਔਰਤ ਦੀਆਂ ਅੱਖਾਂ ਨਾਲ ਜਾਣ ਸਕਦਾ? ਫਿਰ ਸੋਚਦੀ ਹਾਂ ਉਹ ਤਾਂ 'ਕਾਮਰੇਡ' ਹੈ, ਸ਼ਾਇਦ ਸਮਝ ਲਵੇ। ਪਰ 'ਕਾਮਰੇਡ' ਤਾਂ ਮੇਰਾ ਪਤੀ ਵੀ ਹੈ।

ਅਨੇਕਾਂ ਸਵਾਲ ਮੇਰੇ ਮਨ ਦੀ ਸਕਰੀਨ 'ਤੇ ਫੈਲਣ ਲੱਗਦੇ ਨੇ। ਮੈਂ ਇਨ੍ਹਾਂ ਸੁਆਲਾਂ ਦੇ ਜੁਆਬ ਤਲਾਸ਼ਦਿਆਂ ਰਸੋਈ ਵਿਚ ਜਾਂਦੀ ਹਾਂ...।

ਮੈਥੋਂ ਪਹਿਲਾਂ ਇਸ ਵਿਚ ਮਾਂ ਖੜੀ ਹੈ। ਮਾਂ ਦੀ ਇਕ ਅੱਖ ਵਿਚ ਹੰਝੂ ਤੇ ਦੂਜੀ ਵਿਚ ਮੁਸਕਾਨ ਹੈ। ਇਹ ਹੰਝੂ ਵਹਿੰਦਾ ਨਹੀਂ, ਪੱਥਰ ਦਾ ਹੈ। ਮੁਸਕਾਨ ਫੈਲਦੀ ਨਹੀਂ, ਪੱਥਰ ਦੇ ਹੰਝੂ ਵਿਚ ਭਿੱਜੀ ਹੈ। ਮਾਂ ਦੱਸਦੀ ਹੈ, ਇਸ ਵਿਚ ਨਾਨੀ ਵੀ ਹੈ। ਨਾਨੀ ਦੀਆਂ ਧੂੰਏਂ ਨਾਲ ਖ਼ਰਾਬ ਅੱਖਾਂ ਹਮੇਸ਼ਾਂ ਰੁਮਾਲ ਨਾਲ ਢਕੀਆਂ ਹੁੰਦੀਆਂ। ਨਾ ਹੰਝੂ, ਨਾ ਮੁਸਕਾਨ...।

ਮੈਨੂੰ ਅਕਸਰ ਲਗਦਾ ਹੈ ਕਿ ਔਰਤ ਦੀ ਬਹੁਤੀ ਉਮਰ ਘਰ ਦੀ ਰਸੋਈ ਵਿਚ ਲੰਘ ਜਾਂਦੀ ਹੈ। ਜਦੋਂ ਡਰਾਇੰਗ ਰੂਮ ਵਿਚ ਠਹਾਕੇ ਲਗ ਰਹੇ ਹੁੰਦੇ, ਬੈਡਰੂਮ ਵਿਚ ਘੁਰਾੜੇ ਵੱਜ ਰਹੇ ਹੁੰਦੇ ਹਨ, ਬਾਲਕਨੀ ਵਿਚ ਅਖ਼ਬਾਰ ਪੜ੍ਹਿਆ ਜਾ ਰਿਹਾ ਹੁੰਦਾ, ਉਹ ਰਸੋਈ ਵਿਚ ਹੁੰਦੀ ਹੈ।

ਮੈਂ ਆਪਣੀ ਮਾਂ ਨੂੰ ਅਕਸਰ ਰਸੋਈ ਵਿਚ ਦੇਖਿਆ। ਬਚਪਨ ਵਿਚ ਲੱਗਦਾ ਸੀ ਇਕ ਰਸੋਈ ਹੀ ਐਸੀ ਥਾਂ ਹੈ, ਜਿੱਥੇ ਉਸਦੀ ਜ਼ਿੰਦਗੀ ਵਿਚ ਕੋਈ ਖ਼ਲਲ ਨਹੀਂ ਸੀ ਹੁੰਦਾ। ਬਹੁਤਾ ਸਮਾਂ ਉਹ ਉਥੇ ਹੁੰਦੀ ਸੀ; ਜਦੋਂ ਨਹੀਂ ਹੁੰਦੀ ਸੀ, ਉਦੋਂ ਵੀ ਸੁਤਾ ਉਥੇ ਹੀ ਹੁੰਦੀ ਸੀ। ਸਵੇਰ ਦੀ ਰੋਟੀ ਖ਼ਤਮ ਹੁੰਦਿਆਂ ਹੀ ਸ਼ਾਮ ਦੀ ਸਬਜ਼ੀ ਬਾਰੇ ਸੋਚਣ ਲੱਗਦੀ। ਸਬਜ਼ੀ ਕੱਟਣ ਲੱਗਦੀ। ਰਾਤ ਨੂੰ ਹੀ ਉਸਨੂੰ ਅਗਲੀ ਸਵੇਰ ਦਾ ਫ਼ਿਕਰ ਹੁੰਦਾ। ਸਵੇਰ ਤੋਂ ਹੀ ਦੁਪਿਹਰ ਦਾ ਅਤੇ ਦੁਪਿਹਰ ਤੋਂ ਹੀ ਸ਼ਾਮ ਦਾ। ਮੈਂ ਉਸਨੂੰ ਦਾਲ, ਸਬਜ਼ੀ, ਦੁੱਧ, ਦਹੀਂ ਆਦਿ ਤੋਂ ਬਿਨਾਂ ਕਦੇ ਹੋਰ ਕੁਝ ਸੋਚਦਿਆਂ ਦੇਖਿਆ ਹੋਵੇ, ਮੈਨੂੰ ਯਾਦ ਨਹੀਂ। ਜਾਂ ਫਿਰ ਉਹ ਭਾਂਡਿਆਂ ਦਾ ਹਿਸਾਬ ਕਰਦੀ। ਕਿਹੜਾ ਭਾਂਡਾ ਕਿਸਦੇ ਘਰੇ ਗਿਆ ਤੇ ਕਿਹੜਾ ਕਿਹੜੇ ਘਰੋਂ ਆਇਆ। ਕਿਹੜਾ ਮੋੜਨਾ ਤੇ ਕਿਹੜਾ ਮੁੜਵਾਉਣਾ। ਮੈਂ ਸੋਚਦੀ ਮਾਂ ਇਸ ਹਿਸਾਬ ਕਿਤਾਬ ਵਿਚ ਕੁਝ ਨਹੀਂ ਭੁਲਦੀ, ਹੋਰ ਕਿੰਨਾ ਕੁਝ ਹੈ ਜੋ ਉਸਨੂੰ ਕਦੇ ਯਾਦ ਨਹੀਂ ਰਹਿੰਦਾ...।

ਕਦੇ ਲੱਗਦਾ, ਉਹ ਰਸੋਈ ਦੀ ਮਾਲਕਣ ਹੈ। ਮਿਰਚ ਮਸਾਲਿਆਂ ਦੀ ਇਕ ਪੂਰੀ ਦੁਨੀਆ ਉਤੇ ਉਸਦੀ ਸੱਤਾ ਹੈ। ਕਿਸ ਸ਼ੈਅ ਵਿਚ ਲੂਣ ਖੰਡ ਦੀ ਕੀ ਮਿਕਦਾਰ ਪਾਉਣੀ, ਸਭ ਉਸੇ ਦਾ ਫ਼ੈਸਲਾ। ਉਦੋਂ ਮੈਨੂੰ ਫੈਸਲਿਆਂ ਦੀ ਕਿਸੇ ਹੋਰ ਕਿਸਮ ਬਾਰੇ ਪਤਾ ਵੀ ਨਹੀਂ ਸੀ।

ਰਸੋਈ ਦੀ ਮਾਲਕਣ ਬਣ ਕੇ ਮੈਂ ਜਾਣਿਆ ਕਿ ਮਾਂ ਦੀ ਪਸੰਦ ਦਾ ਰਸੋਈ ਵਿਚ ਸਮਾਨ ਤਾਂ ਹੁੰਦਾ, ਪਰ ਉਸਦੀ ਪਸੰਦ ਦਾ ਪਕਦਾ ਕੁਝ ਨਹੀਂ। ਰਸੋਈ ਵਿਚਲੇ ਫ਼ੈਸਲੇ ਉਸਦੇ ਆਪਣੇ ਹੋ ਕੇ ਆਪਣੇ ਨਹੀਂ ਹੁੰਦੇ।

ਰਸੋਈ ਕੋਲ ਆਪਣਾ ਤਲਿਸਮ ਹੈ, ਔਰਤ ਇਸ ਵਿਚ ਫ਼ਸ ਜਾਂਦੀ ਹੈ। ਬੱਚਿਆਂ ਅਤੇ ਪਤੀ ਦੇ ਚਿਹਰਿਆਂ ਦੀ ਮੁਸਕਰਾਹਟ ਦਾ ਤਲਿਸਮ ਰਸੋਈ ਨਾਲ ਜੁੜਿਆ ਹੁੰਦਾ। ਇਸ ਤੋਂ ਕੋਈ ਜਾਦੂਗਰਨੀ ਹੀ ਬਚ ਸਕਦੀ ਹੈ, ਜਿਸਨੇ ਇਸਨੂੰ ਤੋੜਨ ਲਈ ਕਾਲਾ ਜਾਦੂ ਸਿੱਖਿਆ ਹੋਵੇ- ਜਿਸ ਕੋਲ ਮੰਤਰੀ ਹੋਈ ਰਾਖ ਹੋਵੇ ਤੇ ਗਲ ਵਿਚ ਤਵੀਤ।

ਮੈਂ ਅਠਾਰਾਂ-ਉਨੀ ਸਾਲਾਂ ਦੀ ਉਮਰ ਵਿਚ ਸ਼ਾਇਦ ਪਹਿਲੀ ਵਾਰ ਸਬਜ਼ੀ ਬਣਾਈ ਸੀ। ਭਿੰਡੀਆਂ ਦੀ। ਉਸ ਵਿਚ ਹਲਦੀ ਨਹੀਂ ਸੀ ਪਾਈ। ਮੈਨੂੰ ਨਹੀਂ ਸੀ ਪਤਾ ਕਿ ਹਰ ਸਬਜ਼ੀ ਵਿਚ ਹਲਦੀ ਪਾਈਦੀ ਹੈ। ਮਾਂ ਤੰਦੂਰ ਉਤੇ ਰੋਟੀਆਂ ਬਣਾ ਜਦੋਂ ਵਾਪਸ ਆਈ ਤਾਂ ਸਬਜ਼ੀ ਦਾ ਰੰਗ ਦੇਖ ਹਲਦੀ ਬਾਰੇ ਪੁੱਛਣ ਲੱਗੀ। ਸਾਰਾ ਪਰਿਵਾਰ ਮੇਰੇ ਉਤੇ ਹੱਸ ਰਿਹਾ ਸੀ ਕਿ ਮੈਂ ਬਿਨਾ ਹਲਦੀ ਤੋਂ ਹੀ ਸਬਜ਼ੀ ਬਣਾ ਧਰੀ। ਮੈਂ ਸ਼ਰਮ ਦੀ ਮਾਰੀ ਨੇ ਕਿਹਾ ਕਿ ਮੈਂ ਤਾਂ ਜਾਣ ਕੇ ਹਲਦੀ ਨਹੀਂ ਪਾਈ। ਹਰੀਆਂ ਹਰੀਆਂ ਭਿੰਡੀਆਂ ਕਿੰਨੀਆਂ ਸੋਹਣੀਆਂ ਲੱਗਦੀਆਂ, ਨਾਲੇ ਇਹ ਜ਼ਰੂਰੀ ਤਾਂ ਨਹੀਂ ਕਿ ਹਰ ਸਬਜ਼ੀ ਵਿਚ ਹਲਦੀ ਪਾਈ ਜਾਵੇ। ਮੈਂ ਕਿਸੇ ਦੀ ਇਕ ਨਾ ਚੱਲਣ ਦਿੱਤੀ। ਮਾਂ ਹੁਣ ਵੀ ਮੈਨੂੰ ਇਹ ਗੱਲ ਯਾਦ ਕਰਵਾ ਕੇ ਬਹੁਤ ਹੱਸਦੀ ਹੈ। ਆਖਦੀ ਹੈ, "ਤੂੰ ਤਾਂ ਪੈਰਾਂ 'ਤੇ ਪਾਣੀ ਨਾ ਪੈਣ ਦੇਵੇਂ...।" ਸੋਚਦੀ ਹਾਂ, ਮੈਂ ਜਾਦੂਗਰਨੀ ਜੋ ਹੋਈ।

ਮੈਂ ਰਸੋਈ ਵਿਚ ਵੜਦੀ ਹਾਂ ਤਾਂ ਮੇਰੇ ਹੱਥ ਵਿਚ ਮੋਬਾਈਲ ਹੁੰਦਾ। ਮੈਂ ਉਸਨੂੰ ਰਸੋਈ ਦੀ ਉਪਰਲੀ ਸ਼ੈਲਫ਼ 'ਤੇ ਰੱਖ ਦਿੰਦੀ ਹਾਂ। ਪਾਣੀ ਦੀ ਟੂਟੀ ਛੱਡਦੀ ਹਾਂ। ਕੋਈ ਗੀਤ ਯਾਦ ਆਉਂਦਾ। ਨਜ਼ਮਾਂ ਵਿਚ ਨਦੀਆਂ, ਸਮੁੰਦਰਾਂ, ਦਰਿਆਵਾਂ ਦਾ ਜ਼ਿਕਰ ਯਾਦ ਆਉਂਦਾ। ਇਕ ਵਾਰ ਮੈਂ ਸਮੁੰਦਰ ਦੇ ਕੰਢੇ ਜਾਣਾ ਸੀ। ਇਕ ਦੋਸਤ ਕਹਿਣ ਲੱਗਾ, "ਮੇਰੇ ਲਈ ਕੀ ਲੈ ਕੇ ਆਵੇਂਗੀ?" ਮੈਂ ਹੱਸਦਿਆਂ ਜੁਆਬ ਦਿੱਤਾ, "ਚੂਲੀ ਵਿਚ ਸਮੁੰਦਰ ਭਰ ਲਿਆਵਾਂਗੀ।" ਤੇ ਮੈਂ ਟੂਟੀ ਤੋਂ ਪਾਣੀ ਦੀ ਚੂਲੀ ਭਰ ਕੇ ਬੁੱਲਾਂ ਨੂੰ ਲਾ ਲੈਂਦੀ ਹਾਂ। ਸੋਚਦੀ ਹਾਂ, ਮੈਂ ਤਾਂ ਸਮੁੰਦਰ ਅੰਦਰੇ ਲਈ ਫਿਰਦੀ ਹਾਂ। ਤੂੰ ਪਤਾ ਨਹੀਂ ਸਮੁੰਦਰ ਦੇਖਣ ਕਿੱਥੇ ਤੁਰਿਆ ਫਿਰਦੈਂ? ਨਾਲੇ ਸਮੁੰਦਰ ਦੇ ਕੰਢੇ ਉਤੇ ਕੀ ਹੁੰਦਾ?

ਰਸੋਈ ਵਿਚਲਾ ਪਾਣੀ ਗਤੀ ਬਣ ਮੇਰੇ ਖ਼ਿਆਲਾਂ ਵਿਚ ਵਹਿਣ ਲੱਗਦਾ। ਮੈਂ ਪਾਣੀ ਨੂੰ ਬੁੱਲਾਂ ਨਾਲ ਆਪਣੇ ਪਿੰਡੇ ਉਤੇ ਪਹਿਨ ਲੈਂਦੀ ਹਾਂ।

ਬਰਤਨਾਂ ਦੀ ਗੋਲਾਈ ਅਤੇ ਡੂੰਘਾਈ ਦੇਖਦੀ ਹਾਂ ਤਾਂ ਖਿਝ ਜਾਂਦੀ ਹਾਂ ਰਸੋਈ ਵਿਚਲਾ ਬਹੁਤਾ ਸਾਮਾਨ ਗੋਲ ਕਿਉਂ ਹੁੰਦਾ? ਔਰਤ ਦੀ ਜ਼ਿੰਦਗੀ ਵਾਂਗੂੰ ਜੋ ਘੁੰਮ ਫਿਰ ਕੇ ਇਸ ਰਸੋਈ ਵਿਚ ਹੀ ਆ ਪਹੁੰਚਦੀ ਹੈ। ਇਸ ਦਾ ਕੋਈ ਸਿਰਾ ਕਿੱਥੇ ਹੈ? ਇਹ ਲਾਟੂ ਵਾਂਗੂੰ ਘੁੰਮਣਾ, ਸ਼ੁਰੂ ਅੰਤ ਕੁਝ ਪਤਾ ਨਹੀਂ ਲੱਗਦਾ। ਦਾਇਰੇ ਹੀ ਦਾਇਰੇ, ਡੂੰਘਾਈਆਂ ਅਤੇ ਗੋਲਾਈਆਂ... ਔਰਤ ਦੇ ਜਿਸਮ ਵਾਂਗੂੰ... ਹੋਰ ਕੁਝ ਮਾਇਨੇ ਨਹੀਂ ਰੱਖਦਾ।

ਬਰਤਨਾਂ ਤੋਂ ਨਿਗਾਹ ਹਟਾਉਂਦੀ ਹਾਂ, ਅੱਗ ਵੱਲ ਹੁੰਦੀ ਹਾਂ। ਬਰਤਨ ਰੱਖਣ ਤੋਂ ਪਹਿਲਾਂ ਲਾਟ ਨੂੰ ਦੇਖਦੀ ਹਾਂ। ਅੱਖਾਂ ਦੇ ਕਟੋਰਿਆਂ ਵਿਚ ਅੱਗ ਭਰਦੀ ਹਾਂ। ਅੱਗ 'ਤੇ ਰੱਖੇ ਮਸਾਲੇ ਭੁੱਜਦੇ ਨੇ। ਇਹ ਮਹਿਕਣ ਲੱਗਦੇ ਨੇ।

ਮਸਾਲਿਆਂ ਦੀ ਮਹਿਕ ਦਾ ਤਲਿਸਮ ਜਿਉਂ ਹੀ ਮੇਰੇ ਸਿਰ ਚੜ੍ਹਨ ਲੱਗਦਾ, ਉਪਰਲੀ ਸ਼ੈਲਫ ਉਤੇ ਪਿਆ ਫੋਨ ਵੱਜ ਪੈਂਦਾ। ਕੋਈ ਦੋਸਤ ਕਵਿਤਾ ਦੀ ਗੱਲ ਕਰ ਰਿਹਾ ਹੁੰਦਾ, ਕੋਈ ਨਵੀਂ ਪੜ੍ਹੀ ਕਿਤਾਬ ਬਾਰੇ ਦੱਸ ਰਿਹਾ ਹੁੰਦਾ, ਕਿਸੇ ਨੂੰ ਕ੍ਰਾਂਤੀ ਦਾ ਫ਼ਿਕਰ ਹੁੰਦਾ। ਮਸਾਲਿਆਂ ਦੀ ਮਹਿਕ ਕਿਤੇ ਨਹੀਂ ਹੁੰਦੀ। ਮੈਂ ਰਸੋਈ ਵਿਚ ਹੁੰਦੀ ਹਾਂ, ਪਰ ਨਹੀਂ ਹੁੰਦੀ। ਨਾਨੀ ਨੂੰ ਕੁਝ ਪਤਾ ਨਹੀਂ ਲੱਗਦਾ। ਮਾਂ ਹੱਥ ਫੜ ਕੇ ਰੋਕਦੀ ਹੈ। ਮੇਰੇ ਹੱਥ ਵਿਚ ਮੇਰਾ ਹੱਥ ਹੁੰਦਾ ਹੀ ਨਹੀਂ...।



## ‘ਵਿਗੜੀ ਹੋਈ ਕੁੜੀ’ (ਝੂਠ ਜਿਹਾ ਸੱਚ)

**ਕਿਸ਼ਤ (15)**

ਬਖ਼ਸ਼ਿੰਦਰ
ਵੱਟਸਐਪ:+1-778-793-8979



*ਅਣਦੱਸੀਆਂ ਕਹਾਣੀਆਂ ਵਿਚ ਅਕਸਰ ਬੜਾ ਕੁੱਝ ਦੱਸਣੋਂ ਰਹਿ ਜਾਂਦਾ ਹੈ। ਇਸ ਨਾਵਲ ਵਿਚ ਉਹ ਅਣਛੋਹੇ ਨੁਕਤੇ ਹੀ ਉਭਾਰਨ ਦਾ ਹੀਲਾ ਕੀਤਾ ਗਿਆ ਹੈ। ਕਹਾਣੀ ਦੇ ਪਿਛੋਕੜ ਵਿਚ ਜਿਹੜੀ ‘ਸਾਈਕੀ’ ਯਾਨੀ ਮਨੋਦਸ਼ਾ ਹੈ, ਉਹ ਫੜਨ ਅਤੇ ਉਸ ਦੀਆਂ ਗੁੱਝੀਆਂ ਪਰਤਾਂ ਛੂਹਣ ਦਾ ਹੀਲਾ ਹੀ ਕੀਤਾ ਗਿਆ ਹੈ। ਇਕ ਪਿਛੋਂ ਇਕ ਘਟਨਾਵਾਂ ਦੀ ਲੜੀ ਦੀ ਨਿਰੰਤਰਤਾ ਹਥਲੇ ਨਾਵਲ ਦਾ ਧਰਾਤਲ ਹਨ ਅਤੇ ਇਸ ਉਤਰਾਅ-ਚੜ੍ਹਾਅ ਨੂੰ ਸਮਝ ਕੇ ਹੀ ਜ਼ਿੰਦਗੀ ਦਾ ਯਥਾਰਥ ਸਮਝਿਆ ਜਾ ਸਕਦਾ ਹੈ! ਸੋ, ਸਪਸ਼ਟ ਕਰ ਦਈਏ ਕਿ ‘ਇਸ ਨਾਵਲ ਵਿਚ ਬਹੁਤ ਕੁਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਊਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।’ ਪੇਸ਼ ਹੈ, ਅਗਲੀ ਕਿਸ਼ਤ...*

# ਪੱਤਰਕਾਰਾਂ ਦੀ ਘੁਸਰ-ਮੁਸਰ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਫਾਰਮ ਹਾਊਸ ਵਿਚ ਹੋਈ ਉਸ ‘ਸਿਟਿੰਗ’ ਦਾ ‘ਕਲਾਈਮੈਕਸ’ ਹੋਣ ਤੋਂ ਪਹਿਲਾਂ ਦਾਨਿਸ਼ ਨੇ ਲਤਾ ਨੂੰ ਇਹ ਵੀ ਕਿਹਾ ਸੀ ਕਿ ਉਹ, ਇਸ ਵੈੱਬ ਸੀਰੀਜ਼ ਦਾ ਕਲਾਈਮੈਕਸ ਆਪਣੇ ਫਾਰਮ ਹਾਊਸ ਵਿਚ ਹੀ ਸ਼ੂਟ ਕਰ ਲਵੇ। ਲਤਾ ਨੇ ਉਸ ਵੇਲ਼ੇ ਤਾਂ ਦਾਨਿਸ਼ ਦਾ ਮਾਣ ਰੱਖਣ ਲਈ ਹੀ, ਉਸ ਦੀ ਹਾਂ ਵਿਚ ਹਾਂ ਰਲ਼ਾ ਦਿੱਤੀ ਸੀ, ਪਰ ਉਸ ਨੂੰ ਪਤਾ ਸੀ ਕਿ ਖੁੱਲ੍ਹੀ ਥਾਵੇਂ ਸ਼ੂਟ ਕਰਨ ਵਿਚ, ਸਾਊਂਡ ਸਬੰਧੀ ਕਈ ਮਸਲੇ ਹੋ ਜਾਇਆ ਕਰਦੇ ਹਨ। ਉਹ ਨਹੀਂ ਚਾਹੁੰਦੀ ਸੀ ਕਿ ਇੰਨੇ ਵੱਡੇ ਮੀਡੀਆ ਅਦਾਰਿਆਂ ਤੇ ਟੀਵੀ ਚੈਨਲਾਂ ਦੇ ਨੁਮਾਇੰਦਿਆਂ ਨੂੰ ਕੋਈ ਬਦਇੰਤਜ਼ਾਮੀ ਜਾਂ ਕੋਈ ਗੱਲ ਕਾਬੂ ਤੋਂ ਬਾਹਰ ਹੋਈ ਦਿਸੇ।

ਇਸੇ ਲਈ ਉਸ ਨੇ ਆਪਣੇ ਆਰਟ ਡਾਇਰੈਕਟਰ ਨੂੰ ਮੁੰਬਈ ਦੀ ਪ੍ਰੈੱਸ ਕਲੱਬ ਦਾ ਗੇੜਾ ਲੁਆ ਕੇ ਉਸ ਦਾ ਹੀ ‘ਰੈਪਲੀਕਾ’ ਸਟੂਡੀਓ ‘ਫ਼ਿਲਮ ਸਿਟੀ’ ਵਿਚ ਬਣਵਾਇਆ ਤੇ ਬਹੁਤ ਹੀ ‘ਇਮੈਜੀਨੇਟਿਵ’ ਜਿਹੀ ਲਾਈਟਿੰਗ ਕਰਾਈ। ਮੰਚ ਦੀ ਬੈਕਗਰਾਊਂਡ ਵਿਚ ਲੱਗਿਆ ਹੋਇਆ ਬੈਨਰ, ਕੰਧ ਨਾਲ਼ ਲੱਗਿਆ ਹੋਇਆ ਦਿਸਣ ਦੀ ਥਾਂ, ਹਵਾ ਵਿਚ ਹੀ ਲਟਕਦਾ ਲੱਗਦਾ ਸੀ। ਉਸ ਬੈਨਰ ਉੱਤੇ ਅੰਗਰੇਜ਼ੀ ਤੇ ਹਿੰਦੀ ਵਿਚ “ਬੇਕਰੀ ਤੋਂ ਬਾਲੀਵੁਡ: ਸੰਨੀ ਵੱਲੋਂ ਆਪਣੇ ਸਫ਼ਰ ਦੇ ਚਾਲ਼ੀ ਸਾਲ ਪੂਰੇ ਕਰਨ ਦਾ ਜਸ਼ਨ” ਛਪਿਆ ਹੋਇਆ ਸੀ। ਇਸ ਦੇ ਨਾਲ਼ ਹੀ ਮੋਮਬੱਤੀਆਂ ਵਾਲ਼ੇ ਕੇਕ ਅਤੇ ‘ਹੈਪੀ ਬਰਥਡੇ’ ਵਾਲ਼ੇ ਗੁਬਾਰੇ ਛਾਪੇ ਹੋਏ ਸਨ।

ਦਿੱਤੇ ਹੋਏ ਸਮੇਂ ‘ਤੇ ਮੀਡੀਆ ਦੇ ਨੁਮਾਇੰਦੇ, ਜਿਨ੍ਹਾਂ ਵਿਚ ਕਈ ਅਖ਼ਬਾਰਾਂ ਦੇ ਚੀਫ਼ ਐਡੀਟਰ ਅਤੇ ਕਈ ਟੀਵੀ ਚੈਨਲਾਂ ਦੇ ਸੀ.ਈ.ਓ. ਵੀ ਸ਼ਾਮਲ ਸਨ, ਆਉਣੇ ਸ਼ੁਰੂ ਹੋ ਗਏ। ਹਰ ਇਕ ਨੂੰ ਆਪਣਾ ਸੱਦਾ ਪੱਤਰ ਨਾਲ਼ ਲਿਆਉਣ ਦੀ ਬੇਨਤੀ ਕੀਤੀ ਹੋਈ ਸੀ ਤਾਂ ਕਿ ਅਗਲੇ ਦੇ ਅਹੁਦੇ-ਰੁਤਬੇ ਦੇ ਹਿਸਾਬ ਨਾਲ਼ ਹੀ, ਅਗਲੇ ਨੂੰ ਉਸ ਖ਼ਾਤਰ ਰਿਜ਼ਰਵਡ ਸੀਟ ਉੱਤੇ ਹੀ ਬਿਠਾਇਆ ਜਾ ਸਕੇ। ਮੀਡੀਆ ਸ਼ਖ਼ਸੀਅਤਾਂ ਦੇ ਸੁਆਗਤ ਲਈ ਲਤਾ ਕਪੂਰ, ਉਸ ਦਾ ਬਾਪ ਨਰਿੰਦਰ ਕਪੂਰ ਅਤੇ ਮਾਂ ਅਨੁਰਾਧਾ ਕਪੂਰ ਆਪ ਖੜ੍ਹੇ ਸਨ। ਉਨ੍ਹਾਂ ਦੇ ਨਾਲ਼ ਖੜ੍ਹਾ ਉਨ੍ਹਾਂ ਦਾ ਪ੍ਰੋਡੱਕਸ਼ਨ ਕੰਟਰੋਲਰ ਮਹਿਮਾਨਾਂ ਦੇ ਸੱਦਾ ਪੱਤਰ ਆਪਣੇ ਸੀਟਿੰਗ ਪਲੈਨ ਨਾਲ਼ ਮਿਲਾ ਕੇ, ਆਪਣੇ ਸਹਾਇਕਾਂ ਦੀ ਸਹਾਇਤਾ ਨਾਲ਼ ਮਹਿਮਾਨਾਂ ਨੂੰ ਉਨ੍ਹਾਂ ਦੀਆਂ ਸੀਟਾਂ ਤਕ ਪਹੁੰਚਾਈ ਜਾ ਰਿਹਾ ਸੀ। ਅੰਦਰ ਵੜਦਿਆਂ ਹੀ ਸਭ ਨੂੰ ਇਸ ਤਰ੍ਹਾਂ ਹੀ ਲੱਗਦਾ ਸੀ ਕਿ ਉਹ ਮੁੰਬਈ ਪ੍ਰੈੱਸ ਕਲੱਬ ਵਿਚ ਹੀ ਆ ਵੜੇ ਹਨ।

ਮਹਿਮਾਨਾਂ ਨੂੰ ਸ਼ੂਟਿੰਗ ਕਰਨ ਦੀ ਵਜ੍ਹਾ ਨਾਲ਼ ‘ਸਮੇਂ ਸਿਰ ਆ ਕੇ ਆਪਣੀਆਂ ਸੀਟਾਂ ਗ੍ਰਹਿਣ ਕਰਨ ਦਾ ਅਨੁਰੋਧ’ ਕੀਤਾ ਹੋਇਆ ਸੀ, ਜਿਸ ਕਰ ਕੇ ਸਾਰੀਆਂ ਸੀਟਾਂ ਭਰ ਗਈਆਂ। ਸਭ ਤੋਂ ਅਖ਼ੀਰ ਵਿਚ ਲਤਾ ਕਪੂਰ ਦੀ ਅਗਵਾਈ ਵਿਚ ਸੰਨੀ, ਨਰਿੰਦਰ ਕਪੂਰ ਅਤੇ ਅਨੁਰਾਧਾ ਕਪੂਰ ਮੰਚ ਉੱਤੇ ਸਜ ਗਏ। ਕੁਝ ਦੇਰ ਮਗਰੋਂ, ਉਸ ਸੈੱਟ ਦੇ ਬਾਹਰੋਂ, ਕੌਰਡਲੈੱਸ ਮਾਈਕਰੋਫੋਨ ਰਾਹੀਂ, ਹਿੰਦੀ ਵਿਚ ਰਲ਼ੀ ਹੋਈ ਅੰਗਰੇਜ਼ੀ ਬੋਲਦਾ-ਬੋਲਦਾ ਪ੍ਰੈੱਸ ਕਲੱਬ ਦਾ ਜਨਰਲ ਸਕੱਤਰ ਸੈੱਟ ਅੰਦਰ ਦਾਖ਼ਲ ਹੋ ਕੇ ਸਟੇਜ ਦੇ ਨੇੜੇ ਜਾ ਕੇ ਵੀ ਬੋਲਣਾ ਜਾਰੀ ਰੱਖਦਾ ਹੈ, “ਵੱਖ-ਵੱਖ ਮੀਡੀਆ ਅਦਾਰਿਆਂ ਤੋਂ ਆਏ ਹੋਏ ਸੀਨੀਅਰ ਪੱਤਰਕਾਰ ਸਾਥੀਓ! ਤੁਹਾਡਾ ਅੱਜ ਦੇ ਇਸ ‘ਮੀਟ ਦਾ ਪ੍ਰੈੱਸ’ ਪ੍ਰੋਗਰਾਮ ਵਿਚ ਸ਼ਰੀਕ ਹੋਣ ’ਤੇ ਨਿੱਘਾ ਸੁਆਗਤ ਏ। ਜਿਵੇਂ ਕਿ ਤੁਹਾਡੇ ਵਿਚੋਂ ਤਕਰੀਬਨ ਸਾਰੇ ਹੀ ਜਾਣਦੇ ਨੇ ਕਿ ਇਹ ਪ੍ਰੋਗਰਾਮ ਫ਼ਿਲਮ ਪ੍ਰੋਡਿਊਸਰ ਲਤਾ ਕਪੂਰ, ਜੋ ਹੁਣ ਡਾਇਰੈਕਟਰ ਵੀ ਬਣ ਗਏ ਨੇ, ਵੱਲੋਂ ਆਪਣੀ ਇਕ ਫ਼ਿਲਮ ਸਟਾਰ ਸੰਨੀ ਹੌਂਡਾ ਦੇ ਜਨਮ ਦਿਨ ਦਾ ਜਸ਼ਨ ਮਨਾਉਣ ਖ਼ਾਤਰ ਕਰਾਇਆ ਜਾ ਰਿਹਾ ਏ। ਸੋ ਜ਼ਾਹਿਰ ਹੈ, ਇਹ ਪ੍ਰੋਗਰਾਮ ਥੋੜ੍ਹਾ-ਬਹੁਤ ਹੀ ਨਹੀਂ, ਕਾਫੀ ਹੱਦ ਤਕ ਫ਼ਿਲਮੀ ਵੀ ਹੋਵੇਗਾ। ਇਸ ਦੇ ਨਾਲ਼ ਹੀ ਮੈਂ ਇਕ ਵਾਰ ਫਿਰ ਗੁਜ਼ਾਰਿਸ਼ ਕਰ ਦਿਆਂ ਕਿ ਲਤਾ ਜੀ, ਇਸ ਪ੍ਰੋਗਰਾਮ ਨੂੰ ਪ੍ਰੋਫੈਸ਼ਨਲੀ ਡੌਕੂਮੈਂਟ ਕਰ ਰਹੇ ਨੇ, ਜਿਸ ਲਈ ਇਕ ਵਾਰ ਆਪਣੀਆਂ-ਆਪਣੀਆਂ ਸੀਟਾਂ ਆਕੂਪਾਈ ਕਰ ਕੇ, ਨਾ ਤਾਂ ਵਾਰ-ਵਾਰ ਉੱਠਿਆ-ਬੈਠਿਆ ਜਾਵੇ, ਨਾ ਹੀ ਸੀਟਿੰਗ ਪਲੈਨ ਵਿਚ ਕੋਈ ਅਦਲਾ-ਬਦਲੀ ਕੀਤੀ ਜਾਵੇ। ਜੇ ਕਿਸੇ ਪੱਤਰਕਾਰ ਭਰਾ ਨੂੰ ਇਸ ਪ੍ਰੋਗਰਾਮ ਵਿਚ ਪ੍ਰੈੱਸ ਕਲੱਬ ਦੀ ਕਿਸੇ ਰਵਾਇਤ ਦੀ ਉਲੰਘਣਾ ਹੁੰਦੀ ਵੀ ਦਿਸੇ ਤਾਂ ਉਹ, ਇਸ ਨੂੰ ਸਾਡੇ ਵਾਂਗ ਹੀ ਬਰਦਾਸ਼ਤ ਕਰ ਲਵੇ, ਕਿਉਂ ਕਿ ਆਪਾਂ ਇਸ ਪ੍ਰੋਗਰਾਮ ਦੇ ਸਬੰਧ ਵਿਚ ਮੈਮ ਲਤਾ ਕਪੂਰ ਨੂੰ ਪੂਰਾ ਸਹਿਯੋਗ ਦੇਣ ਦਾ ਇਕਰਾਰ ਕੀਤਾ ਹੋਇਆ ਏ। ਹੁਣ, ਪ੍ਰੈੱਸ ਕਲੱਬ ਦੀ ਰਵਾਇਤ ਅਨੁਸਾਰ ਇਹ ‘ਮੀਟ ਦਾ ਪ੍ਰੈੱਸ’ ਪ੍ਰੋਗਰਾਮ, ਜਨਰਲ ਸਕੱਤਰ ਵਜੋਂ ਮੇਰੇ ਵੱਲੋਂ ਚਲਾਏ ਜਾਣ ਦੀ ਥਾਂ, ਇਹ ਮਾਈਕਰੋਫੋਨ ਤੇ ਇਹ ਜ਼ਿੰਮੇਵਾਰੀ, ਇਸ ਪ੍ਰੋਗਰਾਮ ਦੀ ਮੇਜ਼ਬਾਨ ਲਤਾ ਕਪੂਰ ਨੂੰ ਸੌਂਪਦਾ ਹਾਂ।”



***ਇਸੇ ਤਰ੍ਹਾਂ ਹੀ ਤਕਰੀਬਨ ਸਾਰੇ ਮੀਡੀਆ ਕਰਮੀਆਂ ਨੇ ਤਿੱਖੇ, ਚਲਾਵੇਂ, ਸੰਜੀਦਾ ਤੇ ਸ਼ਰਾਰਤੀ ਸੁਆਲ ਪੁੱਛੇ। ਕਈ ਪੱਤਰਕਾਰਾਂ ਨੇ ਸੰਨੀ ਦੇ ਜੁਆਬ ਵਿਚੋਂ ਹੀ ਆਪਣੀ ਖ਼ਬਰ ਦੀ ਲੀਡ ਬਣਾਉਣ ਦਾ ਇਰਾਦਾ ਕਰਦਿਆਂ ਸੁਆਲ ਨਹੀਂ ਵੀ ਕੀਤੇ ਸਨ। ਜਦੋਂ ਸੁਆਲਾਂ ਦਾ ਸਿਲਸਿਲਾ ਸਮਾਪਤ ਹੋ ਗਿਆ ਤਾਂ ਲਤਾ ਨੇ ਕਿਹਾ, “ਪੱਤਰਕਾਰ ਦੋਸਤਾਂ ਨੇ ਬਹੁਤ ਹੀ ਵੰਨ-ਸੁਵੰਨੇ ਸੁਆਲ ਪੁੱਛੇ ਹਨ। ਹੁਣ ਇਹ ਦੇਖਣਾ ਬਾਕੀ ਹੈ ਕਿ ਸਾਡੀ ਮਹਿਮਾਨ ਤੇ ‘ਬਰਥਡੇ ਗਰਲ’ ਇਨ੍ਹਾਂ ਸੁਆਲਾਂ ਤੇ ਉਨ੍ਹਾਂ ਦੀ ਵੰਨ-ਸੁਵੰਨਤਾ ਨਾਲ਼ ਕਿਵੇਂ ਡੀਲ ਕਰਦੀ ਏ।***

ਮਾਈਕਰੋਫੋਨ ਫੜ ਕੇ ਲਤਾ ਨੇ ਕਹਿਣਾ ਸ਼ੁਰੂ ਕੀਤਾ, “ਮੈਂ ਆਪਣੇ ਵੱਲੋਂ ਸੁਆਗਤ ਕਰਨ ਦੀ ਰਸਮ ਸਕਿੱਪ ਕਰਦਿਆਂ ਅਰਜ਼ ਕਰਦੀ ਹਾਂ ਕਿ ਆਪਾਂ ਅੱਜ ਪਿਆਰੀ ਅਦਾਕਾਰਾ ਸੰਨੀ ਹੌਂਡਾ ਦਾ 40ਵਾਂ ਜਨਮ ਦਿਨ ਮਨਾਉਣ ਲਈ ਇਕੱਠੇ ਹੋਏ ਹਾਂ। ਤੁਹਾਡੇ ਵੱਲੋਂ ਮੰਗਣ ਦਾ ਇਸ਼ਾਰਾ ਕਰਨ ’ਤੇ ਸਾਡਾ ਬੰਦਾ, ਤੁਹਾਡੇ ਕੋਲ ਮਾਈਕਰੋਫੋਨ ਲੈ ਕੇ ਆਏਗਾ। ਤੁਹਾਨੂੰ ਬੇਨਤੀ ਹੈ ਕਿ ਬਹੁਤੀ ਤਮਹੀਦ ਬੰਨ੍ਹੇ ਬਗ਼ੈਰ ਹੀ, ਸਿੱਧਾ ਤੇ ਸੰਖੇਪ ਸੁਆਲ ਕਰਿਓ। ਇਸ ਤਰ੍ਹਾਂ ਕਰਨ ਨਾਲ਼ ਸਮਾਂ ਵੀ ਜ਼ਾਇਆ ਨਹੀਂ ਹੋਏਗਾ ਤੇ ਗੱਲਬਾਤ ਵੀ ‘ਕਰਿਸਪ’ ਰਹੇਗੀ।”

“ਲਤਾ’ਦੀ ਤੁਸੀਂ ਐਂ ਕਿਉਂ ਨਹੀਂ ਕਰਦੇ ਕਿ ਸਾਰਿਆਂ ਨੂੰ ਸੁਆਲ ਇਕੋ ਵਾਰੀ ਕਰ ਲੈਣ ਦਿਓ, ਮੈਨੂੰ ਪਤੈ ਮੈਨੂੰ ਕੀ-ਕੀ ਪੁੱਛਿਆ ਜਾਣੈ ਜਾਂ ਕੀ-ਕੀ ਪੁੱਛਿਆ ਜਾ ਸਕਦੈ, ਮੈਂ ਸਭ ਦੇ ਜੁਆਬ ਇਕੱਠੇ ਹੀ ਦੇ ਦਿਆਂਗੀ, ਕਿਉਂ ਕਿ ਮੈਨੂੰ ਇਹ ਵੀ ਪਤਾ ਏ ਕਿ ਸੁਆਲ ਜੋ ਵੀ ਹੋਵੇ, ਮੇਰਾ ਜੁਆਬ ਸਭ ਦਾ ਘਰ ਪੂਰਾ ਕਰੇਗਾ,” ਸੰਨੀ ਨੇ ਇਹ ਗੱਲ, ਲਤਾ ਵੱਲ ਨੂੰ ਝੁਕ ਕੇ, ਉਸ ਦੇ ਕੰਨ ’ਚ ਕਹਿ ਕੇ ਇਕ ਤਰ੍ਹਾਂ ਨਾਲ਼ ਪਿੜ ਹੀ ਮੱਲ ਲਿਆ।

“ਠੀਕ ਹੈ, ਤੁਸੀਂ ਸਾਰੇ ਹੀ ਪਹਿਲਾਂ ਵਾਰੀ-ਵਾਰੀ ਆਪਣੇ ਸੁਆਲ ਕਰ ਲਓ। ਕਾਕਾ, ਦੇਖ ਲਾ ਜਿਨ੍ਹਾਂ-ਜਿਨ੍ਹਾਂ ਨੇ ਹੱਥ ਖੜ੍ਹੇ ਕੀਤੇ ਹਨ, ਉਨ੍ਹਾਂ ਨੂੰ ਵਾਰੀ-ਸਿਰ ਮਾਈਕ ਦੇਈ ਜਾਈਂ। ਪੱਤਰਕਾਰ ਦੋਸਤਾਂ ਤੇ ਸੀਨੀਅਰ ਮੀਡੀਆ ਕਰਮੀਆਂ ਨੂੰ ਇਕ ਗੁਜ਼ਾਰਿਸ਼ ਹੋਰ ਕਿ ਉਹ, ਸੁਆਲ ਕਰਨ ਤੋਂ ਪਹਿਲਾਂ ਆਪਣਾ ਨਾਂ ਤੇ ਅਹੁਦਾ ਅਤੇ ਆਪਣੇ ਅਦਾਰੇ ਦਾ ਨਾਂ ਜ਼ਰੂਰ ਦੱਸਣ। ਲਓ ਜੀ ਤੇ ਸ਼ੁਰੂ ਹੋ ਗਿਆ ਏ, ਸੁਆਲਾਂ ਦਾ ਸਿਲਸਿਲਾ!”

ਪਹਿਲਾ ਸੁਆਲ ਕਰਨ ਵਾਲ਼ਾ ਪੱਤਰਕਾਰ ਸਿਖਾਂਦਰੂ ਜਿਹਾ ਹੀ ਲੱਗਿਆ, ਕਿਉਂ ਕਿ ਉਸ ਨੇ ਇਹ ਪੁੱਛਿਆ ਸੀ, “ਸੰਨੀ ਵੱਲੋਂ ਆਪਣੇ ਸਫ਼ਰ ਦੇ ਚਾਲ਼ੀ ਸਾਲ ਪੂਰੇ ਕਰ ਜਾਣ ਦੇ ਜਸ਼ਨ ਵਾਲ਼ੀ ਗੱਲ ਤਾਂ ਸਮਝ ਆਉਂਦੀ ਏ ਪਰ, ਆਹ ‘ਬੇਕਰੀ ਤੋਂ ਬਾਲੀਵੁਡ’ ਕਿਸ ਚੀਜ਼ ਦੀ ਐਡ ਏ?” ਉਸ ਦੇ ਸੁਆਲ ਨੇ ਹਾਸੜ ਮਚਾ ਦਿੱਤੀ ਸੀ।

“ਸੰਨੀ ਨੇ ਆਪਣਾ ਸਫ਼ਰ ਹੌਲੀਵੁਡ ਵੱਲ ਮੋੜਨ ਦੀ ਥਾਂ ਬਾਲੀਵੁਡ ਵੱਲ ਮੋੜਨ ਨੂੰ ਪਹਿਲ ਕਿਉਂ ਦਿੱਤੀ ਜਦੋਂ ਕਿ ਹੌਲੀਵੁਡ ਉਸ ਨੂੰ ਨੇੜੇ ਵੀ ਪੈਂਦਾ ਸੀ?” ਇਹ ਸੁਆਲ ਕਰਨ ਵਾਲ਼ਾ ਪੱਤਰਕਾਰ ਸੀਨੀਅਰ ਵੀ ਸੀ ਤੇ ਸਿਆਣਾ ਵੀ ਸੀ।

“ਕੀ ਪੋਰਨ ਫ਼ਿਲਮ ਇੰਡਸਟਰੀ ਵਿਚ ਕੰਮ ਕਰਨਾ ਤੁਹਾਡੀ ਮਰਜ਼ੀ ਸੀ ਜਾਂ ਮਜਬੂਰੀ?” ਇਕ ਹੋਰ ਸੀਨੀਅਰ ਪੱਤਰਕਾਰ ਨੇ ਪੁੱਛਿਆ ਸੀ।

“ਬੇਕਰੀ ਵਿਚ ਜਾਂ ਟੈਕਸ ਤੇ ਰਿਟਾਇਰਮੈਂਟ ਫਰਮ ਵਿਚ ਕੰਮ ਕਰਦਿਆਂ, ਗੁਜ਼ਾਰੇ ਜੋਗੇ ਡਾਲਰ ਨਹੀਂ ਮਿਲਦੇ ਸਨ?” ਇਕ ਹੋਰ ਪੱਤਰਕਾਰ ਦਾ ਸੁਆਲ ਸੀ।

“ਕਹਿੰਦੇ ਨੇ ਪਈ ਤੁਸੀਂ ਆਪਣੇ ਮਾਪਿਆਂ ਦੀ ਬਹੁਤ ਲਾਡਲੀ ਧੀ ਸੀਗੇ। ਇਸ ਦੇ ਬਾਵਜੂਦ, ਤੁਹਾਨੂੰ ਉਨ੍ਹਾਂ ਨਾਲ਼ ਕੁਝ ਗਿਲੇ ਵੀ ਨੇ?” ਮਾਪਿਆਂ ਵਰਗੇ ਹੀ, ਇਕ ਸਿਆਣੇ ਪੱਤਰਕਾਰ ਨੇ ਇਹ ਪੁੱਛਿਆ ਸੀ।

“ਤੁਸੀਂ ਤੰਦਰੁਸਤ ਹੁੰਦਿਆਂ ਜਾਂ ਤੰਦਰੁਸਤ ਦਿਸਦਿਆਂ ਵੀ ਕੁਝ ਬੱਚੇ ਗੋਦ ਲਏ ਤੇ ਕੁਝ ਨੂੰ ਪਰਾਈ ਕੁੱਖ ਕਿਰਾਏ ’ਤੇ ਲੈ ਕੇ ਜਨਮ ਦਿੱਤਾ। ਕੀ ਤੁਹਾਡੀ ਜਨਣ ਪ੍ਰਣਾਲੀ ਵਿਚ ਕੋਈ ਨੁਕਸ ਹੈ ਜਾਂ ਇਸ ਤਰ੍ਹਾਂ ਕਰਨ ਦੀ ਕੋਈ ਹੋਰ ਵਜ੍ਹਾ ਹੈ?” ਇਕ ਬਹੁਤ ਹੀ ਘੋਖੀ ਕਿਸਮ ਦੇ ਪੱਤਰਕਾਰ ਦਾ ਸੁਆਲ ਸੀ।

“ਤੁਸੀਂ ਅਮਰੀਕਾ ਅਤੇ ਕੈਨੇਡਾ ਵਿਚ ਆਪਣੀਆਂ ਜਿੰਨੀਆਂ ਕਲਾਵਾਂ ਦਿਖਾ ਆਏ ਹੋ, ਉਹ ਦਿਖਾਉਣ ਮਗਰੋਂ ਹੁਣ ਕੀ ਦਿਖਾਉਣਾ ਰਹਿ ਗਿਆ ਹੈ ਕਿ ਬਾਲੀਵੁਡ ਵੱਲ ਧਾ ਆਏ ਹੋ?” ਇਕ ਬਹੁਤ ਹੀ ਚਤਰ-ਸੁਜਾਨ ਸਮਝੇ ਜਾਂਦੇ ਪੱਤਰਕਾਰ ਦਾ ਸੁਆਲ ਸੀ ਤੇ ਇਹ ਸੁਆਲ ਸੁਣ ਕੇ ਪੱਤਰਕਾਰਾਂ ਵਿਚ ਵੀ ਘੁਸਰ-ਮੁਸਰ ਜਿਹੀ ਛਿੜੀ ਸੀ।

“ਸੁਣਨ ਵਿਚ ਆਇਐ ਕਿ ਤੁਸੀਂ ‘ਲਿਖਦੇ’ ਵੀ ਹੋ ਤੇ ਅਮਰੀਕਾ ਵਿਚ ਤੁਹਾਡਾ ਆਪਣਾ ਪ੍ਰੋਡੱਕਸ਼ਨ ਹਾਊਸ ਵੀ ਸੀ। ਸੁਆਲ ਦੇ ਦੋ ਹਿੱਸੇ ਨੇ: ਪਹਿਲਾ ਇਹ ਕਿ ‘ਕਿਸ ਨੂੰ’ ਲਿਖਦੇ ਹੋ? ਦੂਜਾ ਇਹ ਕਿ ‘ਕਿੱਥੇ’ ਲਿਖਦੇ ਹੋ?” ਇਕ ਬਹੁਤ ਹੀ ਸ਼ਰਾਰਤੀ ਤੇ ਸ਼ੈਤਾਨ ਜਿਹੇ ਪੱਤਰਕਾਰ ਨੇ ਇਹ ਪੁੱਛਿਆ।

“ਆਪਣੇ ਪ੍ਰੋਡੱਕਸ਼ਨ ਹਾਊਸ ਵਿਚ ਕੀ ਪ੍ਰੋਡਿਊਸ ਕਰਿਆ ਕਰਦੇ ਸਓ? ਉਹ ਹੁਣ ਵੇਚ-ਵੂਚ ਆਏ ਜੇ ਯਾ ਕਿਰਾਏ ’ਤੇ ਦੇ ਛੱਡਿਆ ਜੇ?” ਇਹ ਪੁੱਛਣ ਵਾਲ਼ਾ ਮੀਡੀਆਮੈਨ ਅਸਲ ਵਿਚ, ਮੰਡੀਆਂ ਤੋਂ ਜਿਨਸਾਂ ਦਾ ਭਾਅ-ਭੱਤਾ ਹੀ ਲੈ ਕੇ ਦੇਣ ਵਾਲਾ ਸੀ।

“ਕੀ ਤੁਹਾਡੇ, ਬਾਲੀਵੁਡ ਵਿਚ ਕੰਮ ਕਰਨ ਦਾ ਉਦੇਸ਼, ਇੱਥੋਂ ਦੇ ਫ਼ਿਲਮ ਮੇਕਰਾਂ ਨੂੰ ਅਮਰੀਕਾ-ਕੈਨੇਡਾ ਵਿਚ ਬਣਦੀਆਂ ਫ਼ਿਲਮਾਂ ਵਰਗੀਆਂ ਫ਼ਿਲਮਾਂ ਬਣਾਉਣ ਲਾਉਣਾ ਹੈ ਜਾਂ ਉਨ੍ਹਾਂ ਨੂੰ ‘ਨਵਾਂ ਕੰਮ’ ਸਿਖਾਉਣਾ ਹੈ?” ਬਹੁਤ ਸੰਜੀਦਾ ਸਮਝੇ ਜਾਂਦੇ ਇਕ ਮੀਡੀਆ ਅਦਾਰੇ ਦੇ ਮੁਖੀ ਨੇ ਇਹ ਸੁਆਲ ਕੀਤਾ।

“ਭਾਰਤੀ ਫ਼ਿਲਮਾਂ ਨੂੰ ਆਪਣਾ ਭਵਿੱਖ ਸੁਰੱਖਿਅਤ ਕਰਨ ਲਈ, ਆਪਣੇ ਉੱਪਰ ਅਮਰੀਕਾ ਤੇ ਕੈਨੇਡਾ ਦੀਆਂ ਫ਼ਿਲਮਾਂ ਵਾਲ਼ਾ ਪਹੁ ਚੜ੍ਹਾਉਣਾ ਪਏਗਾ ਜਾਂ ਕੋਈ ਹੋਰ ਪੈਂਤੜਾ ਅਖ਼ਤਿਆਰ ਕਰਨਾ ਪਏਗਾ?” ਇਕ ਸੰਜੀਦਾ ਫ਼ਿਲਮ ਸਮੀਖ਼ਿਅਕ ਨੇ ਜਾਨਣਾ ਚਾਹਿਆ ਸੀ।

ਇਸੇ ਤਰ੍ਹਾਂ ਹੀ ਤਕਰੀਬਨ ਸਾਰੇ ਮੀਡੀਆ ਕਰਮੀਆਂ ਨੇ ਤਿੱਖੇ, ਚਲਾਵੇਂ, ਸੰਜੀਦਾ ਤੇ ਸ਼ਰਾਰਤੀ ਸੁਆਲ ਪੁੱਛੇ। ਕਈ ਪੱਤਰਕਾਰਾਂ ਨੇ ਸੰਨੀ ਦੇ ਜੁਆਬ ਵਿਚੋਂ ਹੀ ਆਪਣੀ ਖ਼ਬਰ ਦੀ ਲੀਡ ਬਣਾਉਣ ਦਾ ਇਰਾਦਾ ਕਰਦਿਆਂ ਸੁਆਲ ਨਹੀਂ ਵੀ ਕੀਤੇ ਸਨ। ਜਦੋਂ ਸੁਆਲਾਂ ਦਾ ਸਿਲਸਿਲਾ ਸਮਾਪਤ ਹੋ ਗਿਆ ਤਾਂ ਲਤਾ ਨੇ ਕਿਹਾ, “ਪੱਤਰਕਾਰ ਦੋਸਤਾਂ ਨੇ ਬਹੁਤ ਹੀ ਵੰਨ-ਸੁਵੰਨੇ ਸੁਆਲ ਪੁੱਛੇ ਹਨ। ਹੁਣ ਇਹ ਦੇਖਣਾ ਬਾਕੀ ਹੈ ਕਿ ਸਾਡੀ ਮਹਿਮਾਨ ਤੇ ‘ਬਰਥਡੇ ਗਰਲ’ ਇਨ੍ਹਾਂ ਸੁਆਲਾਂ ਤੇ ਉਨ੍ਹਾਂ ਦੀ ਵੰਨ-ਸੁਵੰਨਤਾ ਨਾਲ਼ ਕਿਵੇਂ ਡੀਲ ਕਰਦੀ ਏ। ਇਸ ਤੋਂ ਪਹਿਲਾਂ ਕਿ ਸੰਨੀ ਤੁਹਾਡੇ ਸੁਆਲਾਂ ਦੇ ਜੁਆਬ ਦੇਣੇ ਸ਼ੁਰੂ ਕਰੇ, ਮੈਂ ਇਕ ਵਾਰ ਫਿਰ ਗੁਜ਼ਾਰਿਸ਼ ਕਰਦੀ ਹਾਂ ਕਿ ਸੁਆਲਾਂ-ਜੁਆਬਾਂ ਦਾ ਸਿਲਸਿਲਾ ਖ਼ਤਮ ਹੋਣ ਮਗਰੋਂ ਤੁਸੀਂ ਸਾਰਿਆਂ ਨੇ ਕੇਕ ਕੱਟਣ ਦੀ ਰਸਮ ਵਿਚ ਵੀ ਹਿੱਸਾ ਲੈਣਾ ਏ ਤੇ ਡਿਨਰ ਵੀ ਜ਼ਰੂਰ ਕਰਨਾ ਹੈ। ਸੋ ਬੇਨਤੀ ਹੈ ਕਿ ਸੰਨੀ ਦੇ ਜੁਆਬ ਸੁਣ ਕੇ ਪੰਡਾਲ ਦੇ ਦੂਜੇ ਹਿੱਸੇ ਵਿਚ ਤਸ਼ਰੀਫ਼ ਲੈ ਜਾਣਾ। ਤੇ ਹੁਣ ਮੈਂ ਆਪਣੀ ਪਿਆਰੀ ਅਦਾਕਾਰਾ ਸੰਨੀ ਅਗਰਵਾਲ ਯਾਨੀ ਸੰਨੀ ਹੌਂਡਾ ਉਰਫ਼ ਸੰਨੀ ... ਨੂੰ ਮਾਈਕਰੋਫੋਨ ਦੇ ਕੇ, ਤੁਹਾਡੇ ਵਿਚਕਾਰੋਂ ਹਟ ਜਾਨੀ ਹਾਂ। ਤੇ ਹੁਣ ਸੰਨੀ! ਸੰਨੀ!! ਤੇ ਸਿਰਫ਼ ਸੰਨੀ!!!”

ਸੰਨੀ ਨੇ ਲਤਾ ਤੋਂ ਮਾਈਕਰੋਫੋਨ ਫੜ ਕੇ, ਬਹੁਤ ਹੀ ਠਰ੍ਹੰਮੇ ਨਾਲ਼ ਅੰਗਰੇਜ਼ੀ ਵਿਚ ਬੋਲਣਾ ਸ਼ੁਰੂ ਕੀਤਾ, “ਮੀਡੀਆ ਦੇ ਮਾਲਕੋ! ਅੱਜ, ਚਾਲੀ ਸਾਲਾਂ ਦੀ ਹੋ ਕੇ, ਤੁਹਾਡੀ ਅਦਾਲਤ ਦੇ ਕਟਹਿਰੇ ਵਿਚ, ਤੁਹਾਡੇ ਵੱਲੋਂ ਪੁੱਛੇ ਗਏ ਸੁਆਲਾਂ ਦੇ ਜੁਆਬ ਕਿਸ ਭਾਸ਼ਾ ਵਿਚ ਦੇਣੇ ਸ਼ੁਰੂ ਕਰਾਂ, ਇਹ ਸੋਚ ਰਹੀ ਹਾਂ। ਮੈਂ ਚਾਹੁੰਨੀਂ ਸਾਂ ਕਿ ਮੈਂ ਤੁਹਾਡੇ ਸੁਆਲਾਂ ਦੇ ਜੁਆਬ ਆਪਣੀ ਮਾਂ-ਬੋਲੀ ਵਿਚ ਦੇਵਾਂ, ਪਰ ਕੀ ਕਰਾਂ! ਜਦੋਂ ਮੈਂ ਜੰਮੀ ਸੀ ਤਾਂ ਮੇਰੀ ਮਾਂ ਨੂੰ ਅੰਗਰੇਜ਼ੀ ਚੜ੍ਹੀ ਹੋਈ ਸੀ। ਮੈਂ ਆਪਣੀ ਮਾਂ-ਬੋਲੀ, ਆਪਣੀ ਮਾਂ ਤੋਂ ਅੰਗਰੇਜ਼ੀ ਵਿਚ ਹੀ ਸਿੱਖੀ ਸੀ। ਹੁਣ ਮੈਂ ਜਹਾਨ ਦੇ ਬਹੁਤ ਸਾਰੇ ਮੁਲਕ ਵਿਜ਼ਿਟ ਕਰ ਚੁੱਕੀ ਹਾਂ ਤੇ ਉਨ੍ਹਾਂ ਮੁਲਕਾਂ ਦੇ ਮੀਡੀਆ-ਮਾਲਕਾਂ ਦਾ ਸਾਹਮਣਾ ਵੀ ਕਰ ਚੁੱਕੀ ਹਾਂ। ਇਸ ਦੌਰਾਨ ਮੈਂ, ਆਪਣੀ ਖ਼ਾਤਰ ਹੀ ਇਕ ਭਾਸ਼ਾ ਡਿਵੈਲਪ ਕੀਤੀ ਏ, ਜਿਸ ਨੂੰ ਮੈਂ ‘ਮਨ ਦੀ ਭਾਸ਼ਾ’ ਕਹਿੰਦੀ ਹਾਂ। ਮੇਰੀ ਗੱਲ, ਜੋ ਮੇਰੇ ‘ਮਨ ਕੀ ਬਾਤ’ ਹੋਵੇਗੀ...।” ਇੰਨੀ ਗੱਲ ਸੁਣ ਕੇ ਕੁਝ ਪੱਤਰਕਾਰਾਂ ਦੇ ਠਹਾਕੇ ਨਿੱਕਲ ਗਏ, ਕਿਉਂ ਕਿ ਉਨ੍ਹਾਂ ਨੂੰ ਇਕ ਸਿਆਸਤਦਾਨ ਵੱਲੋਂ ਕੀਤੀ ਜਾਂਦੀ ‘ਮਨ ਕੀ ਬਾਤ’ ਦਾ ਚੇਤਾ ਆ ਗਿਆ ਸੀ।

“ਤੁਸੀਂ ਇਕੋ ਹੀ ‘ਮਨ ਕੀ ਬਾਤ’ ਸੁਣਨ ਦੇ ਆਦੀ ਹੋ। ਅਸਲ ਵਿਚ ਮੈਂ ਹਾਲੇ ਇਹ ਗੱਲ ਕਹਿਣੀ ਸੀ ਕਿ ਇਹ ਮੇਰੇ ਹੀ ‘ਮਨ ਕੀ ਬਾਤ’ ਹੋਵੇਗੀ, ਕਿਉਂ ਕਿ ਇਹ ‘ਮਨ ਦੀ ਭਾਸ਼ਾ’ ਰਾਹੀਂ ਹੀ ਕਹੀ-ਕੀਤੀ ਜਾਵੇਗੀ। ਮੈਂ ਤੁਹਾਡੇ ਵੱਲੋਂ ਸੁਆਲ ਪੁੱਛਣ ਦੀ ਤਰਤੀਬ ਵਿਚ ਹੀ ਸੁਆਲਾਂ ਦੇ ਜੁਆਬ ਨਹੀਂ ਦੇ ਸਕਾਂਗੀ, ਪਰ ਕੋਸ਼ਿਸ਼ ਕਰਾਂਗੀ ਕਿ ਅੱਗੜ-ਪਿੱਛੜ ਹੀ ਸਹੀ, ਸਭ ਦੇ ਸੁਆਲਾਂ ਦੇ ਜੁਆਬ ਦੇਵਾਂ। ਹਾਂ, ਫਿਰ ਵੀ ਕਿਸੇ ਦੋਸਤ ਦੇ ਸੁਆਲ ਦਾ ਜੁਆਬ ਰੁਲ਼ਦਾ ਦਿਸੇ ਤਾਂ ਉਹ, ਆਪਣਾ ਸੁਆਲ ਯਾਦ ਕਰਾ ਕੇ, ਉਸ ਦਾ ਜੁਆਬ ਮੰਗਣ ਦਾ ਹੱਕਦਾਰ ਹੋਏਗਾ। ਜਦੋਂ ਤੁਸੀਂ ਮੈਨੂੰ ਸੁਆਲ ਕਰ ਰਹੇ ਸੀ ਤਾਂ ਮੈਂ ਤੁਹਾਡੇ ਸੁਆਲ ਸੁਣਦੀ-ਸੁਣਦੀ, ਤੁਹਾਡੇ ਵਿਚੋਂ ਹੀ, ਉਸ ਮੀਡੀਆ-ਸ਼ਖ਼ਸੀਅਤ ਨੂੰ ਲੱਭਦੀ ਰਹੀ, ਜਿਸ ਦੇ ਟੋਟਰ ਦੀ ਚਮਕ ਅੱਗੇ, ਚੰਦ ਵੀ ਸ਼ਰਮਾਅ ਜਾਂਦਾ ਏ। ਉਸ ਸ਼ਖ਼ਸ ਦਾ ਕਮਾਲ ਇਹ ਹੈ ਕਿ ਉਹ, ਇਕੋ ਹੀ ਸੁਆਲ, ਪੰਜਾਹ ਵੱਖ-ਵੱਖ ਸ਼ਕਲਾਂ ਵਿਚ ਪੁੱਛ ਸਕਦੈ। ਹੈ ਨਾ ਕਮਾਲ? ਮੈਂ ਉਨ੍ਹਾਂ ਦੀ ਗ਼ੈਰਹਾਜ਼ਰੀ ਵਿਚ ਉਨ੍ਹਾਂ ਦਾ ਨਾਂ ਨਹੀਂ ਲਵਾਂਗੀ।” ਇਹ ਕਹਿ ਕੇ ਸੰਨੀ ਨੇ ਕੁਝ ਦਮ ਲਿਆ ਤੇ ਸਾਹਮਣੇ ਰੱਖੇ ਡਰਿੰਕ ਵਿਚੋਂ ਇਕ ਘੁੱਟ ਭਰ ਲਿਆ।

**(ਬਾਕੀ ਅਗਲੇ ਅੰਕ ਵਿੱਚ)**

# ਮਿਲਵਾਕੀ (ਵਿਸਕਾਨਸਿਨ) ਵਿੱਚ ਤੀਆਂ ਦਾ ਮੇਲਾ...

## "Teeyan Da Mela" in Milwaukee (WI)






'ਤੀਆਂ ਦੇ ਮੇਲੇ' ਦੀਆਂ ਪ੍ਰਬੰਧਕ ਬੀਬੀਆਂ

## 27 ਜੁਲਾਈ 2025 (ਐਤਵਾਰ)

ਦੁਪਹਿਰ 1 ਤੋਂ ਸ਼ਾਮ 6 ਵਜੇ ਤੱਕ

**Venue: Crowne Plaza Milwaukee**

6401 S. 13th Street, Milwaukee, WI 53221

***Food *Giddha *Singing *Prizes**
***Bhangra *Open Dance Floor**

**Tickets:** Adults $30; Children 5+ $10
Children Under 5 Free

Email: MilwaukeeTeeyan@gmail.com
to register your performance.
On the spot performance will not be accepted this year.
Limit 1 performance per group.

## Singer

**Harmanpeet Kaur**

Winner of "Awaaz Punjab Di - MH1"
Voice of Punjab PTC
India's got talent - Colors TV



**Gold Sponsor**



Charnjeet Kaur

**Chief Guest:**
**Mrs. Debra Dhaliwal**
(wife of Mr. Darshan Singh Dhaliwal)

## Organizers Contact:

Happy Chahal: 414-712-6568 - Harjinder Soos: 414-530-5699
Pinku Sandhawalia: 414-708-2035 - Gurdeep Chahal: 414-861-7395
Jas Kaur, Harpreet Toor, Mini Toor, Baljit Gill, Reena Aulakh,
Harjeet Boparai, Raman Hansi

**Vendor Partners & Sponsors:**
Café India (Milwaukee) - DJ Desi Vibes - Asian Diva Salon (Milwaukee)
Water Stone Bank - Regal Jewels - Dream Decor By Kiran
Punjabi Community Organization (PCO) Milwaukee